ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 7 | Issue 06 | 07 February 2018 to 13 February 2018 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

# ਟਾਈਟਲਰ ਨੇ ਕੀਤਾ 100 ਸਰਦਾਰਾਂ ਦੇ ਕਤਲ ਦਾ ਇਕਬਾਲ !

## ਦਿੱਲੀ ਕਮੇਟੀ ਵੱਲੋਂ ਕਾਂਗਰਸੀ ਆਗੂ ਦੀ ਗੱਲਬਾਤ ਸਬੰਧੀ ਸਨਸਨੀਖੇਜ਼ ਵੀਡੀਓ ਦੇ 5 ਹਿੱਸੇ ਜਾਰੀ

**ਨਵੀਂ ਦਿੱਲੀ/ਸਿੱਖ ਸਿਆਸਤ ਬਿਊਰੋ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਕਾਂਗਰਸ ਆਗੂ ਜਗਦੀਸ਼ ਟਾਈਟਲਰ ਦੇ 5 ਵੀਡੀਓ ਕਲਿੱਪ ਮੀਡੀਆ ਸਾਹਮਣੇ ਜਾਰੀ ਕਰਕੇ ਸੀਨੀਅਰ ਕਾਂਗਰਸੀ ਆਗੂਆਂ ਦੇ 84 ਦੇ ਸਿੱਖ ਕਤਲੇਆਮ ਵਿੱਚ ਸਿੱਧਾ ਹੱਥ ਹੋਣ ਸਬੰਧੀ ਨਵੇਂ ਤੱਥ ਸਾਹਮਣੇ ਲਿਆਂਦੇ ਹਨ। ਦਿੱਲੀ ਦੇ ਉੱਘੇ ਸਿੱਖ ਆਗੂ ਤੇ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਬੀਤੇ ਦਿਨ ਇੱਥੇ ਕਾਸ਼ਟੀਟਿਊਸ਼ਨਲ ਕਲਬ ਵਿਖੇ ਕਾਹਲੀ 'ਚ ਬੁਲਾਈ ਪ੍ਰੈਸ ਕਾਨਫਰੰਸ ਮੌਕੇ ਸਨਸਨੀਖੇਜ਼ ਤੱਥ ਪੇਸ਼ ਕਰਦਿਆਂ ਦਾਅਵਾ ਕੀਤਾ ਹੈ ਕਿ ਇਨ੍ਹਾਂ ਵਿੱਚ ਟਾਈਟਲਰ ਵੱਲੋਂ ਨਵੰਬਰ 1984 ਸਿੱਖ ਕਤਲੇਆਮ 'ਚ 100 ਸਿੱਖਾਂ ਦਾ ਕਤਲ ਕਬੂਲ ਕੀਤਾ।

ਮਨਜੀਤ ਸਿੰਘ ਜੀ.ਕੇ. ਨੇ ਦੱਸਿਆ ਕਿ 3 ਫਰਵਰੀ 2018 ਨੂੰ ਦੁਪਹਿਰ ਵੇਲੇ ਉਨ੍ਹਾਂ ਦੇ ਘਰ ਗ੍ਰੇਟਰ ਕੈਲਾਸ਼ 'ਚ ਸੁਰੱਖਿਆ ਕਰਮੀ ਨੂੰ ਕੋਈ ਅਣਪੱਛਾਤਾ ਵਿਅਕਤੀ ਇੱਕ ਚਿੱਟਾ ਲਿਫਾਫਾ ਦੇ ਕੇ ਗਿਆ ਸੀ। ਜੀ.ਕੇ. ਨੇ ਦੱਸਿਆ

ਬਾਕੀ ਸਫ਼ਾ 29 'ਤੇ



### ਜਗਦੀਸ਼ ਟਾਈਟਲਰ ਨੂੰ ਕਲੀਨ ਚਿੱਟ ਦੇਣ ਲਈ ਅਮਰਿੰਦਰ ਸਿੰਘ ਮਾਫ਼ੀ ਮੰਗੇ: ਜਰਨੈਲ ਸਿੰਘ

**ਨਵੀਂ ਦਿੱਲੀ/ਪੱਤਰ ਪ੍ਰੇਰਕ:** ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਸਾਬਕਾ ਵਿਧਾਇਕ ਜਰਨੈਲ ਸਿੰਘ ਨੇ ਮੰਗ ਕੀਤੀ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸਿੱਖ ਕਤਲੇਆਮ ਦੇ ਮੁਕੱਦਮਿਆਂ ਵਿੱਚ ਨਾਮਜ਼ਦ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਨੂੰ 'ਕਲੀਨ ਚਿੱਟ' ਦੇਣ ਲਈ ਸਿੱਖਾਂ ਕੋਲੋਂ ਮੁਆਫ਼ੀ ਮੰਗਣ। ਉਨ੍ਹਾਂ ਕਿਹਾ ਕਿ ਅੱਜ ਹੋਏ ਨਵੇਂ ਖ਼ੁਲਾਸਿਆਂ ਨੂੰ ਸੁਪਰੀਮ ਕੋਰਟ ਵੱਲੋਂ ਬਣਾਈ ਗਈ 'ਵਿਸ਼ੇਸ਼ ਜਾਂਚ ਟੀਮ ਸਾਹਮਣੇ ਸਬੂਤਾਂ ਸਮੇਤ ਪੇਸ਼ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਕਾਂਗਰਸ ਇਸ ਦਾਗ਼ੀ ਆਗੂ ਨੂੰ ਪਾਰਟੀ ਵਿੱਚੋਂ ਬਾਹਰ ਕੱਢੇ। ''ਆਪ' ਦੇ ਦਾਖ਼ਾ (ਪੰਜਾਬ)

ਬਾਕੀ ਸਫ਼ਾ 29 'ਤੇ

### ਟਾਈਟਲਰ ਖਿਲਾਫ਼ ਤੁਰੰਤ ਕਾਰਵਾਈ ਹੋਵੇ : ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ/ਬਿਊਰੋ ਨਿਊਜ਼:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਨਵੰਬਰ 1984 ਵਿੱਚ ਦਿੱਲੀ ਸਮੇਤ ਦੇਸ਼ ਦੇ ਕਈ ਸ਼ਹਿਰਾਂ ਵਿੱਚ ਵਾਪਰੇ ਸਿੱਖ ਕਤਲੇਆਮ ਦੇ ਮਾਮਲੇ ਵਿੱਚ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਨੂੰ ਗ੍ਰਿਫ਼ਤਾਰ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਜਗਦੀਸ਼ ਟਾਈਟਲਰ ਦੇ ਆਏ ਇੱਕ ਬਿਆਨ ਕਿ ਸਿੱਖ ਕਤਲੇਆਮ ਸਮੇਂ ਉਸ ਨੇ ਮਰਹੂਮ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨਾਲ ਗੱਡੀ ਵਿਚ ਬੈਠ ਕੇ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ ਸੀ, ਤੋਂ ਬਾਅਦ ਹੁਣ ਉਸ ਦੀ ਇੱਕ ਵੀਡਿਓ ਵਾਇਰਲ ਹੋਈ ਹੈ।

ਬਾਕੀ ਸਫ਼ਾ 29 'ਤੇ

## ਲਸ਼ਕਰ ਦਾ ਸ੍ਰੀਨਗਰ 'ਚ ਵੱਡਾ ਕਾਰਾ

### ਹਸਪਤਾਲ 'ਚੋਂ ਦਿਨ ਦਿਹਾੜੇ ਛੁਡਾਇਆ ਨਾਮੀ ਦਹਿਸ਼ਤਗਰਦ

**ਸ੍ਰੀਨਗਰ/ਬਿਊਰੋ ਨਿਊਜ਼:** ਜੰਮੂ-ਕਸ਼ਮੀਰ ਦੀ ਗਰਮੀਆਂ ਦੀ ਰਾਜਧਾਨੀ ਵਾਲੇ ਸ੍ਰੀਨਗਰ ਸ਼ਹਿਰ ਦੇ ਉੱਚ ਸੁਰੱਖਿਆ ਵਾਲੇ ਇਲਾਕੇ 'ਚ ਪੈਂਦੇ ਐਸਐਮਐਚਐਸ ਹਸਪਤਾਲ ਕੰਪਲੈਕਸ ਅੰਦਰ ਲਸ਼ਕਰ-ਏ-ਤੋਇਬਾ ਨੇ ਮੰਗਲਵਾਰ ਨੂੰ ਪੁਲੀਸ ਟੀਮ 'ਤੇ ਹਮਲਾ ਕਰਕੇ ਖ਼ਤਰਨਾਕ ਪਾਕਿਸਤਾਨੀ ਦਹਿਸ਼ਤਗਰਦ ਮੁਹੰਮਦ ਨਾਵੀਦ ਜੱਟ (22 ਸਾਲ) ਉਰਫ਼ ਅਬੂ ਹੰਜ਼ਾਲਾ ਨੂੰ ਛੁਡਵਾ ਲਿਆ। ਦਹਿਸ਼ਤਗਰਦਾਂ ਦੇ ਹਮਲੇ 'ਚ ਦੋ ਪੁਲੀਸ ਕਰਮੀਆਂ ਦੀ ਮੌਤ ਹੋ ਗਈ। ਪੁਲੀਸ ਅਧਿਕਾਰੀ ਨੇ ਦੱਸਿਆ ਕਿ ਦਿਨ ਦਿਹਾੜੇ



ਮੁਹੰਮਦ ਨਾਵੀਦ ਜੱਟ

ਕੀਤੇ ਗਏ ਹਮਲੇ ਤੋਂ ਬਾਅਦ ਦਹਿਸ਼ਤਗਰਦ ਸ਼ਹਿਰ ਦੀਆਂ ਤੰਗ ਗਲੀਆਂ 'ਚੋਂ ਗੁਜ਼ਰਦੇ ਹੋਏ

ਬਾਕੀ ਸਫ਼ਾ 29 'ਤੇ

## ਮਾਲਦੀਵ ਵਿਚਲਾ ਰਾਜਸੀ ਸੰਕਟ ਹੋਰ ਗੰਭੀਰ

### ਭਾਰਤ ਫ਼ੌਜੀ ਦਖ਼ਲ ਦੇਵੇ : ਸਾਬਕਾ ਰਾਸ਼ਟਰਪਤੀ ਨਾਸ਼ੀਦ

**ਕੋਲੰਬੋ,ਮਾਲੇ/ਬਿਊਰੋ ਨਿਊਜ਼** ਮਾਲਦੀਵਜ਼ 'ਚ ਰਾਸ਼ਟਰਪਤੀ ਅਬਦੁੱਲਾ ਯਾਮੀਨ ਵੱਲੋਂ ਐਮਰਜੈਂਸੀ ਲਾਏ ਜਾਣ ਅਤੇ ਚੀਫ਼



ਜਸਟਿਸ ਅਬਦੁੱਲਾ ਸਈਦ ਤੇ ਇਕ ਹੋਰ ਜੱਜ ਅਲੀ ਹਮੀਦ ਨੂੰ ਗ੍ਰਿਫ਼ਤਾਰ ਕਰਨ ਮਗਰੋਂ ਜਲਾਵਤਨ ਸਾਬਕਾ ਰਾਸ਼ਟਰਪਤੀ ਮੁਹੰਮਦ ਨਾਸ਼ੀਦ ਨੇ ਭਾਰਤ ਤੋਂ ਸਿਆਸੀ ਸੰਕਟ ਦੇ ਹੱਲ ਲਈ ਕੂਟਨੀਤਕ ਤੇ ਫ਼ੌਜੀ ਪੱਧਰ 'ਤੇ ਦਖ਼ਲ ਦੇਣ ਦੀ ਮੰਗ ਕੀਤੀ ਹੈ। ਇਕ ਹੋਰ ਸਾਬਕਾ ਰਾਸ਼ਟਰਪਤੀ ਮੈਮੂਨ ਅਬਦੁੱਲ ਗਯੂਮ ਨੂੰ ਘਰ 'ਚ ਨਜ਼ਰਬੰਦ ਕਰ ਦਿੱਤਾ ਗਿਆ ਹੈ। ਨਾਸ਼ੀਦ, ਜਿਨ੍ਹਾਂ ਦੀ ਮਾਲਦੀਵਿਅਨ ਡੈਮੋਕਰੇਟਿਕ ਪਾਰਟੀ (ਐਮਡੀਪੀ) ਕੋਲੰਬੋ ਤੋਂ ਕੰਮਕਾਰ ਕਰਦੀ ਹੈ, ਨੇ ਭਾਰਤ ਤੋਂ ਸਹਾਇਤਾ ਦੀ ਅਪੀਲ ਕੀਤੀ ਹੈ। ਐਮਡੀਪੀ ਵੱਲੋਂ ਕੋਲੰਬੋ ਤੋਂ ਜਾਰੀ ਬਿਆਨ 'ਚ

ਬਾਕੀ ਸਫ਼ਾ 08 'ਤੇ

## ਵਿਚਾਰਾਂ ਦੀ ਆਜ਼ਾਦੀ ਨੂੰ ਕੋਈ ਨਹੀਂ ਦਬਾਅ ਸਕਦਾ: ਡਾ. ਮਨਮੋਹਨ ਸਿੰਘ

### ਵਿਸ਼ਵ ਪੰਜਾਬੀ ਕਾਨਫਰੰਸ 'ਚ ਪੰਜਾਬੀ ਭਾਸ਼ਾ ਤੇ ਸਾਹਿਤ ਬਾਰੇ ਗੰਭੀਰ ਵਿਚਾਰ ਵਟਾਂਦਰਾ

**ਨਵੀਂ ਦਿੱਲੀ/ਬਿਊਰੋ ਨਿਊਜ਼:** ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਭਾਰਤ ਵਿੱਚ ਸੱਤਾਧਾਰੀ ਧਿਰ ਵਾਲਿਆਂ ਵਲੋਂ ਵਿਰੋਧੀ ਧਿਰ ਨੂੰ ਖ਼ਤਮ ਕਰਨ ਅਤੇ ਵਿਚਾਰਾਂ ਦੀ ਆਜ਼ਾਦੀ ਉੱਤੇ ਲਾਈਆਂ ਪਾਬੰਦੀਆਂ ਦੀ ਅਸਿੱਧੇ ਤੌਰ ਉੱਤੇ ਨਿਖੇਧੀ ਕਰਦਿਆਂ ਕਿਹਾ ਕਿ ਵਿਚਾਰਾਂ ਦੇ ਪ੍ਰਗਟਾਵੇ ਨੂੰ ਦਬਾਇਆ ਨਹੀਂ ਜਾ ਸਕਦਾ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਤੇਗ਼ ਬਹਾਦਰ ਖ਼ਾਲਸਾ ਕਾਲਜ ਵਿੱਚ ਕਰਵਾਈ ਤਿੰਨ ਰੋਜ਼ਾ 'ਵਿਸ਼ਵ ਪੰਜਾਬੀ ਕਾਨਫਰੰਸ' ਦਾ ਉਦਘਾਟਨ ਡਾ. ਮਨਮੋਹਨ ਸਿੰਘ ਨੇ ਕਿਹਾ ਕਿ ਉੱਤਮ ਵਿਚਾਰਾਂ ਦੇ ਪ੍ਰਗਟਾਵੇ ਨੂੰ ਕਦੇ ਦਬਾਇਆ ਨਹੀਂ ਜਾ ਸਕਦਾ ਜਦੋਂਕਿ ਨੀਵੇਂ ਦਰਜੇ ਦੇ ਵਿਚਾਰ ਖ਼ੁਦ ਦਫ਼ਨ ਹੋ ਜਾਂਦੇ ਹਨ।

ਉਨ੍ਹਾਂ ਪੰਜਾਬੀ ਦੀ ਅਮੀਰੀ ਦੇ ਇਤਿਹਾਸਕ ਹਵਾਲੇ ਦਿੱਤੇ ਅਤੇ ਕਿਹਾ ਕਿ ਬਾਬਾ ਫ਼ਰੀਦ ਤੋਂ ਲੈ ਕੇ



ਦਿੱਲੀ ਵਿੱਚ ਸਾਬਕਾ ਪ੍ਰਧਾਨ ਡਾ. ਮਨਮੋਹਨ ਸਿੰਘ, ਡੀਐੱਸਜੀਐਮਸੀ ਪ੍ਰਧਾਨ ਮਨਜੀਤ ਸਿੰਘ ਜੀਕੇ ਤੇ ਹੋਰ ਕਾਨਫਰੰਸ ਦਾ ਕਿਤਾਬਚਾ ਰਿਲੀਜ਼ ਕਰਦੇ ਹੋਏ।

ਆਧੁਨਿਕ ਪੰਜਾਬੀ ਸਾਹਿਤ ਨੇ ਕ੍ਰਾਂਤੀਕਾਰੀ ਵਿਚਾਰ ਅਤੇ ਜਾਗਰੂਕਤਾ ਪੈਦਾ ਕੀਤੀ ਹੈ। ਅਣਵੰਡੇ ਪੰਜਾਬ ਵਿੱਚ ਹਿੰਦੂ ਤੇ ਸਿੱਖ ਔਰਤਾਂ ਦੇ ਜੀਵਨ ਵਿੱਚ ਜਪੁਜੀ ਸਾਹਿਬ ਤੇ ਸੁਖਮਨੀ ਸਾਹਿਬ ਦਾ ਅਹਿਮ ਸਥਾਨ ਸੀ ਅਤੇ ਗੁਰੂ ਨਾਨਕ ਦੇ ਆਗਮਨ ਮਗਰੋਂ ਪੰਜਾਬੀ ਦਾ ਕ੍ਰਾਂਤੀਕਾਰੀ ਮੁਹਾਵਰਾ ਹੋਂਦ ਵਿੱਚ ਆਇਆ। ਉਨ੍ਹਾਂ ਕਿਹਾ ਕਿ ਪੁਰਾਤਨ ਕਾਲ ਤੋਂ ਵਿਚਾਰਾਂ ਦਾ ਪ੍ਰਗਟਾਵਾ ਕੀਤਾ ਜਾਂਦਾ ਰਿਹਾ ਹੈ ਪਰ ਕਈ ਵਾਰ ਸਰਕਾਰਾਂ ਵਿਚਾਰਾਂ ਦੇ ਪ੍ਰਗਟਾਵੇ ਤੋਂ ਖ਼ਤਰਾ ਪੈਦਾ ਹੋਣ ਦੇ ਖ਼ਦਸ਼ੇ ਕਾਰਨ ਉਨ੍ਹਾਂ ਨੂੰ ਦਬਾਉਂਦੀਆਂ ਹਨ ਅਤੇ ਕਦੇ ਸਮਾਜ ਵਿੱਚੋਂ ਫ਼ਿਲਮਾਂ, ਨਾਟਕ ਜਾਂ ਪੇਂਟਿੰਗਾਂ ਤੋਂ ਧਾਰਮਿਕ ਭਾਵਨਾਵਾਂ ਨੂੰ ਠੇਸ ਪੁੱਜਣ ਕਰਕੇ ਵਿਰੋਧ ਕੀਤਾ ਜਾਂਦਾ ਹੈ। ਦਿੱਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਕਿਹਾ ਕਿ 1947 ਦੀ ਵੰਡ ਮਗਰੋਂ ਦਿੱਲੀ ਵਿੱਚ ਪੰਜਾਬੀਆਂ ਦਾ ਦਬਦਬਾ ਵਧਿਆ। ਸ੍ਰੀ ਜੀ.ਕੇ. ਨੇ ਕਾਲਜ ਵਿੱਚ ਕੌਮਾਂਤਰੀ ਪੰਜਾਬੀ ਕੇਂਦਰ ਸਥਾਪਤ ਕਰਨ ਦਾ ਐਲਾਨ ਕੀਤਾ। ਕਾਲਜ ਪ੍ਰਿੰਸੀਪਲ ਡਾ. ਜਸਵਿੰਦਰ ਸਿੰਘ ਨੇ ਮਹਿਮਾਨਾਂ

ਬਾਕੀ ਸਫ਼ਾ 08 'ਤੇ


















# GLOBAL MULTI SERVICES

## ONE STOP SHOP FOR ALL TRUCKING NEEDS

**Ask for Special Parking Rates. 1st Come 1st Serve.**

**Truck Parking Available for 500+ Trucks**

i5
TRUCK WASH AND REPAIR
GET A SHOWROOM SHINE, EVERY TIME

Ph.: 209-986-0338
info@i5truckwash.com
www.i5truckwash.com
1137 S Stockton St, Stockton CA 95206

HOME OF ALL TRUCKING SERVICES
GLOBAL TRUCK TERMINAL

Ph.: 800-696-3796
info@GlobalTruckTerminal.com
www.GlobalTruckTerminal.com
1801 E Charter Way, Stockton CA 95205

## Services We Offer:

On site IRP Plate - License Plates - IFTA - Fuel Tax Return
New Mexico & Kentucky Permit - Dot - MC Authority - UCR Permits
Corporation Filing - 2290 Filing - Canadian Permits
Title Transfer etc.

General Truck & Trailer Repair - Brakes - Oil Change
BIT Inspection - Annual Inspection - Transmission
Truck & Trailer Alignment - New & Used Tires - Wheel Balancing
DPF Cleaning & Truck Wash etc.

**Call Maneet Deol for more info : 209-982-9996**

# ਗੁਰਮਤਿ ਸੰਗੀਤ ਵਿਚ ਬਸੰਤ ਰੁੱਤ ਅਤੇ ਬਸੰਤ ਰਾਗ ਦਾ ਵਿਸ਼ੇਸ਼ ਮਹੱਤਵ : ਡਾ. ਗੁਰਨਾਮ ਸਿੰਘ

### *ਗੁਰਦੁਆਰਾ ਸਾਹਿਬ ਸਿੰਘ ਸਭਾ ਬੇ-ਏਰੀਆ ਮਿਲਪੀਟਸ ਵਿਖੇ ਬਸੰਤ ਸੈਮੀਨਾਰ*





**ਮਿਲਪੀਟਸ/ਬਿਊਰੋ ਨਿਊਜ਼,** ਬੀਤੇ ਦਿਨੀਂ ਗੁਰਦੁਆਰਾ ਸਾਹਿਬ ਸਿੰਘ ਸਭਾ ਬੇ-ਏਰੀਆ ਮਿਲਪੀਟਸ ਵਿਖੇ ਬਸੰਤ ਸੈਮੀਨਾਰ ਕਰਵਾਇਆ ਗਿਆ ਜਿਸ ਵਿਚ ਪੰਥ ਦੇ ਪ੍ਰਸਿੱਧ ਗੁਰਮਤਿ ਸੰਗੀਤ ਅਚਾਰੀਆ ਡਾ. ਗੁਰਨਾਮ ਸਿੰਘ ਜੀ, ਫਾਊਂਡਰ ਐਂਡ ਹੈੱਡ ਗੁਰਮਤਿ ਸੰਗੀਤ ਚੇਅਰ ਅਤੇ ਗੁਰਮਤਿ ਸੰਗੀਤ ਵਿਭਾਗ, ਡੀਨ ਫੈਕਲਟੀ ਆੱਫ ਆਰਟਸ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਗੁਰਮਤਿ ਸੰਗੀਤ ਵਿਚ ਬਸੰਤ ਰੁੱਤ ਅਤੇ ਬਸੰਤ ਰਾਗ ਬਾਰੇ ਸੰਗਤਾਂ ਨੂੰ ਵਿਸ਼ੇਸ਼ ਜਾਣਕਾਰੀ ਦਿਤੀ। ਇਸ ਮੌਕੇ ਡਾ. ਦਲਜੀਤ ਸਿੰਘ ਜੀ ਸਾਬਕਾ ਵਾਇਸ ਚਾਂਸਲਰ ਰਯਾਤ-ਬਾਹਰਾ ਯੂਨੀਵਰਸਿਟੀ ਸ਼ਿਮਲਾ ਵੀ ਸਾਮਿਲ ਹੋਏ।

ਸੈਮੀਨਾਰ ਦੀ ਆਰੰਭਤਾ ਡਾ. ਪ੍ਰਿਤਪਾਲ ਸਿੰਘ ਨੇ ਸਵਾਗਤੀਂ ਭਾਸ਼ਣ ਨਾਲ ਕੀਤੀ ਅਤੇ ਡਾ. ਗੁਰਨਾਮ ਸਿੰਘ ਜੀ ਨੂੰ ਸੰਗਤ ਦੇ ਰੂਬਰੂ ਹੋਣ ਲਈ ਬੇਨਤੀ ਕੀਤੀ । ਡਾ. ਗੁਰਨਾਮ ਸਿੰਘ ਨੇ ਕਿਹਾ ਕਿ ਗੁਰਮਤਿ ਸੰਗੀਤ ਵਿਚ ਬਸੰਤ ਰੁੱਤ ਅਤੇ ਬਸੰਤ ਰਾਗ ਦਾ ਵਿਸ਼ੇਸ਼ ਮਹੱਤਵ ਹੈ। ਉਨ੍ਹਾਂ ਦਸਿਆ ਕਿ ਗੁਰਮਤਿ ਸੰਗੀਤ ਵਿਚ ਮਾਘੀ ਦੀ ਸੰਗਰਾਂਦ ਤੋਂ ਲੈ ਕੇ ਹੋਲੇ ਮਹੱਲੇ ਤੱਕ ਬਸੰਤ ਰਾਗ ਗਾਉਣ ਦੀ ਪਰੰਪਰਾ ਹੈ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਲੋਹੜੀ ਦੀ ਰਾਤ ਨੂੰ ਪ੍ਰਮੁੱਖ ਤੌਰ ਤੇ ਅਰਦਾਸ ਕਰਕੇ ਬਸੰਤ ਰਾਗ ਖੋਲਣ ਦੀ ਆਗਿਆ ਲਈ ਜਾਂਦੀ ਹੈ । ਉਪਰੰਤ ਹੋਲੇ ਮਹੱਲੇ ਤੱਕ ਹਰ ਇਕ ਕੀਰਤਨੀ ਚੌਕੀ ਵਿਚ ਬਸੰਤ ਰਾਗ ਗਾਉਣ ਦੀ ਪਰੰਪਰਾ ਹੈ ਅਤੇ ਹਰ ਇੱਕ ਕੀਰਤਨ ਚੌਕੀ ਦੀ ਸਮਾਪਤੀ ਬਸੰਤ ਦੀ ਵਾਰ ਦਾ ਗਾਇਨ ਕਰਕੇ ਕੀਤੀ ਜਾਂਦੀ ਹੈ।

ਉਨ੍ਹਾਂ ਨੇ ਸੰਗਤ ਨੂੰ ਇਹਨਾਂ ਪਰੰਪਰਾਵਾਂ ਦੀ ਸੰਭਾਲ ਕਰਨ ਲਾਈ ਬੇਨਤੀ ਕੀਤੀ ਤਾਂ ਕੇ ਅਸੀ ਆਪਣੀ ਆਉਣ ਵਾਲੀ ਪੀੜੀ ਨੂੰ ਆਪਣੇ ਇਸ ਤੋਂ ਜਾਣੂ ਕਰਵਾ ਸਕੀਏ। ਉਪਰੰਤ ਡਾ. ਦਲਜੀਤ ਸਿੰਘ ਨੇ ਇਸ ਵਡਮੁੱਲੀ ਜਾਣਕਾਰੀ ਦੇਣ ਲਈ ਡਾ. ਗੁਰਨਾਮ ਸਿੰਘ ਦਾ ਵਿਸ਼ੇਸ਼ ਧੰਨਵਾਦ ਕੀਤਾ ।

ਅੰਤ ਵਿਚ ਸ. ਜਸਵੰਤ ਸਿੰਘ ਹੋਠੀ ਨੇ ਸਮੂਹ ਸਾਧ ਸੰਗਤ ਦਾ ਧੰਨਵਾਦ ਕੀਤਾ ਅਤੇ ਭਵਿੱਖ ਵਿਚ ਵੀ ਅਜਿਹੇ ਉਪਰਾਲੇ ਕਰਨ ਲਈ ਯਕੀਨ ਦਵਾਇਆ।

# ਵਰਲਡ ਸਿੱਖ ਕਨਵੈਨਸ਼ਨ 3 ਅਤੇ 4 ਮਾਰਚ 2018 ਨੂੰ ਨਿਊਯਾਰਕ ਵਿਚ

### ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਵੱਲੋਂ ਸਭਨਾਂ ਪੰਥ ਦਰਦੀਆਂ ਨੂੰ ਸ਼ਾਮਲ ਹੋਣ ਦਾ ਸੱਦਾ

**ਵਾਸ਼ਿੰਗਟਨ/_ਸਨ ਲੜੋਆ ਬੰਗਾ :** ਨਵੀਂ ਦਿੱਲੀ ਦੀ ਤਿਹਾੜ ਜੇਲ੍ਹ 'ਚ ਨਜ਼ਰਬੰਦ ਸਿੱਖ ਖਾੜਕੂ ਅਤੇ ਸਰਬਤ ਖਾਲਸਾ ਵਲੋਂ ਥਾਪੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਵੱਲੋਂ ਦਿੱਤੇ ਸੰਦੇਸ਼ ਅਨੁਸਾਰ 'ਵਰਲਡ ਸਿੱਖ ਕਨਵੈਨਸ਼ਨ' 3 ਅਤੇ 4 ਮਾਰਚ 2018 ਨੂੰ ਕਰਾਉਣ ਦਾ ਫੈਸਲਾ ਕੀਤਾ ਹੈ। ਇਹ ਸੰਦੇਸ਼ ਭਾਈ ਹਵਾਰਾ ਵੱਲੋਂ ਹੱਥ ਲਿਖਤ ਤੌਰ 'ਤੇ ਦਿੱਤਾ ਗਿਆ ਹੈ ਜਿਸ ਵਿਚ ਸਮੁੱਚੀ ਸਿੱਖ ਕੌਮ ਨੂੰ ਇਕਮੁੱਠ ਹੋ ਕੇ ਸਿੱਖ ਮਸਲੇ ਹੱਲ ਕਰਨ ਲਈ ਕਿਹਾ ਗਿਆ ਹੈ ਅਤੇ ਵਰਲਡ ਸਿੱਖ ਕਨਵੈਨਸ਼ਨ ਵਿਚ ਸਮੁੱਚੀ ਸਿੱਖ ਕੌਮ ਨੂੰ ਪੁੱਜਣ ਲਈ ਸੱਦਾ ਦਿੱਤਾ ਹੈ।

ਵਰਲਡ ਸਿੱਖ ਕਨਵੈਨਸ਼ਨ ਦੇ ਪ੍ਰਬੰਧਕ ਮੈਂਬਰਾਂ ਵੱਲੋਂ ਇਸ ਸਬੰਧੀ ਸੱਦਾ ਪੱਤਰ ਦੇਣ ਦਾ ਇਕ ਪੋਸਟਰ ਵੀ ਜਾਰੀ ਕੀਤਾ ਗਿਆ, ਭਾਈ ਜਗਤਾਰ ਸਿੰਘ ਹਵਾਰਾ ਨੇ ਸਿੱਖ ਕੌਮ ਨੂੰ ਸੱਦਾ ਪੱਤਰ ਦਿੰਦਿਆਂ ਕਿਹਾ ਹੈ ਕਿ ਵਰਲਡ ਸਿੱਖ ਕਨਵੈਨਸ਼ਨ 3 ਅਤੇ 4 ਮਾਰਚ ਨੂੰ ਨਿਊਯਾਰਕ (ਯੂਐਸਏ) ਵਿਚ ਕਰਾਈ ਜਾ ਰਹੀ ਹੈ, 3 ਮਾਰਚ ਸ਼ਨੀਵਾਰ ਨੂੰ ਬਾਅਦ ਦੁਪਹਿਰ 1:00 ਵਜੇ ਤੋਂ ਸ਼ਾਮੀਂ 6:00 ਵਜੇ ਤੱਕ ਵਰਲਡ ਫੇਅਰ ਮਰੀਨਾ ਫਲੁਸ਼ਿੰਗ ਨਿਊਯਾਰਕ 11368 ਵਿਖੇ ਸਿੱਖ ਪੰਥ ਜੁੜੇਗਾ ਜਦਕਿ 4 ਮਾਰਚ ਐਤਵਾਰ ਨੂੰ ਬਾਅਦ ਦੁਪਹਿਰ 1:00 ਵਜੇ ਤੋਂ ਸ਼ਾਮੀਂ 4:00 ਵਜੇ ਤੱਕ ਵਜੇ ਤੱਕ ਸਿੱਖ ਕਲਚਰ ਸੁਸਾਇਟੀ 95-30,118 ਸਟਰੀਟ ਰਿਚਮੰਡ ਹਿੱਲ ਨਿਊਯਾਰਕ 11419 ਵਿਚ ਸਿੱਖ ਪੰਥ ਜੁੜ ਕੇ ਵਿਚਾਰਾਂ ਕਰੇਗਾ। ਭਾਈ ਹਵਾਰਾ ਨੇ ਸਾਰੀ ਸਿੱਖ ਕੌਮ ਨੂੰ ਇੱਥੇ ਵਹੀਰਾਂ ਘੱਤ ਕੇ ਜੁੜਨ ਦਾ ਸੱਦਾ ਦਿੰਦਿਆਂ ਕਿਹਾ ਕਿ ਇਹ ਕਨਵੈਨਸ਼ਨ ਕਰਾਉਣ ਦਾ ਮਹੱਤਵ ਸਾਰੀ ਸਿੱਖ ਕੌਮ ਨੂੰ ਸਭਿਆਚਾਰਕ, ਆਰਥਿਕ, ਰਾਜਨੀਤਿਕ, ਧਾਰਮਿਕ, ਅਤੇ ਰੂਹਾਨੀ ਵਿਸ਼ਿਆਂ ਤੇ ਸੇਧ ਦੇਣ ਦਾ ਅਦਾਨ ਪ੍ਰਦਾਨ ਕਰਨਾ ਹੈ, ਨਾਲ ਹੀ ਸੰਸਾਰ ਭਰ ਦੀਆਂ ਸਿੱਖ ਜਥੇਬੰਦੀਆਂ ਬੁੱਧੀਜੀਵੀਆਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਕਲਾਵੇ ਵਿਚ ਲੈ ਕੇ ਦੁਨੀਆਂ ਭਰ ਵਿਚ ਆਪਸੀ ਪਿਆਰ ਦਾ ਸੁਨੇਹਾ ਵੰਡਣਾ ਹੈ ਤੇ ਹਿੰਦੂਤਵਾ ਦੀ ਘੱਟ ਗਿਣਤੀਆਂ ਵਿਰੁੱਧ ਸੋਚ ਦਾ ਭਾਂਡਾ ਭੰਨਣਾ ਹੈ ਤਾਂ ਕਿ ਸਿੱਖ ਪੰਥ ਵਿਚ ਆਪਣੇ ਹੱਕਾਂ ਪ੍ਰਤੀ ਜਾਗਰੂਕਤਾ ਲਿਆਂਦੀ ਜਾ ਸਕੇ।

ਭਾਈ ਹਵਾਰਾ ਨੇ ਕਿਹਾ ਕਿ ਵਰਲਡ ਸਿੱਖ ਪਾਰਲੀਮੈਂਟ ਬਣਾਉਣ ਦਾ ਐਲਾਨ ਬਰਮਿੰਘਮ ਯੂ.ਕੇ. ਵਿਚ ਅਗਸਤ 2017 ਵਿਚ ਹੋਇਆ ਸੀ, ਜਿਸ ਲਈ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਨੂੰ ਦੁਨੀਆਂ ਭਰ ਵਿਚ ਬੈਠੇ ਪੰਥ ਨੇ ਭਰਵੀਂ ਹਮਾਇਤ ਵੀ ਦਿੱਤੀ ਗਈ ਹੈ।

ਵਰਲਡ ਸਿੱਖ ਕਨਵੈਨਸ਼ਨ ਦੇ ਪ੍ਰਬੰਧਕ ਮੈਂਬਰਾਂ ਵੱਲੋਂ ਇਸ ਮੁੱਦੇ ਤੇ ਗੰਭੀਰਤਾ ਪ੍ਰਗਟਾਉਂਦਿਆਂ ਆਸ ਪ੍ਰਟਗਾਈ ਕਿ ਇਸ ਕਨਵੈਨਸ਼ਨ ਵਿਚ ਵਿਸ਼ਵ ਭਰ ਤੋਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਪੰਥਕ ਜਥੇਬੰਦੀਆਂ ਅਤੇ ਪੰਥ ਦਰਦੀ ਸੰਗਤਾਂ ਪੁੱਜਣਗੀਆਂ।




# ਟਰੈਵਲ ਏਜੰਟਾਂ ਵਲੋਂ ਕਨੇਡਾ ਭੇਜੇ ਨੌਜਵਾਨ ਦਾ ਬੰਗਲੌਰ 'ਚ ਕਤਲ

**ਟਾਂਡਾ/ਬਿਊਰੋ ਨਿਊਜ਼:** ਟਰੈਵਲ ਏਜੰਟਾਂ ਵੱਲੋਂ ਕਨੇਡਾ ਭੇਜਣ ਦੀ ਬਜਾਏ ਬੰਗਲੌਰ 'ਚ ਬੰਦੀ ਬਣਾ ਕੇ ਰੱਖੇ ਗਏ ਨੇੜਲੇ ਪਿੰਡ ਕਲਿਆਣਪੁਰ ਦੇ ਨੌਜਵਾਨ ਸੁਰਿੰਦਰਪਾਲ ਸਿੰਘ ਪਾਲੀ ਦਾ ਕਤਲ ਹੋ ਗਿਆ ਹੈ। ਪਿਛਲੇ ਮਹੀਨੇ ਟਾਂਡਾ ਪੁਲੀਸ ਨੇ ਬੰਦੀ ਬਣਾਉਣ ਵਾਲੇ ਚਾਰ ਵਿਅਕਤੀਆਂ ਖਿਲਾਫ਼ ਅਗਵਾ, ਠੱਗੀ, ਅਸਲਾ ਐਕਟ ਅਤੇ ਹੋਰ ਧਾਰਾਵਾਂ ਅਧੀਨ ਮਾਮਲੇ ਦਰਜ ਕੀਤੇ ਸਨ। ਪਾਲੀ ਚਾਰ ਭੈਣਾਂ ਦਾ ਇਕਲੌਤਾ ਭਰਾ ਸੀ ਅਤੇ ਉਸ ਦੀ ਲਾਸ਼



6 ਦਸੰਬਰ ਨੂੰ ਬੰਗਲੌਰ ਵਿਖੇ ਝਾੜੀਆਂ ਵਿੱਚੋਂ ਮਿਲੀ ਸੀ। ਉਥੋਂ ਦੇ ਥਾਣਾ ਰਾਮ ਨਗਰ ਦੇ ਖੇਤਰ ਵਿੱਚ ਇਕ ਚਰਵਾਹੇ ਦੀ ਸੂਚਨਾ ਦੇ ਆਧਾਰ 'ਤੇ ਜਦੋਂ ਪੁਲੀਸ ਨੇ ਲਾਸ਼ ਬਰਾਮਦ ਕੀਤੀ ਤਾਂ ਪਾਲੀ ਦੇ ਹੱਥ-ਪੈਰ ਬੰਨ੍ਹੇ ਹੋਏ ਸਨ। ਬੰਗਲੌਰ ਪੁਲੀਸ ਨੇ ਮਾਮਲਾ ਦਰਜ ਕਰਕੇ 72 ਘੰਟੇ ਬਾਅਦ ਅਣਪਛਾਤੀ ਲਾਸ਼ ਸਮਝ ਕੇ ਉਸ ਦਾ ਅੰਤਿਮ ਸਸਕਾਰ ਵੀ ਕਰ ਦਿੱਤਾ ਸੀ। ਪਾਲੀ ਦੀ ਭਾਲ ਵਿੱਚ ਲੱਗੇ ਪਰਿਵਾਰ ਨੂੰ ਇਸ ਦੀ ਸੂਚਨਾ ਬੰਗਲੌਰ ਪੁੱਜ ਕੇ ਮਿਲੀ ਅਤੇ ਬੀਤੇ ਦਿਨੀਂ ਇਸ ਅਣਹੋਣੀ ਦਾ ਪਤਾ ਲੱਗਾ। ਟਾਂਡਾ ਪੁਲੀਸ ਨੇ 15 ਜਨਵਰੀ 2018 ਨੂੰ ਪਾਲੀ ਦੇ ਸਾਲੇ ਗੋਬਿੰਦ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਹਰਮਿੰਦਰ ਸਿੰਘ ਸ਼ੈਲੀ ਨਿਵਾਸੀ ਚੱਕ ਸ਼ਰੀਫ, ਜੇ ਡੀ ਪਟੇਲ, ਸੰਜੀਵ ਅਤੇ ਨਰੇਸ਼ ਪਟੇਲ ਖਿਲਾਫ਼ ਮਾਮਲਾ ਦਰਜ ਕੀਤਾ ਹੈ।

ਪੁਲੀਸ ਨੂੰ ਦਿੱਤੇ ਬਿਆਨਾਂ ਵਿੱਚ ਗੋਬਿੰਦ ਸਿੰਘ ਨੇ ਦੱਸਿਆ ਕਿ ਟਰੈਵਲ ਏਜੰਟ ਸ਼ੈਲੀ ਉਸ ਦੇ ਜੀਜੇ ਨੂੰ 3 ਦਸੰਬਰ 2017 ਨੂੰ ਕਨੇਡਾ ਭੇਜਣ ਲਈ ਘਰੋਂ ਲੈ ਕੇ ਗਿਆ ਸੀ ਅਤੇ ਕਿਹਾ ਸੀ ਕਿ ਅੰਮ੍ਰਿਤਸਰ ਤੋਂ ਮੁੰਬਈ, ਫਿਰ ਬੰਗਲੌਰ ਤੋਂ ਕੈਨੇਡਾ ਲਈ ਉਡਾਣ ਜਾਣੀ ਹੈ। ਉਸ ਨੇ ਦੋਸ਼ ਲਾਇਆ ਸੀ ਕਿ ਪਾਲੀ ਨੂੰ ਕੈਨੇਡਾ ਭੇਜਣ ਦੀ ਬਜਾਏ ਬੰਗਲੌਰ ਵਿੱਚ ਹੀ ਬੰਦੀ ਬਣਾ ਕੇ ਰੱਖਿਆ ਹੋਇਆ ਹੈ। ਉਸ ਨੇ ਦਾਅਵਾ ਕੀਤਾ ਕਿ ਇਹ ਜਾਣਕਾਰੀ ਜੀਜੇ ਦੇ ਨਾਲ ਗਏ ਦੋ ਨੌਜਵਾਨਾਂ ਨੇ ਫੋਨ 'ਤੇ ਉਸ ਨੂੰ ਦਿੱਤੀ ਸੀ, ਜੋ 22 ਲੱਖ ਰੁਪਏ ਅਤੇ 21 ਲੱਖ ਰੁਪਏ ਬੰਦੂਕ ਦੀ ਨੋਕ 'ਤੇ ਦੇ ਕੇ ਛੁੱਟ ਕੇ ਆਏ ਹਨ। ਗੋਬਿੰਦ ਨੇ ਆਪਣੇ ਬਿਆਨਾਂ ਵਿੱਚ ਖਦਸ਼ਾ ਜ਼ਾਹਿਰ ਕੀਤਾ ਸੀ ਕਿ ਮੁਲਜ਼ਮਾਂ ਨੇ ਉਸ ਦੇ ਜੀਜੇ ਦਾ ਕੋਈ ਸਰੀਰਕ ਨੁਕਸਾਨ ਕੀਤਾ ਹੈ। ਉਸ ਨੇ ਦੱਸਿਆ ਕਿ ਪਾਲੀ ਨਾਲ ਉਸ ਦੀ ਆਖਰੀ ਵਾਰ 5 ਦਸੰਬਰ 2017 ਦੀ ਰਾਤ ਨੂੰ ਗੱਲ ਹੋਈ ਸੀ। ਮ੍ਰਿਤਕ ਦੀ ਪਤਨੀ ਪਲਵਿੰਦਰ ਕੌਰ ਅਤੇ ਭੈਣਾਂ ਨੇ ਪਾਲੀ ਦੇ ਕਾਤਲਾਂ ਨੂੰ ਛੇਤੀ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਹੈ। ਟਾਂਡਾ ਥਾਣੇ ਦੇ ਮੁਖੀ ਪ੍ਰਦੀਪ ਸਿੰਘ ਨੇ ਦੱਸਿਆ ਕਿ ਪਰਿਵਾਰਕ ਮੈਂਬਰਾਂ ਨਾਲ ਏਐਸਆਈ ਲਖਵਿੰਦਰ ਸਿੰਘ ਬੰਗਲੌਰ ਗਏ ਸਨ। ਟਾਂਡਾ ਵਿੱਚ ਦਰਜ ਮਾਮਲੇ ਸਬੰਧੀ ਜਾਣਕਾਰੀ ਵੀ ਬੰਗਲੌਰ ਪੁਲੀਸ ਨਾਲ ਸਾਂਝੀ ਕੀਤੀ ਜਾਵੇਗੀ।

# ਹੁਣ ਪੰਜਾਬ ਦੇ ਕਿਸੇ ਵੀ ਸਾਂਝ ਕੇਂਦਰ ਉੱਤੇ ਸ਼ਿਕਾਇਤ ਦਰਜ ਕਰਵਾ ਸਕਣਗੇ ਪਰਵਾਸੀ

**ਮੋਗਾ, ਨਿਊਜ਼ ਬਿਊਰੋ,** ਪਰਵਾਸੀ ਪੰਜਾਬੀ ਹੁਣ ਰਾਜ ਵਿੱਚ ਕਿਸੇ ਵੀ ਸਾਂਝ ਕੇਂਦਰ ਉੱਤੇ ਆਪਣੀ ਸ਼ਿਕਾਇਤ ਦਰਜ ਕਰਵਾ ਸਕਣਗੇ। ਇਸ ਤੋਂ ਪਹਿਲਾਂ ਸਬੰਧਤ ਜ਼ਿਲ੍ਹੇ ਵਿੱਚ ਐੱਨਆਰਆਈ ਪੁਲੀਸ ਥਾਣੇ ਜਾਂ ਜ਼ਿਲ੍ਹਾ ਪੁਲੀਸ ਮੁਖੀ ਨੂੰ ਹੀ ਸ਼ਿਕਾਇਤ ਦਿੱਤੀ ਜਾਂਦੀ ਸੀ।

ਜ਼ਿਲ੍ਹਾ ਪੁਲੀਸ ਮੁਖੀ ਰਾਜਜੀਤ ਸਿੰਘ ਹੁੰਦਲ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਪੰਜ ਸਾਂਝ ਕੇਂਦਰਾਂ 'ਤੇ ਚਾਲੂ ਵਿੱਤੀ ਸਾਲ ਦੌਰਾਨ 31 ਜਨਵਰੀ ਤੱਕ 81,250 ਵਿਅਕਤੀਆਂ ਨੂੰ ਸੇਵਾਵਾਂ ਪ੍ਰਦਾਨ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਸਾਂਝ ਕੇਂਦਰ ਰੀ-ਡਰੈਸਲ ਯੂਨਿਟ ਵਜੋਂ ਵੀ ਕੰਮ ਕਰ ਰਹੇ ਹਨ, ਜਿੱਥੇ ਔਰਤਾਂ ਤੇ ਬੱਚਿਆਂ ਨਾਲ ਸਬੰਧਤ ਆਰਥਿਕ, ਸਮਾਜਿਕ ਅਤੇ ਹੋਰ ਮਸਲਿਆਂ ਨੂੰ ਕਮੇਟੀ ਮੈਂਬਰਾਂ ਵੱਲੋਂ ਵਿਚਾਰਿਆ ਜਾਂਦਾ ਹੈ।

ਜ਼ਿਲ੍ਹਾ ਕਮਿਊਨਟੀ ਪੁਲੀਸ ਅਫ਼ਸਰ-ਕਮ-ਐੱਸਪੀ (ਸਥਾਨਕ) ਪਿਰਥੀਪਾਲ ਸਿੰਘ ਨੇ ਦੱਸਿਆ ਕਿ ਪਰਵਾਸੀ ਪੰਜਾਬੀ ਹੁਣ ਰਾਜ ਵਿੱਚ ਕਿਸੇ ਵੀ ਸਾਂਝ ਕੇਂਦਰ ਉੱਤੇ ਆਪਣੀ ਸ਼ਿਕਾਇਤ ਦਰਜ ਕਰਵਾ ਸਕਦੇ ਹਨ। ਉਨ੍ਹਾਂ ਕਿਹਾ ਕਿ ਐੱਨਆਰਆਈ ਤੋਂ ਪ੍ਰਾਪਤ ਸ਼ਿਕਾਇਤ ਨੂੰ ਸਬੰਧਿਤ ਜ਼ਿਲ੍ਹੇ ਜਾਂ ਐੱਨਆਰਆਈ ਪੁਲੀਸ ਥਾਣੇ




ਤੱਕ ਪਹੁੰਚਾਇਆ ਜਾਵੇਗਾ। ਇਸ ਮੌਕੇ ਪੁਲੀਸ ਅਧਿਕਾਰੀਆਂ ਨੇ ਦੱਸਿਆ ਕਿ ਆਧੁਨਿਕ ਸਹੂਲਤਾਂ ਅਤੇ ਕੰਪਿਊਟਰੀਕ੍ਰਿਤ ਪ੍ਰਣਾਲੀ ਨਾਲ ਲੈਸ ਇਨ੍ਹਾਂ ਸਾਂਝ ਕੇਂਦਰਾਂ ਵਿੱਚ ਪੰਜਾਬ ਸੇਵਾ ਅਧਿਕਾਰ ਐਕਟ-2011 ਅਧੀਨ ਪੁਲੀਸ ਵਿਭਾਗ ਨਾਲ ਸਬੰਧਤ ਸੇਵਾਵਾਂ ਇੱਕ ਛੱਤ ਹੇਠ ਆਸਾਨ ਪ੍ਰਣਾਲੀ ਰਾਹੀਂ ਪ੍ਰਦਾਨ ਕਰਵਾਈਆਂ ਜਾ ਰਹੀਆਂ ਹਨ ਅਤੇ ਆਮ ਲੋਕਾਂ ਦੇ ਦੁੱਖ-ਤਕਲੀਫ਼ਾਂ ਦਾ ਨਿਪਟਾਰਾ ਪਹਿਲ ਦੇ ਆਧਾਰ 'ਤੇ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪੱਧਰੀ ਸਾਂਝ ਕੇਂਦਰ

**ਬਾਕੀ ਸਫ਼ਾ 28 'ਤੇ**

# ਕਨੇਡਾ ਵਾਸੀ ਜਸਵਿੰਦਰ ਕੌਰ ਨੇ ਤਲਾਕਸ਼ੁਦਾ ਪਤੀ ਵੱਲੋਂ ਲਾਏ ਦੋਸ਼ਾਂ ਨੂੰ ਝੁਠਲਾਇਆ

ਜਲੰਧਰ/ਨਿਊਜ਼ ਬਿਊਰੋ: ਕੈਨੇਡਾ ਦੇ ਸ਼ਹਿਰ ਸਰੀ ਦੀ ਰਹਿਣ ਵਾਲੀ ਜਸਵਿੰਦਰ ਕੌਰ ਨੇ ਆਪਣੇ ਤਲਾਕਸ਼ੁਦਾ ਪਤੀ ਨੂੰ ਮਰਵਾਉਣ ਲਈ ਢਾਈ ਲੱਖ ਰੁਪਏ ਦੀ ਫ਼ਿਰੌਤੀ ਦੇਣ ਦੇ ਲੱਗੇ ਦੋਸ਼ਾਂ ਨੂੰ ਨਕਾਰਿਆ ਹੈ। ਇਸ ਮਾਮਲੇ ਵਿੱਚ ਦਿਹਾਤੀ ਪੁਲੀਸ ਜਲੰਧਰ ਨੇ ਪ੍ਰੈੱਸ ਕਾਨਫਰੰਸ ਕਰਕੇ ਕਾਬੂ ਕੀਤੇ ਦੋ ਸੁਪਾਰੀਬਾਜ਼ਾਂ ਨੂੰ ਵੀ ਮੀਡੀਆ ਅੱਗੇ ਪੇਸ਼ ਕੀਤਾ ਸੀ। ਜਸਵਿੰਦਰ ਕੌਰ ਨੇ ਸਾਰੇ ਮਾਮਲੇ ਨੂੰ ਐੱਨਆਰਆਈ ਪਤੀ ਮੱਖਣ ਸਿੰਘ ਦੀ ਸਾਜ਼ਿਸ਼ ਕਰਾਰ ਦਿੱਤਾ ਹੈ। ਇਸ ਪੱਤਰਕਾਰ ਨਾਲ ਕੈਨੇਡਾ ਤੋਂ ਗੱਲ ਕਰਦਿਆਂ ਜਸਵਿੰਦਰ ਕੌਰ ਨੇ ਦੱਸਿਆ ਕਿ ਮੱਖਣ ਸਿੰਘ ਨੇ ਉਸ ਨੂੰ ਧੋਖੇ ਵਿੱਚ ਰੱਖ ਕੇ ਵਿਆਹ ਕਰਵਾਇਆ ਸੀ ਅਤੇ ਆਪਣੇ ਪਹਿਲੇ ਵਿਆਹ ਬਾਰੇ ਓਹਲਾ ਰੱਖਿਆ ਸੀ। ਜਸਵਿੰਦਰ ਕੌਰ ਨੇ ਦੱਸਿਆ ਕਿ ਮੱਖਣ ਸਿੰਘ ਨਾਲ ਉਸ ਦਾ ਤਲਾਕ ਹੋ ਚੁੱਕਿਆ ਹੈ ਅਤੇ ਬੱਚੇ ਦੀ ਕਸਟਡੀ ਲਈ ਕੇਸ ਚੱਲ ਰਿਹਾ ਹੈ। ਜਸਵਿੰਦਰ ਕੌਰ ਨੇ ਦੱਸਿਆ ਕਿ ਮੱਖਣ ਸਿੰਘ ਹੁਣ ਪੰਜਾਬ ਆ ਕੇ ਤੀਜਾ ਵਿਆਹ ਕਰਵਾ ਰਿਹਾ ਹੈ ਅਤੇ ਉਸ ਦਾ 4 ਮਾਰਚ ਨੂੰ ਪੰਜਾਬ ਆਉਣ ਦਾ ਇਰਾਦਾ ਸੀ, ਜਿਸ ਤੋਂ ਡਰਦਿਆਂ ਮੱਖਣ ਸਿੰਘ ਨੇ ਉਸ ਖ਼ਿਲਾਫ਼ ਸਾਜ਼ਿਸ਼ ਰਚੀ ਹੈ। ਜਸਵਿੰਦਰ ਕੌਰ ਨੇ ਪੁਲੀਸ ਦੀ ਕਾਰਵਾਈ 'ਤੇ ਵੀ ਸਵਾਲ ਚੁੱਕਦਿਆਂ ਕਿਹਾ ਕਿ ਫਿਲਹਾਲ ਉਸ ਨੇ ਪੰਜਾਬ ਆਉਣ ਦਾ ਇਰਾਦਾ ਛੱਡ ਦਿੱਤਾ ਹੈ ਕਿਉਂਕਿ ਉੱਥੇ ਉਸ ਨੂੰ ਇਨਸਾਫ ਦੀ ਉਮੀਦ ਨਹੀਂ ਹੈ।

# ਪੰਜਾਬੀ ਨੌਜਵਾਨ ਨੂੰ ਆਸਟਰੇਲੀਆ ਤੋਂ ਪੰਜਾਬ ਵਾਪਸ ਭੇਜਣ ਦੇ ਹੁਕਮ

**ਐਡੀਲੇਡ/ਨਿਊਜ਼ ਬਿਊਰੋ:** ਇੱਥੇ ਪੰਜਾਬੀ ਨੌਜਵਾਨ ਸੰਜੀਵ ਕੁਮਾਰ ਨੂੰ ਆਸਟਰੇਲੀਆ ਦੇ ਇਮੀਗ੍ਰੇਸ਼ਨ ਵਿਭਾਗ ਨੇ ਆਸਟਰੇਲੀਆ ਦੀ ਨਾਗਰਿਕਤਾ ਦੇਣ ਤੋਂ ਇਨਕਾਰ ਕਰਦਿਆਂ ਪੰਜਾਬ ਵਾਪਸ ਮੁੜਨ ਦੇ ਹੁਕਮ ਦਿੱਤੇ ਹਨ। ਸੰਜੀਵ ਕੁਮਾਰ ਨੇ ਆਪਣੇ ਕੇਸ ਨੂੰ ਆਨਲਾਈਨ ਪਟੀਸ਼ਨ ਪਾ ਕੇ ਸੋਸ਼ਲ ਮੀਡੀਆ ਦੇ ਧਿਆਨ ਵਿੱਚ ਲਿਆਂਦਾ ਹੈ ਅਤੇ ਵਕੀਲ ਰਾਹੀਂ ਵਿਭਾਗ ਨੂੰ ਉਸ ਨੂੰ ਆਸਟਰੇਲੀਆ ਦੀ ਨਾਗਰਿਕਤਾ ਦੇਣ ਸਬੰਧੀ ਅਰਜ਼ੀ 'ਤੇ ਮੁੜ ਸੰਜੀਦਗੀ ਨਾਲ ਵਿਚਾਰ ਕਰਨ ਦੀ ਅਪੀਲ ਕੀਤੀ ਹੈ।

ਜਾਣਕਾਰੀ ਅਨੁਸਾਰ ਸੰਜੀਵ ਕੁਮਾਰ 2008 ਵਿੱਚ ਵਿਦਿਆਰਥੀ ਵੀਜ਼ੇ 'ਤੇ ਬਠਿੰਡਾ ਤੋਂ ਆਸਟਰੇਲੀਆ ਆਇਆ ਸੀ। ਪੜ੍ਹਾਈ ਮੁਕੰਮਲ ਕਰਨ ਉਪਰੰਤ ਉਹ ਆਸਟਰੇਲੀਆ ਦੀ ਨਾਗਰਿਕਤਾ ਲਈ ਇਮੀਗ੍ਰੇਸ਼ਨ ਵਿਭਾਗ ਵੱਲੋਂ ਨਿਰਧਾਰਿਤ ਸ਼ਰਤਾਂ ਪੂਰੀਆਂ ਨਹੀਂ ਕਰ ਸਕਿਆ ਸੀ, ਜਿਸ ਕਾਰਨ ਉਸ ਨੇ ਆਸਟਰੇਲਿਆਈ ਲੜਕੀ ਨਾਲ ਰਹਿਣ ਦੇ ਆਧਾਰ 'ਤੇ ਨਾਗਰਿਕਤਾ ਲੈਣ ਸਬੰਧੀ ਇਮੀਗ੍ਰੇਸ਼ਨ ਵਿਭਾਗ ਨੂੰ ਅਰਜ਼ੀ ਭੇਜੀ ਸੀ। ਵਿਭਾਗ ਵੱਲੋਂ ਉਸ ਦੀ ਅਰਜ਼ੀ 'ਤੇ ਕਾਰਵਾਈ ਕਰਦਿਆਂ ਉਸ ਦਾ ਡਾਕਟਰੀ ਮੁਆਇਨਾ, ਪੁਲੀਸ ਕਲੀਅਰੈਂਸ ਤੇ ਅਪਰਾਧਿਕ ਰਿਕਾਰਡ ਦੀ ਜਾਂਚ ਕੀਤੀ ਗਈ, ਪਰ ਸੰਜੀਵ ਕੁਮਾਰ ਦਾ ਉਸ ਦੀ ਪ੍ਰੇਮਿਕਾ ਨਾਲ ਝਗੜਾ ਹੋਣ ਕਾਰਨ ਵਿਭਾਗ ਨੇ ਉਸ ਨੂੰ ਆਸਟਰੇਲੀਆ ਦੀ ਨਾਗਰਿਕਤਾ ਦੇਣ ਤੋਂ ਇਨਕਾਰ ਕਰ ਦਿੱਤਾ। ਸੰਜੀਵ ਕੁਮਾਰ ਨੇ ਦੱਸਿਆ ਕਿ ਉਸ ਦੀ ਤਿੰਨ ਸਾਲਾਂ ਦੀ ਧੀ ਵੀ ਹੈ ਅਤੇ ਉਸ ਨੂੰ ਅਦਾਲਤ ਵੱਲੋਂ ਉਸ ਨੂੰ ਮਿਲਣ ਦੀ ਪ੍ਰਵਾਨਗੀ ਮਿਲੀ ਹੋਈ ਹੈ। ਉਸ ਨੇ ਦੋਸ਼ ਲਾਇਆ ਕਿ ਉਸ ਦੀ ਪਤਨੀ ਉਸ ਨੂੰ ਉਸ ਦੀ ਧੀ ਨਾਲ ਮਿਲਣ ਨਹੀਂ ਦੇ ਰਹੀ, ਜਿਸ ਕਾਰਨ ਉਹ ਕਾਫ਼ੀ ਪ੍ਰੇਸ਼ਾਨ ਹੈ। ਉਸ ਨੇ ਇਮੀਗ੍ਰੇਸ਼ਨ ਮਨਿਸਟਰ, ਇਮੀਗ੍ਰੇਸ਼ਨ ਵਿਭਾਗ ਤੋਂ ਉਸ ਦੀ ਧੀ ਦੇ ਆਧਾਰ 'ਤੇ ਆਸਟਰੇਲੀਆ ਵਿੱਚ ਰਹਿਣ ਦੀ ਪ੍ਰਵਾਨਗੀ ਦੇਣ ਦੀ ਮੰਗ ਕੀਤੀ ਹੈ।


ALL STATE INSURANCE

Allstate. You're in good hands.

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES

Capital services

ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਈਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- H-1 B VISA PETITION
- STUDENT VISA
- RELIGIOUS VISA
- LEGAL SERVICES





Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585

Fremont Office
4127 Bay Street, Suite 5
www.caials.com

Tracy Office
95 W. 11th Street, Suite 205
rosy@caials.com

# ਸਾਕਾ ਨਕੋਦਰ ਦੇ ਸ਼ਹੀਦਾਂ ਦੀ ਬਰਸੀ ਸ਼ਰਧਾ ਤੇ ਸਤਿਕਾਰ ਨਾਲ ਮਨਾਈ

## ਸਿੱਖ ਸੈਂਟਰ ਫਲੱਸ਼ਿੰਗ ਨਿਊਯਾਰਕ ਵਿਖੇ ਸਮਾਗਮ ਦੌਰਾਨ ਸ਼ਹੀਦਾਂ ਦੀ ਕੁਰਬਾਨੀ ਨੂੰ ਕੀਤਾ ਸਿਜਦਾ










**ਨਿਊਯਾਰਕ/ਬਿਊਰੋ ਨਿਊਜ਼:** ਸਾਕਾ ਨਕੋਦਰ ਦੇ ਸ਼ਹੀਦਾਂ ਦੀ ਬਰਸੀ ਸਿੱਖ ਸੈਂਟਰ ਫਲੱਸ਼ਿੰਗ ਨਿਊਯਾਰਕ ਵਿਖੇ ਬਹੁਤ ਹੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਈ ਗਈ। ਇਸ ਸਬੰਧੀ ਐਤਵਾਰ ਨੂੰ ਕਰਵਾਏ ਸ਼ਹੀਦੀ ਸਮਾਗਮ ਦੌਰਾਨ ਹੋਰਨਾਂ ਤੋਂ ਇਲਾਵਾ ਦੋਆਬਾ ਸਿੱਖ ਐਸੋਸੀਏਸ਼ਨ ਵੱਲੋਂ ਭਾਈ ਹਰਮੇਲ ਸਿੰਘ ਦੌਸਾਂਝ, ਭਾਈ ਬਲਜਿੰਦਰ ਸਿੰਘ, ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਭਾਈ ਹਿੰਮਤ ਸਿੰਘ, ਭਾਈ ਹਰਦੇਵ ਸਿੰਘ ਪੱਡਾ ਸਾਬਕਾ ਮੁੱਖ ਸੇਵਾਦਾਰ, ਡਾ. ਅਮਰਜੀਤ ਸਿੰਘ ਸੰਚਾਲਕ ਖਾਲਿਸਤਾਨ ਅਫੈਅਰਜ ਸੈਂਟਰ, ਡਾ. ਹਰਿੰਦਰ ਸਿੰਘ ਸਟੈਫਰਡ ਯੂਨੀਵਰਸਿਟੀ, ਜੋ ਕਿ ਸਾਕਾ ਨਕੋਦਰ ਦੇ ਸ਼ਹੀਦ ਭਾਈ ਰਵਿੰਦਰ ਸਿੰਘ ਜੀ ਦੇ ਛੋਟੇ ਵੀਰ ਹਨ, ਨੇ ਇਸ ਮੌਕੇ ਹਾਜ਼ਰੀ ਭਰੀ। ਸਾਕੇ ਦੇ ਉਸ ਮੌਕੇ ਤੇ ਪੰਜਾਂ ਪਿਆਰਿਆਂ ਵਿੱਚੋਂ ਇੱਕ ਪਿਆਰੇ ਭਾਈ ਪਰਵਿੰਦਰ ਸਿੰਘ ਜੀ ਸ਼ਰੀਂਹ ਨੇ ਸਾਕੇ ਬਾਰੇ ਅੱਖੀਂ ਡਿੱਠਾ ਹਾਲ ਸੰਗਤਾਂ ਨੂੰ ਵਰਨਣ ਕਰਦਿਆਂ ਦੱਸਿਆ ਕਿ ਪੁਲਿਸ ਅਤੇ ਨੀਮ ਫ਼ੌਜੀ ਦਸਤਿਆਂ ਨੇ ਸਤਿਨਾਮ ਵਾਹਿਗੁਰੂ ਜੀ ਦਾ ਜਾਪ ਕਰਦੀਆਂ ਸਿੱਖ ਸੰਗਤਾਂ ਜੋ ਕਿ ਗੁਰਦੁਆਰਾ ਸਾਹਿਬ ਵਿਖੇ ਦੁਸ਼ਟਾਂ ਵਲੋਂ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅਗਨ ਭੈਂਟ ਕੀਤੇ ਸਰੂਪਾਂ ਦੀ ਸੰਭਾਲ਼ ਹਿੱਤ ਜਾ ਰਹੀਆਂ ਸਨ ਤੇ ਬਿਨਾਂ ਕਿਸੇ ਭੜਕਾਹਟ ਜਾਂ ਚਿਤਾਵਨੀ ਦੇ ਗੋਲ਼ੀਆਂ ਦਾ ਮੀਂਹ ਬਰਸਾ ਦਿੱਤਾ। ਪੁਲਿਸ ਨੇ ਸਿੱਖ ਨੌਜਵਾਨਾਂ ਦਾ ਨੇੜੇ ਦੇ ਪਿੰਡਾਂ ਸ਼ੇਰਪੁਰ, ਹੁਸੈਨਪੁਰ ਤੱਕ ਜਾਕੇ ਸਿੱਖ ਨੌਜਵਾਨਾਂ ਨੂੰ ਘਰਾਂ ਅਤੇ ਖੂਹਾਂ/ਡੇਰਿਆਂ ਤੋਂ ਕੱਢ ਕੇ ਅਣਮਨੁੱਖੀ ਤਸ਼ੱਦਦ ਕਰਕੇ ਝੂਠੇ ਕੇਸ ਪਾਕੇ ਗ੍ਰਿਫਤਾਰ ਕੀਤਾ।

ਉੱਘੇ ਸਿੱਖ ਆਗੂ ਡਾ. ਅਮਰਜੀਤ ਸਿੰਘ ਜੀ ਨੇ ਦੱਸਿਆ ਕਿ ਕਿਵੇਂ ਸਿੱਖ ਨੌਜਵਾਨੀ ਦਾ ਘਾਣ ਉਸੇ ਤਰ੍ਹਾਂ ਜਾਰੀ ਹੈ ਅਤੇ ਸਰਕਾਰਾਂ ਵੱਲੋਂ ਸਿੱਖਾਂ ਨੂੰ ਕਦੇ ਵੀ ਇਨਸਾਫ਼ ਨਹੀਂ ਮਿਲਿਆ ਅਤੇ ਨਾ ਹੀ ਮਿਲੇਗਾ। ਉਨ੍ਹਾਂ ਨੇ ਡਾਇਆਸਪੋਰਾ ਸਿੱਖਾਂ ਨੂੰ ਕੌਮੀ ਘਰ ਖਾਲਿਸਤਾਨ ਦੀ ਪ੍ਰਾਪਤੀ ਲਈ ਸ਼ੰਘਰਸ਼ ਨੂੰ ਹੋਰ ਵੀ ਪ੍ਰਚੰਡ ਕਰਨ ਦੀ ਅਪੀਲ ਕੀਤੀ।

ਡਾ.ਹਰਿੰਦਰ ਸਿੰਘ ਨੇ ਦੱਸਿਆ ਕਿ ਕਿਵੇਂ ਸਰਕਾਰਾਂ ਇਨਸਾਫ਼ ਦੇ ਲਾਰੇ ਲਾਕੇ, ਮੌਕੇ ਤੇ ਪੁਲਿਸ ਅਫਸਰਾਂ ਨੂੰ ਮੁਅੱਤਲ ਜਾਂ ਬਦਲੀਆਂ ਕਰਕੇ ਕਾਰਵਾਈ ਸਾਡੀਆਂ ਅੱਖਾਂ ਪੂੰਝਣ ਤੱਕ ਹੀ ਸੀਮਿਤ ਰਹਿੰਦੀ ਹੈ। ਸਾਕਾ ਨਕੋਦਰ ਦੀ ਅਦਾਲਤੀ ਜਾਂਚ ਜੋ ਕਿ ਪਿਛਲੇ 32 ਸਾਲਾਂ ਤੋਂ ਦੱਬੀ ਹੋਈ ਹੈ ਨੂੰ ਵੀ ਜਨਤਕ ਕਰਨ ਦੀ ਮੰਗ ਵੀ ਕੀਤੀ ਗਈ। ਸੰਗਤਾਂ ਵੱਲੋਂ ਇਸ ਮੌਕੇ ਸਾਕਾ ਨਕੋਦਰ ਦੇ ਸ਼ਹੀਦਾਂ ਭਾਈ ਰਵਿੰਦਰ ਸਿੰਘ, ਭਾਈ ਹਰਮਿੰਦਰ ਸਿੰਘ, ਭਾਈ ਬਲਧੀਰ ਸਿੰਘ ਅਤੇ ਭਾਈ ਝਿਲਮਣ ਸਿੰਘ ਜੀ ਦੀਆਂ ਤਸਵੀਰਾਂ ਲੰਗਰ ਹਾਲ ਵਿੱਚ ਸ਼ੁਸ਼ਿਭਤ ਕੀਤੀਆਂ ਗਈਆਂ। ਟੀਵੀ 84 ਅਤੇ ਕਨੇਡੀਅਨ ਪੰਜਾਬੀ ਨੈਟਵਰਕ ਵੱਲੋਂ ਦੋਵੇਂ ਸਮਾਗਮਾਂ ਦੀ ਪ੍ਰਸਾਰਣ ਕੀਤਾ ਗਿਆ।

## ਸਾਕਾ ਨਕੋਦਰ ਦੇ ਸ਼ਹੀਦਾਂ ਦੀ 32ਵੀਂ ਬਰਸੀ ਸਬੰਧੀ ਮਹਾਨ ਸ਼ਹੀਦੀ ਸਮਾਗਮ ਐਤਵਾਰ 11 ਫ਼ਰਵਰੀ ਨੂੰ



**ਫਰੀਮਾਂਟ/ਬਿਊਰੋ ਨਿਊਜ਼**, ਗੁਰਦੁਆਰਾ ਸਾਹਿਬ ਫਰੀਮਾਂਟ ਵਲੋਂ ਸਮੂਹ ਪੰਥਕ ਜਥੇਬੰਦੀਆਂ ਅਤੇ ਸੰਗਤਾਂ ਦੇ ਸਹਿਯੋਗ ਨਾਲ਼ ਸਾਕਾ ਨਕੋਦਰ ਦੇ ਸ਼ਹੀਦਾਂ ਦੀ 32ਵੀਂ ਬਰਸੀ ਮੌਕੇ ਮਹਾਨ ਸ਼ਹੀਦੀ ਸਮਾਗਮ ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ 11 ਫ਼ਰਵਰੀ 20 18 ਐਤਵਾਰ ਨੂੰ ਮਨਾਇਆ ਜਾਵੇਗਾ। ਸਾਕਾ ਨਕੋਦਰ ਦੇ ਸ਼ਹੀਦਾਂ ਭਾਈ ਰਵਿੰਦਰ ਸਿੰਘ ਲਿੱਤਰਾਂ, ਭਾਈ ਹਰਮਿੰਦਰ ਸਿੰਘ ਸ਼ਾਮ ਚੁਰਾਸੀ, ਭਾਈ ਬਲਧੀਰ ਸਿੰਘ ਫੌਜੀ ਰਾਮਗੜ੍ਹ ਅਤੇ ਭਾਈ ਝਲਮਣ ਸਿੰਘ ਰਾਜੋਵਾਲ ਗੋਰਸੀਆਂ ਦੀ 32ਵੀਂ ਬਰਸੀ ਦੇ ਸਬੰਧ ਵਿਚ ਗੁਰਦੁਆਰਾ ਸਾਹਿਬ ਗੁਰਦੁਆਰਾ ਸਾਹਿਬ ਫਰੀਮੌਂਟ, ਕੈਲੀਫ਼ੋਰਨੀਆ ਵਿਖੇ ਵਿਖੇ 11 ਫਰਵਰੀ ਨੂੰ ਵਿਸ਼ੇਸ਼ ਸਮਾਗਮ ਕੀਤੇ ਜਾਣਗੇ। ਗੁਰਦੁਆਰਾ ਸਾਹਿਬ ਫਰੀਮੌਂਟ ਵਲੋਂ ਸਮੂਹ ਪੰਥਿਕ ਜਥੇਬੰਦੀਆਂ ਅਤੇ ਸੰਗਤਾਂ ਦੇ ਸਹਿਯੋਗ ਨਾਲ ਸਾਕਾ ਨਕੋਦਰ ਦੇ ਚਾਰਾਂ ਸ਼ਹੀਦਾਂ ਦੀ ਪਾਵਨ ਯਾਦ ਵਿੱਚ 11 ਫਰਵਰੀ 2018 ਐਤਵਾਰ ਨੂੰ ਸਵੇਰੇ 10:00 ਵਜੇ ਸ਼ਹੀਦੀ ਕਾਨਫਰੰਸ ਕੀਤੀ ਜਾ ਰਹੀ ਹੈ। ਪ੍ਰਬੰਧਕਾਂ ਵਲੋਂ ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਇਸ ਸ਼ਹੀਦੀ ਸਮਾਗਮ ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਕਰਕੇ ਇਨ੍ਹਾਂ ਗੁਰੂ ਗਰੰਥ ਸਾਹਿਬ ਦੇ ਅਦਬ ਸਤਿਕਾਰ ਲਈ ਆਪਾ ਵਾਰਨ ਵਾਲੇ ਸੂਰਬੀਰ ਯੋਧਿਆਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰੀਏ। ਵਰਨਣਯੋਗ ਹੈ ਕਿ 4 ਫਰਵਰੀ 1986 ਵਾਲੇ ਦਿਨ ਨਕੋਦਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮਾਣ ਸਨਮਾਨ ਹਿੱਤ ਇਕੱਠੀ ਹੋਈ ਪੁਰ ਅਮਨ ਸੰਗਤ

**ਬਾਕੀ ਸਫ਼ਾ 28 'ਤੇ**


# Global Solution for Transportation

Global Solution For Transportation ਵਲੋਂ Trucking ਕੰਪਨੀਆਂ ਵਾਸਤੇ ਹੇਠ ਲਿਖੀਆਂ ਸੇਵਾਂਵਾਂ ਉਪਲਬਧ ਹਨ

GLOBAL SOLUTION FOR TRANSPORTATION
GLOBAL

**E Trucking Solution**

- Trucking Management Software
- Complete Compliance Management
- Billing
- Dispatch By Phone app
- Accounting
- Maintenance Record

ਨਵੀਆਂ ਕੰਪਨੀਆਂ ਲਈ ਸਪੈਸ਼ਲ ਆਫ਼ਰ ਸਾਰੇ ਪਰਮਿਟ ਕੇਵਲ 99 ਡਾਲਰ 'ਚ
ਕੰਡੀਸ਼ਨ ਅਪਲਾਈ

**Global Truck Permits**

- Corporation Set Up
- Truck Permits, NY Permits
- License Plates, Kyu Permits
- DOT and ICC -MC Permit
- IFTA Permits, Fuel Tax Filing
- CA -MCP Permits, 2290 Filing



Rajinder Singh Tanda

**Call For Our Special Promotion - All Permits For $99.00 only, For A New Company** (condition apply)

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

**Address: 4646 Qantas Ln, Ste B14 Stockton CA 95206**

Office - 1-800- 936 4011, 209-636-0880 Cell - (510) 557-6988, Fax - (209) 636 0850

email info@etruckingsolution.com www.etruckingsolution.com



Lakhvir Singh

# ਮੋਦੀ ਨੇ ਮੁੜ ਵੰਡੇ ਗਰੀਬਾਂ ਨੂੰ ਵੱਡੇ ਸੁਪਨੇ

## ਚੋਣਮੁਖੀ ਬੱਜਟ ਤੋਂ ਬਹੁਗਿਣਤੀ ਲੋਕਾਂ ਵਿੱਚ ਛਾਈ ਨਿਰਾਸ਼ਾ



**ਸਰਕਾਰੀ ਖ਼ਜ਼ਾਨੇ ‘ਚ ਆਉਣ ਵਾਲੇ ਹਰ ਰੁਪਏ ‘ਚੋਂ 19 ਪੈਸੇ ਉਧਾਰ ਦੇ**

**ਨਵੀਂ ਦਿੱਲੀ/ਬਿਊਰੋ ਨਿਊਜ਼:** ਭਾਰਤ ਵਿੱਚ ਅਗਲੇ ਸਾਲ ਹੋਣ ਵਾਲੀਆਂ ਆਮ ਚੋਣਾਂ ਦੇ ਮੱਦੇਨਜ਼ਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਤੇ ਸਹਿਯੋਗੀ ਪਾਰਟੀਆਂ ਦੀ ਸਰਕਾਰ ਨੇ ਇੱਕ ਵਾਰ ਫਿਰ ਮੁੜ ਵੰਡੇ ਗਰੀਬਾਂ ਨੂੰ ਵੱਡੇ ਸੁਪਨੇ ਵੰਡਦਿਆਂ ਇਸ ਸਾਲ ਦਾ ਮਾਲੀ ਘਾਟੇ ਵਾਲਾ ਬੱਜਟ ਪੇਸ਼ ਕੀਤਾ ਹੈ। ਭਾਵੇਂ ਇਸ ਚੋਣਮੁਖੀ ਬੱਜਟ ’ਚ ਆਮ ਲੋਕਾਂ ਲਈ ਸਿਹਤ ਬੀਮਾ ਯੋਜਨਾ, ਗਰੀਬਾਂ ਤੇ ਖੇਤੀ ਖੇਤਰ ਲਈ ਕਈ ਕਿਸਮ ਦੇ ਲੁਭਾਉਣੇ ਐਲਾਨ ਕੀਤੇ ਗਏ ਹਨ ਪਰ ਬਹੁਤ ਸਾਰੀਆਂ ਵਸਤਾਂ ਉੱਤੇ ਟੈਕਸ ਵਧਾਉਣ ਅਤੇ ਪੈਟਰੋਲ-ਡੀਜ਼ਲ ਦੀਆਂ ਕੀਮਤਾਂ ਨਾ ਘਟਾਉਣ ਕਾਰਨ ਦੇਸ਼ ਦੇ ਬਹੁਗਿਣਤੀ ਲੋਕਾਂ ਵਿੱਚ ਨਿਰਾਸ਼ਾ ਛਾਈ ਹੈ।

ਅਗਾਮੀ ਵਿੱਤੀ ਸਾਲ 2018-19 ਵਿੱਚ ਸਰਕਾਰੀ ਖ਼ਜ਼ਾਨੇ ਵਿੱਚ ਆਉਣ ਵਾਲੇ ਹਰ ਇਕ ਰੁਪਏ ‘ਚੋਂ 19 ਪੈਸੇ ਬਾਜ਼ਾਰ ਤੋਂ ਉਧਾਰ ਜਾਂ ਫ਼ਿਰ ਹੋਰਨਾਂ ਦੇਣਦਾਰੀਆਂ ਦੇ ਰੂਪ ਵਿੱਚ ਆਉਣਗੇ। ਇਸ ਦੌਰਾਨ ਸਰਕਾਰ ਹਰ ਇਕ ਰੁਪਏ ‘ਚੋਂ 18 ਪੈਸੇ ਵਿਆਜ ਦੀ ਅਦਾਇਗੀ ਦੇ ਰੂਪ ਵਿੱਚ ਭਰੇਗੀ। ਵਿੱਤ ਮੰਤਰੀ ਅਰੁਣ ਜੇਤਲੀ ਵੱਲੋਂ ਵੀਰਵਾਰ ਨੂੰ ਸੰਸਦ ਵਿੱਚ ਪੇਸ਼ ਬਜਟ ਮੁਤਾਬਕ ਸਰਕਾਰੀ ਖ਼ਜ਼ਾਨੇ ਨੂੰ ਮਿਲਣ ਵਾਲੇ ਹਰ ਇਕ ਰੁਪਏ ਵਿੱਚੋਂ 70 ਪੈਸੇ ਸਿੱਧੇ ਅਤੇ ਅਸਿੱਧੇ ਕਰਾਂ ਦੇ ਰੂਪ ਵਿੱਚ ਆਉਣਗੇ। ਉਧਰ ਜੇਕਰ ਖਰਚ ਦੀ ਗੱਲ ਕਰੀਏ ਤਾਂ ਸਭ ਤੋਂ ਵੱਡਾ ਹਿੱਸਾ ਟੈਕਸਾਂ ਤੇ ਡਿਊਟੀਜ਼ ਵਜੋਂ ਰਾਜਾਂ ਦੇ ਹਿੱਸੇ ਦੇ ਰੂਪ ਵਿੱਚ 24 ਪੈਸੇ ਜਦਕਿ ਵਿਆਜ ਅਦਾਇਗੀ ਦੇ ਰੂਪ ਵਿੱਚ 18 ਪੈਸੇ ਰਹੇਗਾ। ਹਰ ਰੁਪਏ ਵਿੱਚੋਂ ਨੌਂ ਪੈਸੇ ਪਹਿਲਾਂ ਵਾਂਗ ਰੱਖਿਆ ਖੇਤਰ ‘ਤੇ ਹੀ ਖਰਚੇ ਜਾਣਗੇ। ਮਾਲੀਏ ਦੇ ਸਭ ਤੋਂ ਵੱਡੇ ਸਰੋਤ ਵਜੋਂ ਵਸਤਾਂ ਤੇ ਸੇਵਾ ਕਰ (ਜੀਐਸਟੀ) ਤੋਂ ਹੋਣ ਵਾਲੀ ਕਮਾਈ 23 ਪੈਸੇ ਪ੍ਰਤੀ ਰੁਪਏ ਰਹਿਣ ਦਾ ਅਨੁਮਾਨ ਹੈ। ਇਸੇ ਤਰ੍ਹਾਂ ਕਾਰਪੋਰੇਟ ਕਰਾਂ ਤੋਂ ਇਕੱਠਾ ਹੋਣ ਵਾਲਾ ਮਾਲੀਆ 19 ਪੈਸੇ ਰਹੇਗਾ। ਅਗਲੇ ਵਿੱਤੀ ਸਾਲ ਵਿੱਚ ਸਰਕਾਰੀ ਖ਼ਜ਼ਾਨੇ ਨੂੰ ਮਿਲਣ ਵਾਲੇ ਹਰ ਇਕ ਰੁਪਏ ਦੇ ਨਾਲ ਟੈਕਸ ਵਜੋਂ 16 ਪੈਸੇ ਮਿਲਣਗੇ। ਉਧਰ ਕਸਟਮ ਡਿਊਟੀ ਤੋਂ ਚਾਰ ਪੈਸੇ ਆਉਣਗੇ। ਸਰਕਾਰ ਦੀ ਅਗਲੇ ਵਿੱਤੀ ਸਾਲੀ ਵਿੱਚ ਅਪਨਿਵੇਸ਼ ਜਿਹੇ ਗ਼ੈਰ ਟੈਕਸ ਮਾਲੀਏ ਤੋਂ 8 ਪੈਸੇ ਕਮਾਉਣ ਦੀ ਯੋਜਨਾ ਹੈ। ਉਧਰ ਗੈਰ ਕਰਜ਼ਾ ਪ੍ਰਾਪਤੀਆਂ ਤੋਂ ਸਰਕਾਰੀ ਖ਼ਜ਼ਾਨੇ ਨੂੰ ਹਰ ਇਕ ਰੁਪਏ ‘ਚੋਂ ਤਿੰਨ ਪੈਸੇ ਮਿਲਣਗੇ।

# ਨਵੇਂ ਬਜਟ ’ਚ ਖੇਤੀ ਵਾਸਤੇ ਰਾਹਤ ਨਿਰਾ ਭੰਬਲਭੂਸਾ

**ਚੰਡੀਗੜ੍ਹ/ਬਿਊਰੋ ਨਿਊਜ਼:** ਭਾਰਤ ਦੀ ਕੇਂਦਰ ਵਿਚਲੀ ਨਰਿੰਦਰ ਮੋਦੀ ਸਰਕਾਰ ਦਾ ਆਖ਼ਰੀ ਪੂਰਾ ਬਜਟ ਕਿਸਾਨਾਂ ਦੇ ਲੇਖੇ ਲਗਾਉਣ ਦੀ ਬਿਆਨਬਾਜ਼ੀ ਨੇ ਕਿਸਾਨਾਂ ਦੀ ਉਲਝਣ ਹੋਰ ਵਧਾ ਦਿੱਤੀ ਹੈ। ਫਸਲਾਂ ਦਾ ਘੱਟੋ ਘੱਟ ਸਮਰਥਨ ਮੁੱਲ ਤੈਅ ਕਰਨ ਉੱਤੇ ਲਗਾਤਾਰ ਉਠਦੇ ਸੁਆਲਾਂ ਨੂੰ ਹੱਲ ਕਰਨ ਲਈ ਬਣਾਈ ਰਮੇਸ਼ ਚੰਦ ਦੀ ਅਗਵਾਈ ਵਾਲੀ ਕਮੇਟੀ ਦੀਆਂ ਸਿਫਾਰਿਸ਼ਾਂ ਵੀ ਨਜ਼ਰਅੰਦਾਜ਼ ਕਰ ਦਿੱਤੀਆਂ ਗਈਆਂ ਹਨ। ਸਮਰਥਨ ਮੁੱਲ ਤੈਅ ਕਰਨ ਦਾ ਮਾਪਦੰਡ ਤਬਦੀਲ ਕਰਕੇ ਖੇਤੀ ਲਾਗਤ ਅਤੇ ਮੁੱਲ ਕਮਿਸ਼ਨ ਵੱਲੋਂ ਅਪਣਾਇਆ ਪਹਿਲਾ ਤਰੀਕਾ ਵੀ ਕਮਜ਼ੋਰ ਹੋ ਗਿਆ ਹੈ। ਇਸੇ ਲਈ ਡਾ. ਸਵਾਮੀਨਾਥਨ ਨੇ ਵੀ ਮੁੱਲ ਤੈਅ ਕਰਨ ਦਾ ਮਾਪਦੰਡ ਸਪੱਸ਼ਟ ਕਰਨ ਲਈ ਕਿਹਾ ਹੈ।

ਵਿੱਤ ਮੰਤਰੀ ਨੇ ਹਾੜ੍ਹੀ ਦੀਆਂ ਫਸਲਾਂ ਦਾ ਘੱਟੋ ਘੱਟ ਸਮਰਥਨ ਮੁੱਲ ਉਤਪਾਦਨ ਲਾਗਤ ਵਿੱਚ ਪੰਜਾਹ ਫੀਸਦ ਮੁਨਾਫ਼ਾ ਜੋੜ ਕੇ ਦੇਣ ਦਾ ਦਾਅਵਾ ਕੀਤਾ ਹੈ ਪਰ ਸਵਾਮੀਨਾਥਨ ਰਿਪੋਰਟ ਮੁਤਾਬਕ ਤਾਂ ਕਿਸੇ ਵੀ ਫਸਲ ਦਾ ਪੂਰਾ ਮੁੱਲ ਨਹੀਂ ਮਿਲਿਆ। ਇਸ ਤੋਂ ਪਹਿਲਾਂ ਖੇਤੀ ਲਾਗਤ ਅਤੇ ਮੁੱਲ ਕਮਿਸ਼ਨ ਏ-2 ਭਾਵ ਖਾਦਾਂ, ਕੀਟਨਾਸ਼ਕਾਂ, ਪਾਣੀ ਅਤੇ ਫਸਲਾਂ ਉਗਾਉਣ ਅਤੇ ਹੋਣ ਵਾਲੇ ਹੋਰ ਖਰਚੇ, ਪਰਿਵਾਰਕ ਲੇਬਰ (ਐਫਐਲ) ਅਤੇ ਸੀ-2 ਭਾਵ ਜ਼ਮੀਨ ਦਾ ਕਿਰਾਇਆ ਵੀ ਸ਼ਾਮਲ ਕਰਕੇ ਘੱਟੋ ਘੱਟ ਸਮਰਥਨ ਮੁੱਲ ਦੀ ਸਿਫਾਰਿਸ਼ ਕੀਤੀ ਜਾਂਦੀ ਹੈ। ਇਸ ਸਭ ਦੇ ਨਿਰਧਾਰਨ ਲਈ ਵੀ ਕਮਿਸ਼ਨ ‘ਤੇ ਉਤਪਾਦਨ ਲਾਗਤ, ਸਬੰਧਤ ਫਸਲ ਦੀ ਮੰਗ ਅਤੇ ਸਪਲਾਈ ਦੀ ਸਥਿਤੀ, ਵੱਖ ਵੱਖ ਫਸਲਾਂ ਦਰਮਿਆਨ ਕੀਮਤਾਂ ਦਾ ਸੁਮੇਲ, ਘਰੇਲੂ ਅਤੇ ਅੰਤਰਰਾਸ਼ਟਰੀ ਕੀਮਤਾਂ, ਵਪਾਰ ਦੀਆਂ ਸ਼ਰਤਾਂ ਅਤੇ ਬਾਜ਼ਾਰੂ ਕੀਮਤਾਂ ਉੱਤੇ ਪੈਣ ਵਾਲੇ ਪ੍ਰਭਾਵ ਦੇ ਦਾਇਰੇ ਵਿੱਚ ਰਹਿਣ ਦੀ ਬੰਦਿਸ਼ ਹੈ। ਇਸ ਨਾਲ ਸਵਾਲ ਪੈਦਾ ਹੁੰਦਾ ਹੈ ਕਿ ਮਹਿੰਗਾਈ ਅਤੇ ਕੌਮਾਂਤਰੀ ਮਾਮਲਿਆਂ ਦਾ ਬੋਝ ਕੇਵਲ ਕਿਸਾਨ ਹੀ ਕਿਉਂ ਚੁੱਕੇਗਾ ?

ਕੇਂਦਰ ਸਰਕਾਰ ਨੇ ਹੁਣ ਏ-2 ਅਤੇ ਪਰਿਵਾਰਕ ਲੇਬਰ ਨੂੰ ਆਧਾਰ ਬਣਾ ਕੇ 50 ਫ਼ੀਸਦ ਮੁਨਾਫ਼ਾ ਦੇਣ ਦਾ ਤਰੀਕਾ ਅਪਣਾ ਲਿਆ ਹੈ। ਭਾਜਪਾ ਦੇ ਕੌਮੀ ਬੁਲਾਰੇ ਸੰਬਿਤ ਪਾਤਰਾ ਨੇ ਜ਼ਮੀਨ ਦਾ ਕਿਰਾਇਆ ਸ਼ਾਮਲ ਨਾ ਕੀਤੇ ਜਾਣ ਬਾਰੇ ਕਿਹਾ ਕਿ ਜਿਸ ਨੂੰ ਖੇਤੀ ਲਾਹੇਵੰਦ ਨਹੀਂ ਲਗਦੀ, ਉਹ ਖੇਤੀ ਨਾ ਕਰੇ ਅਤੇ ਜ਼ਮੀਨ ਠੇਕੇ ‘ਤੇ ਦੇਵੇ। ਪੰਜਾਬ ਸਰਕਾਰ ਦੇ ਇੱਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਇਹ ਦਲੀਲ ਹਾਸੋਹੀਣੀ ਹੈ। ਪੰਜਾਬ ਵਿੱਚ ਲਗਪਗ 20 ਲੱਖ ਪਰਿਵਾਰ

ਬਾਕੀ ਸਫ਼ਾ 28 ’ਤੇ


WHITE HAWK TRUCKING INC

*Need Drivers & Owner Operators*

Dedicated Load (ਪੱਕੇ ਲੋਡ)

Immediate Payment Option

West Coast I-5 Route



• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ

• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires

• Minor to Major Repair • Rebuild Engine Transmission DEF, DPF Cleaning

• Any kind of Road Service • Computer Diagnose

*Call for more Info:*

Phone: (209) 242-9569, (209) 564-8899, (209) 345-6968

2101 MARTIN LUTHER KING JR WAY STOCKTON, CA 95205



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ’ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# CAPITAL ACCOUNTING & TAX SERVICES

HELPING PEOPLE FOR THEIR TRUCKING NEEDS

**(IRP) Plates-48 States-Same Day**

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

**ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ**

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

**Same Day Plates Same Day Plates Same Day Plates**


Kuldeep Singh Kang


Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



**TRUCKING SERVICES AVAILABLE**
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

**BUSINESS SERVICES AVAILABLE**
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

**PH : 530-669-5780 Fax : 530-669-5775**
**Cell : 530-908-9386 Cell : 530-405-6020**

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।

825 East Street, Suite 110 Woodland, CA 95776


# ਪ੍ਰਸਿੱਧ ਗਦਰੀ ਹਰਨਾਮ ਸਿੰਘ ਟੁੰਡੀ ਲਾਟ ਦੀ ਭਤੀਜੀ ਬੀਬੀ ਹਰਜਿੰਦਰ ਕੌਰ ਬਲੱਗਣ ਦਾ ਅਕਾਲ ਚਲਾਣਾ

### *ਸਸਕਾਰ ਤੇ ਅੰਤਮ ਅਰਦਾਸ 11 ਫਰਵਰੀ ਐਤਵਾਰ ਨੂੰ*

**ਫਰਿਜ਼ਨੋਂ/ਬਿਊਰੋ ਨਿਊਜ਼:** ਭਾਰਤੀ ਉਪ ਮਹਾਂਦੀਪ ਦੀ ਅੰਗਰੇਜ ਸਾਮਰਾਜ ਤੋਂ ਆਜ਼ਾਦੀ ਦੀ ਲੜਾਈ ਦੇ ਸੂਰਮੇ ਪ੍ਰਸਿੱਧ ਗਦਰੀ ਬਾਬਾ ਹਰਨਾਮ ਸਿੰਘ ਟੁੰਡੀ ਲਾਟ ਦੀ ਭਤੀਜੀ, ਸ. ਭਗਤ ਸਿੰਘ ਟੋਬਾ ਦੀ ਪੁਤਰੀ ਅਤੇ ਸਵਰਗਵਾਸੀ ਹਰਭਜਨ ਸਿੰਘ ਬਲੱਗਣ ਦੀ ਪਤਨੀ ਬੀਬੀ ਹਰਜਿੰਦਰ ਕੌਰ ਬਲੱਗਣ ਸੰਖੇਪ ਜਿਹੀ ਬਿਮਾਰੀ ਬਾਅਦ 31 ਜਨਵਰੀ 2018 ਨੂੰ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦਾ ਜਨਮ 20 ਦਸੰਬਰ 1935 ਨੂੰ ਚੱਕ ਨੰਬਰ 352 ਪਾਕਿਸਤਾਨ ਵਿਖੇ ਹੋਇਆ ਸੀ ਉਨ੍ਹਾਂ ਦਾ ਸਹੁਰਾ ਪਿੰਡ ਬਲੱਗਣ ਜ਼ਿਲ੍ਹਾ ਹੁਸ਼ਿਆਰਪੁਰ ਅਤੇ ਪੇਕਾ ਪਿੰਡ ਬਸੀ ਜਲਾਲ ਹੁਸ਼ਿਆਰਪੁਰ ਸੀ। ਪਿੱਛੇ ਉਨ੍ਹਾਂ ਦੋ ਪੁੱਤਰ ਕੁਲਵੰਤ ਸਿੰਘ ਐਸ ਪੀ ਤੇ ਸਤਵਿੰਦਰ ਸਿੰਘ ਰਾਣਾ ਅਤੇ ਇਕ ਧੀ ਕੁਲਵਿੰਦਰ ਕੌਰ ਨਿਜਰ ਹਨ।



ਬੀਬੀ ਹਰਜਿੰਦਰ ਕੌਰ ਦਾ ਸਸਕਾਰ 11 ਫਰਵਰੀ ਐਤਵਾਰ ਸਵੇਰੇ 11:00 ਵਜੇ ਤੋਂ ਬਾਅਦ ਦੁਪਹਿਰ 1:00 ਵਜੇ ਤੱਕ ਸ਼ਾਤ ਭਵਨ 4800 ਈ ਕਲੇਟਨ ਐਵੀਨਿਊ ਫਰਿਜ਼ਨੋ 93625 ਵਿਖੇ ਹੋਵੇਗਾ । ਉਸਤੋਂ ਬਾਅਦ ਅੰਤਮ ਅਰਦਾਸ ਸੈਲਮਾ ਗੁਰੂ ਘਰ ਵਿਖੇ ਹੋਵੇਗੀ । ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਟੈਲੀਫੋਨ ਨੰਬਰ : ਘਰ ਦਾ 559-896-8900 ਅਤੇ 559-514-9777

## ਇੰਡੋ ਅਮਰੀਕਨ ਕਲਚਰਲ ਆਗੇਨਾਈਜੇਸ਼ਨ ਨੇ ਸ਼ੋਕ ਪ੍ਰਗਟਾਇਆ

**ਫਰਿਜ਼ਨੋਂ/ਬਿਊਰੋ ਨਿਊਜ਼:** ਇੰਡੋ ਅਮਰੀਕਨ ਕਲਚਰਲ ਆਗੇਨਾਈਜੇਸ਼ਨ ਨੇ ਗਦਰੀ ਯੋਧੇ ਬਾਬਾ ਹਰਨਾਮ ਸਿੰਘ ਟੁੰਡੀਲਾਟ ਦੀ ਭਤੀਜੀ ਬੀਬੀ ਹਰਜਿੰਦਰ ਕੌਰ ਬਲੱਗਣ ਦੇ ਅਕਾਲ ਚਲਾਣੇ ਉੱਤੇ ਗਹਿਰਾ ਸੋਪ੍ਰਗਟ ਕਰਦਿਆਂ ਕਿਹਾ ਹੈ ਕਿ ਬੀਬੀ ਜੀ ਆਖ਼ਰੀ ਸਾਹ ਤੱਕ ਅਪਣੇ ਦਾਦਾ ਜੀ ਦੇ ਇਨਕਲਾਬੀ ਸਿਧਾਂਤਾਂ ਨਾਲ ਜੁੜੇ ਰਹੇ। ਇੱਥੇ ਜਾਰੀ ਇੱਕ ਲਿਖਤੀ ਪ੍ਰੈਸ ਬਿਆਨ ਰਾਹੀਂ ਜਥੇਬੰਦੀ ਨੇ ਕਿਹਾ ਕਿ ਬੀਬੀ ਜੀ ਇੰਡੋ ਅਮਰੀਕਨ ਕਲਚਰਲ ਆਗੇਨਾਈਜੇਸ਼ਨ ਵੱਲੋਂ ਹਰ ਸਾਲ ਅਕਤੂਬਰ ਵਿਚ ਕਰਵਾਏ ਜਾਂਦੇ ਮੇਲੇ ਵਿਚ ਸ਼ਾਮਿਲ ਹੁੰਦੇ ਰਹੇ ਹਨ। ਬੀਬੀ ਜੀ ਨੇ ਸਾਲ 2011 ਦੇ ਮੇਲੇ ਵਿਚ 8 ਅਕਤੂਬਰ ਨੂੰ ਗਦਰ ਪਾਰਟੀ ਦਾ ਝੰਡਾ ਝੁਲਾਉਣ ਦੀ ਰਸਮ ਅਦਾ ਕੀਤੀ ਸੀ ਅਤੇ ਜਥੇਬੰਦੀ ਬਾਰੇ ਬੜੇ ਹੀ ਭਾਵ ਪੂਰਨ ਸ਼ਬਦ ਕਹੇ ਸਨ ।

ਜੱਥੇਬੰਦੀ ਉਨ੍ਹਾਂ ਦੇ ਸਪੁੱਤਰਾਂ ਕੁਲਵੰਤ ਸਿੰਘ ਐਸ ਪੀ ਸਵਿੰਦਰ ਸਿੰਘ ਰਾਣਾ ਅਤੇ ਬੇਟੀ ਕੁਲਵਿੰਦਰ ਕੌਰ ਨਿਜਰ ਨਾਲ ਦੁੱਖ ਸਾਂਝਾ ਕਰਦਿਆਂ ਇਸ ਪਰਿਵਾਰ ਵੱਲੋਂ ਦੇਸ਼ ਦੀ ਆਜ਼ਾਦੀ ਲਈ ਕੀਤੀਆਂ ਕੁਰਬਾਨੀਆਂ ਤੇ ਝੱਲੇ ਕਸ਼ਟਾਂ ਅੱਗੇ ਸਿਰ ਨਿਵਾਉਂਦੀ ਹੈ।

ਇੰਡੋ ਅਮਰੀਕਾ ਕਲਚਰਲ ਔਰਗੇਨਾਈਜ਼ੇਸ਼ਨ ਨੇ ਸਭਨਾਂ ਅਗਾਂਹਵਧੂ ਲੋਕਾਂ ਤੇ ਅਪਣੇ ਮੈਂਬਰਾਂ ਨੂੰ ਬੀਬੀ ਹਰਜਿੰਦਰ ਕੌਰ ਜੀ ਦੇ ਸਸਕਾਰ ਤੇ ਅੰਤ ਅਰਦਾਸ ਮੌਕੇ ਸ਼ਾਮਲ ਹੋਣ ਲਈ ਸੱਦਾ ਦਿੱਤਾ ਹੈ।


# A-ONE EXPRESS

**ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ**

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

**6120 Faith Home Rd Ceres, CA 95307**

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# ਵਿਦਵਾਨਾਂ ਵਲੋਂ ਪੰਜਾਬੀ ਨੂੰ ਦਰਪੇਸ਼ ਚੁਣੌਤੀਆਂ ਤੇ ਮਾਂ ਬੋਲੀ ਨੂੰ ਬਣਦਾ ਮਾਣ ਦਿਵਾਉਣ ਲਈ ਸਾਂਝੇ ਯਤਨਾਂ ਉੱਤੇ ਜ਼ੋਰ

## ਵਿਸ਼ਵ ਪੰਜਾਬੀ ਕਾਨਫਰੰਸ 'ਚ ਪੰਜਾਬੀ ਭਾਸ਼ਾ ਤੇ ਸਾਹਿਤ ਬਾਰੇ ਗੰਭੀਰ ਵਿਚਾਰ ਵਟਾਂਦਰਾ

**ਨਵੀਂ ਦਿੱਲੀ/ਬਿਊਰੋ ਨਿਊਜ਼**

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ ਵਿੱਚ ਕਰਵਾਈ ਗਈ ਵਿਸ਼ਵ ਪੰਜਾਬੀ ਕਾਨਫਰੰਸ ਦੌਰਾਨ ਦੇ ਆਖਰੀ ਦਿਨ ਚਾਰ ਸੈਸ਼ਨਾਂ ਦੌਰਾਨ ਪੰਜਾਬੀ ਵਿਦਵਾਨਾਂ ਨੇ ਵੱਖ-ਵੱਖ ਵਿਸ਼ਿਆਂ ਬਾਰੇ ਪਰਚੇ ਪੜ੍ਹੇ, ਜਿਨ੍ਹਾਂ ਵਿੱਚ ਭਾਸ਼ਾ ਨੂੰ ਬਚਾਉਣ, ਨਵੀਂ ਪੀੜ੍ਹੀ ਨੂੰ ਸਾਹਿਤ ਨਾਲ ਜੋੜਨ ਤੇ ਸਾਹਿਤ ਦੇ ਗੌਰਵਮਈ ਅਤੀਤ ਬਾਰੇ ਗੱਲ ਕੀਤੀ ਗਈ। ਇਸੇ ਦੌਰਾਨ ਪੰਜਾਬੀ ਭਾਸ਼ਾ ਦੀ ਬਿਹਤਰੀ ਅਤੇ ਵੱਖ ਵੱਖ ਖੇਤਰਾਂ ਵਿੱਚ ਪੰਜਾਬੀ ਭਾਸ਼ਾ ਨੂੰ ਬਣਦਾ ਮਾਣ ਦਿਵਾਉਣ ਲਈ ਮਤੇ ਵੀ ਪਾਸ ਕੀਤੇ ਗਏ।

ਪਹਿਲੇ ਸੈਸ਼ਨ ਦੌਰਾਨ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ ਦੇ ਪ੍ਰਿੰਸੀਪਲ ਡਾ. ਜਸਵਿੰਦਰ ਸਿੰਘ ਨੇ ਪੰਜਾਬੀ ਕਹਾਣੀ ਦੇ ਭੂਤ, ਵਰਤਮਾਨ ਅਤੇ ਭਵਿੱਖ ਬਾਰੇ ਆਪਣੇ ਵਿਚਾਰ ਰੱਖੇ। ਇਸੇ ਤਰ੍ਹਾਂ ਡਾ. ਧਨਵੰਤ ਕੌਰ ਤੇ ਬਲਬੀਰ ਮਾਧੋਪੁਰੀ ਨੇ ਪੰਜਾਬੀ ਦਲਿਤ ਸਵੈ-ਜੀਵਨੀਆਂ ਦੇ ਪਾਠ ਮੁਹਾਵਰੇ ਬਾਰੇ ਗੱਲ ਕੀਤੀ। ਅੰਸ਼ੂ ਮਲਹੋਤਰਾ ਨੇ ਪੰਜਾਬੀ ਕਵਿਤਰੀ ਪੀਰੋ ਦੇ ਜੀਵਨ ਤੇ ਰਚਨਾ ਬਾਰੇ ਚਾਨਣਾ ਪਾਇਆ। ਡਾ. ਯਾਦਵਿੰਦਰ ਸਿੰਘ ਨੇ ਪੰਜਾਬੀ ਸਾਹਿਤ ਵਿੱਚ ਆਧੁਨਿਕਤਾ ਦੇ ਸੰਕਲਪ 'ਤੇ ਪਰਚਾ



ਵਿਸ਼ਵ ਪੰਜਾਬੀ ਕਾਨਫਰੰਸ ਦੌਰਾਨ ਮੰਚ 'ਤੇ ਬਿਰਾਜਮਾਨ ਪੰਜਾਬੀ ਬੁੱਧੀਜੀਵੀ।

ਪੜ੍ਹਿਆ। ਡਾ. ਦੇਵਿੰਦਰ ਕੌਰ ਨੇ ਪਰਵਾਸੀ ਪੰਜਾਬੀ ਸਾਹਿਤ ਤੇ ਸਮਕਾਲੀ ਸਥਿਤੀ ਅਤੇ ਸੁਖਵਿੰਦਰ ਅੰਮ੍ਰਿਤ ਨੇ ਪੰਜਾਬੀ ਕਵਿਤਾ ਬਾਰੇ ਪਰਚਾ ਪੜ੍ਹਿਆ। ਡਾ. ਅਮਰਜੀਤ ਕੌਰ, ਡਾ. ਰਵਿੰਦਰ ਕੌਰ ਬੇਦੀ, ਅਤੇ ਭੁਪਿੰਦਰ ਸਿੰਘ ਨੇ

ਬਾਕੀ ਸਫ਼ਾ 28 'ਤੇ

**ਪੰਜਾਬੀ ਦੀ ਬਿਹਤਰੀ ਲਈ ਮਤੇ ਪਾਸ :** ਪ੍ਰੋ. ਮਨਜੀਤ ਸਿੰਘ ਨੇ ਇਸ ਕਾਨਫ਼ਰੰਸ ਨੂੰ ਅਕਾਦਮਿਕ ਪੱਧਰ 'ਤੇ ਪੰਜਾਬੀ ਦੀ ਪ੍ਰਾਪਤੀ ਦੱਸਦਿਆਂ ਚਾਰ ਮਤੇ ਪੇਸ਼ ਕੀਤੇ। ਇਨ੍ਹਾਂ ਵਿੱਚ ਪੰਜਾਬੀ ਸਮਾਜ ਵਿੱਚ ਅਸ਼ਲੀਲ ਤੇ ਹਿੰਸਕ ਗਾਇਕੀ ਰਾਹੀਂ ਪੰਜਾਬੀ ਦੀ ਅਮੀਰ ਵਿਰਾਸਤ ਨੂੰ ਲਾਈ ਜਾ ਰਹੀ ਢਾਹ ਦੇ ਰੁਝਾਨ ਦੀ ਨਿੰਦਾ ਕੀਤੀ ਗਈ। ਦੂਸਰੇ ਮਤੇ ਵਿੱਚ ਸਾਰੇ ਪੰਜਾਬੀਆਂ ਨੂੰ ਦਿੱਲੀ ਵਿੱਚ ਪੰਜਾਬੀ ਭਾਸ਼ਾ ਦੀ ਬਿਹਤਰੀ ਲਈ ਯੋਗਦਾਨ ਪਾਉਣ ਅਤੇ ਸਰਕਾਰ ਵੱਲੋਂ ਦਿੱਲੀ ਦੇ ਵਿੱਦਿਅਕ ਅਦਾਰਿਆਂ ਵਿੱਚ ਪੰਜਾਬੀ ਪੜ੍ਹਾਉਣ ਲਈ ਪੂਰਾ ਪ੍ਰਬੰਧ ਕਰਨ ਦੀ ਅਪੀਲ ਕੀਤੀ। ਤੀਸਰੇ ਮਤੇ ਵਿੱਚ ਦਿੱਲੀ 'ਚ ਪੰਜਾਬੀ ਦੀ ਉਚੇਰੀ ਸਿੱਖਿਆ ਦੇ ਪ੍ਰਬੰਧ, ਇੱਥੋਂ ਦੀਆਂ ਤਕਨੀਕੀ ਸਿੱਖਿਆ ਸੰਸਥਾਵਾਂ, ਸਾਰੇ ਕਾਲਜਾਂ, ਯੂਨੀਵਰਸਿਟੀਆਂ ਅਤੇ ਹੋਰ ਅਦਾਰਿਆਂ ਵਿੱਚ ਪੰਜਾਬੀ ਨੂੰ ਬਣਦਾ ਸਥਾਨ ਦੇਣ ਅਤੇ ਪੰਜਾਬੀ ਨਾਲ ਸਬੰਧਿਤ ਖਾਲੀ ਪੋਸਟਾਂ ਨੂੰ ਛੇਤੀ ਭਰਨ ਦੀ ਮੰਗ ਕੀਤੀ ਗਈ।

## ਪਰਵਾਸੀ ਡੈਲੀਗੇਟਾਂ ਦਾ ਸਨਮਾਨ

ਵਿਸ਼ਵ ਪੰਜਾਬੀ ਕਾਨਫਰੰਸ ਦੌਰਾਨ ਵਿਦੇਸ਼ਾਂ ਤੋਂ ਆਏ ਡੈਲੀਗੇਟਾਂ ਦਾ ਸਨਮਾਨ ਵਿਸ਼ਵ ਪੰਜਾਬੀ ਸੰਸਥਾ ਦੇ ਕੌਮਾਂਤਰੀ ਮੁਖੀ ਪਦਮਸ੍ਰੀ ਵਿਕਰਮਜੀਤ ਸਿੰਘ ਸਾਹਨੀ ਦੀ ਅਗਵਾਈ ਹੇਠ ਸਨਮਾਨ ਕੀਤਾ ਗਿਆ। ਇਸ ਮੌਕੇ ਸਾਬਕਾ ਰਾਜ ਸਭਾ ਮੈਂਬਰ ਤਰਲੋਚਨ ਸਿੰਘ ਨੇ ਕਿਹਾ ਕਿ ਪੰਜਾਬੀ ਭਾਈਚਾਰੇ ਨੇ ਵਿਸ਼ਵ ਪੱਧਰ 'ਤੇ ਆਪਣੀ ਪਛਾਣ ਬਣਾਈ ਹੈ। ਉਨ੍ਹਾਂ ਕਿਹਾ ਕਿ ਬੀਤੇ ਦਿਨੀਂ ਹੋਈ ਵਿਸ਼ਵ ਕਾਨਫਰੰਸ ਸਿਆਸੀ ਹੱਦਾਂ ਤੋਂ ਪਾਰ ਜਾ ਕੇ ਕਰਵਾਈ ਗਈ ਹੈ, ਜਿਸ ਵਿੱਚ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਆਮਦ ਨੇ ਹੋਰ ਵੀ ਚੰਗਾ ਸੁਨੇਹਾ ਦਿੱਤਾ ਹੈ। ਵਿਕਰਮਜੀਤ ਸਿੰਘ ਸਾਹਨੀ ਨੇ ਕਿਹਾ ਕਿ ਮਾਂ-ਬੋਲੀ ਪੰਜਾਬੀ ਦੀ ਬਿਹਤਰੀ ਲਈ ਕੀਤੇ ਜਾਣ ਵਾਲੇ ਹਰ ਉਪਰਾਲੇ ਦਾ ਸਵਾਗਤ ਕਰਨਾ ਲਾਜ਼ਮੀ ਹੈ। ਕਾਲਜ ਦੇ ਪ੍ਰਿੰਸੀਪਲ ਡਾ. ਜਸਵਿੰਦਰ ਸਿੰਘ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ। ਵਿਦੇਸ਼ੀ ਡੈਲੀਗੇਟਾਂ ਵੱਲੋਂ ਸੁਖਪਾਲ ਸਿੰਘ ਧਨੋਆ ਨੇ ਕਿਹਾ ਕਿ ਵਿਦੇਸ਼ਾਂ ਵਿੱਚ ਵਸਦੇ ਪੰਜਾਬੀ ਵੀ ਮਾਂ-ਬੋਲੀ ਲਈ ਫਿਕਰਮੰਦ ਹਨ। ਇਸ ਦੌਰਾਨ ਵਿਦੇਸ਼ੀ ਡੈਲੀਗੇਟ ਗੁਰਿੰਦਰ ਸਿੰਘ ਖ਼ਾਲਸਾ, ਅਜੈਬ ਸਿੰਘ ਚੱਠਾ, ਸੁਰਦੂਲ ਸਿੰਘ ਖਿਆੜਾ, ਅਜੈਬ ਸਿੰਘ ਸੰਘਾ, ਸੁਖਿੰਦਰ ਧੰਜਲ, ਦਵਿੰਦਰ ਕੌਰ ਯੂਕੇ, ਡਾ. ਬਜਿੰਦਰ ਸਿੰਘ ਤੇ ਬਹਾਦਰ ਸਿੰਘ (ਯੂਐੱਸਏ) ਸਮੇਤ ਡਾ. ਅਮਨਪ੍ਰੀਤ ਸਿੰਘ ਗਿੱਲ, ਤਰਨਪ੍ਰੀਤ ਸਿੰਘ, ਭੁਪਿੰਦਰਪਾਲ ਸਿੰਘ, ਹਰਬੰਸ ਸਿੰਘ, ਡਾ. ਜਸਪਾਲ ਕੌਰ, ਪ੍ਰੋ. ਮਨਜੀਤ ਸਿੰਘ, ਡਾ. ਸੁਖਬੀਰ ਸਿੰਘ, ਡਾ. ਰਵਿੰਦਰ ਕੌਰ ਬੇਦੀ, ਡਾ. ਨਿੰਮੀ ਸਿੰਘ ਤੇ ਰੁਚੀ ਅਰੋੜਾ ਨੇ ਵੀ ਸਮਾਗਮ ਵਿੱਚ ਸ਼ਮੂਲੀਅਤ ਕੀਤੀ।



ਵਿਸ਼ਵ ਪੰਜਾਬੀ ਸੰਸਥਾ ਵੱਲੋਂ ਪਰਵਾਸੀ ਡੈਲੀਗੇਟਾਂ ਦੇ ਸਨਮਾਨ ਲਈ ਕਰਾਏ ਗਏ ਸਮਾਗਮ ਦੀ ਝਲਕ।

*ਸ.ਫਾ ਇਕ ਦੀ ਬਾਕੀ*

## ਵਿਚਾਰਾਂ ਦੀ ਆਜ਼ਾਦੀ ਨੂੰ ਕੋਈ ਨਹੀਂ ਦਬਾਅ ਸਕਦਾ: ਡਾ. ਮਨਮੋਹਨ ਸਿੰਘ

ਦਾ ਸਵਾਗਤ ਕੀਤਾ। ਇਸ ਦੌਰਾਨ ਇਕਬਾਲ ਸਿੰਘ ਬਡੂ ਸਾਹਿਬ, ਮਹਿੰਦਰ ਸਿੰਘ, ਬਲਬੀਰ ਮਾਧੋਪੁਰੀ, ਵਿਕਰਮਜੀਤ ਸਿੰਘ ਸਾਹਨੀ, ਜਸਟਿਸ ਰਾਜਿੰਦਰ ਸੱਚਰ, ਗਾਇਕ ਹੰਸਰਾਜ ਹੰਸ, ਡਾ. ਜੇਐਸ ਚੱਢਾ, ਐਸਪੀ ਸਿੰਘ ਓਬਰਾਏ, ਅਜੈਬ ਸਿੰਘ, ਪ੍ਰੋ. ਗੁਰਚਰਨ ਸਿੰਘ, ਸੁੱਖੀ ਬਾਠ ਤੇ ਹੋਰਨਾਂ ਦਾ ਸਨਮਾਨ ਕੀਤਾ ਗਿਆ। ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦਾ ਸਨਮਾਨ ਸ੍ਰੀ ਜੀਕੇ ਨੇ ਪ੍ਰਾਪਤ ਕੀਤਾ। ਇਸ ਦੌਰਾਨ ਡਾ. ਮਨਮੋਹਨ ਸਿੰਘ ਦਾ ਵੀ ਸਨਮਾਨ ਕੀਤਾ ਗਿਆ ਕਾਨਫਰੰਸ ਦੌਰਾਨ ਪ੍ਰੋ. ਲਖਵਿੰਦਰ ਸਿੰਘ ਗਿੱਲ ਨੇ 'ਪੰਜਾਬ ਦਾ ਆਰਥਿਕ ਵਿਕਾਸ: ਨਵੇਂ ਦਿਸਹੱਦੇ ਦੀ ਤਲਾਸ਼', ਡਾ. ਮਨਮੋਹਨ ਸਿੰਘ ਨੇ 'ਪੰਜਾਬ ਤੇ ਕੌਮੀ ਸੁਰੱਖਿਆ ਦਾ ਪ੍ਰਸੰਗ', ਜਨਾਬ ਗੁਲਾਮ ਮੁਸਤਫ਼ਾ ਯੂ.ਕੇ. ਨੇ 'ਪੱਛਮੀ ਪੰਜਾਬ: ਆਰਥਿਕ ਤੇ ਸਮਾਜਕ ਨਜ਼ਰੀਆ' ਅਤੇ ਡਾ. ਅਮਨਪ੍ਰੀਤ ਸਿੰਘ ਗਿੱਲ ਨੇ 'ਪੰਜਾਬ ਵਿੱਚ ਖੇਤੀ ਆਰਥਿਕਤਾ' ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਪੰਜਾਬੀ ਦੇ ਆਰਥਿਕਤਾ ਨਾਲ ਜੁੜਨ, ਪੰਜਾਬ ਦੀ ਭੂਗੋਲਿਕ ਸਥਿਤੀ ਤੇ ਖੁਦਕੁਸ਼ੀਆਂ ਸਮੇਤ ਰਣਜੀਤ ਸਿੰਘ ਕਾਲ ਦੌਰਾਨ ਸਿੱਖ ਪ੍ਰੰਪਰਾ ਤੇ ਭਾਸ਼ਾਈ ਪੱਖਾਂ ਬਾਰੇ ਚਰਚਾ ਕੀਤੀ ਗਈ। ਸੀਨੀਅਰ ਪੱਤਰਕਾਰ ਸਤਨਾਮ ਸਿੰਘ ਮਾਣਕ ਨੇ ਕੂੰਜੀਵਤ ਭਾਸ਼ਣ ਦਿੱਤਾ। ਇਸ ਮੌਕੇ ਮੁੱਖ ਮਹਿਮਾਨ ਅਤੇ ਕਾਲਜ ਦੇ ਪ੍ਰਬੰਧਕਾਂ ਵੱਲੋਂ ਕਾਨਫਰੰਸ ਦਾ ਕਿਤਾਬਚਾ ਵੀ ਰਿਲੀਜ਼ ਕੀਤਾ ਗਿਆ।

## ਮਾਲਦੀਵ ਵਿਚਲਾ ਰਾਜਸੀ ਸੰਕਟ ਹੋਰ ਗੰਭੀਰ

ਕਿਹਾ ਗਿਆ ਕਿ ਭਾਰਤ ਸਰਕਾਰ ਮਾਲਦੀਵ 'ਚ ਫ਼ੌਜ ਦੇ ਨਾਲ ਸਫ਼ੀਰ ਨੂੰ ਭੇਜੇ ਤਾਂ ਜੋ ਜੱਜਾਂ ਅਤੇ ਸਿਆਸੀ ਬੰਦੀਆਂ ਨੂੰ ਰਿਹਾਅ ਕੀਤਾ ਜਾ ਸਕੇ। ਨਾਸ਼ੀਦ ਮੁਤਾਬਕ ਯਾਮੀਨ ਨੇ ਗ਼ੈਰ-ਕਾਨੂੰਨੀ ਢੰਗ ਨਾਲ ਮਾਰਸ਼ਲ ਲਾਅ ਐਲਾਨਿਆ ਹੈ। ਭਾਰਤ ਅਤੇ ਅਮਰੀਕਾ ਦੀਆਂ ਸਰਕਾਰਾਂ ਨੂੰ ਉਨ੍ਹਾਂ ਉਚੇਚੇ ਤੌਰ 'ਤੇ ਬੇਨਤੀ ਕੀਤੀ ਹੈ ਕਿ ਯਾਮੀਨ ਨੂੰ ਸੱਤਾ ਤੋਂ ਲਾਂਭੇ ਕੀਤਾ ਜਾਵੇ। ਮਾਲਦੀਵਜ਼ 'ਚ ਐਮਰਜੈਂਸੀ ਮਗਰੋਂ ਅਮਰੀਕਾ ਨੇ ਕਿਹਾ ਹੈ ਕਿ ਉਹ ਰਾਸ਼ਟਰਪਤੀ ਅਬਦੁੱਲਾ ਯਾਮੀਨ ਦੇ ਫ਼ੈਸਲੇ ਤੋਂ ਨਿਰਾਸ਼ ਹੈ। ਅਮਰੀਕਾ ਨੇ ਯਾਮੀਨ ਨੂੰ ਕਾਨੂੰਨ ਦਾ ਸਨਮਾਨ ਕਰਨ ਲਈ ਕਿਹਾ ਹੈ। ਉਧਰ ਚੀਨ ਨੇ ਆਪਣੇ ਨਾਗਰਿਕਾਂ ਨੂੰ ਕਿਹਾ ਹੈ ਕਿ ਉਹ ਮਾਲਦੀਵਜ਼ 'ਚ ਜਾਣ ਦੀਆਂ ਆਪਣੀਆਂ ਯੋਜਨਾਵਾਂ ਨੂੰ ਹਾਲ ਦੀ ਘੜੀ ਟਾਲ ਦੇਣ।

**ਭਾਰਤ ਨੂੰ ਐਮਰਜੈਂਸੀ ਤੋਂ ਪ੍ਰੇਸ਼ਾਨੀ :** ਨਵੀਂ ਦਿੱਲੀ: ਮਾਲਦੀਵ 'ਚ ਸਿਆਸੀ ਉਥਲ-ਪੁਥਲ 'ਤੇ ਤਿੱਖਾ ਪ੍ਰਤੀਕਰਮ ਦਿੰਦਿਆਂ ਭਾਰਤ ਨੇ ਕਿਹਾ ਕਿ ਉਹ ਉਥੋਂ ਦੀ ਸਰਕਾਰ ਵੱਲੋਂ ਐਮਰਜੈਂਸੀ ਦੇ ਕੀਤੇ ਗਏ ਐਲਾਨ ਤੋਂ ਪਰੇਸ਼ਾਨ ਹੈ। ਵਿਦੇਸ਼ ਮੰਤਰਾਲੇ ਵੱਲੋਂ ਜਾਰੀ ਬਿਆਨ 'ਚ ਮਾਲਦੀਵ ਦੇ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਅਤੇ ਸਿਆਸੀ ਹਸਤੀਆਂ ਦੀ ਗ੍ਰਿਫ਼ਤਾਰੀ 'ਤੇ ਚਿੰਤਾ ਪ੍ਰਗਟਾਈ ਗਈ ਹੈ। ਭਾਰਤ ਨੇ ਕੱਲ ਆਪਣੇ ਨਾਗਰਿਕਾਂ ਨੂੰ ਕਿਹਾ ਸੀ ਕਿ ਉਹ ਮਾਲਦੀਵਜ਼ ਦੀ ਯਾਤਰਾ ਤੋਂ ਬਚਣ।

## 'ਸਾਂਝੀ ਸੋਚ' ਅਖ਼ਬਾਰ ਦਾ 5ਵਾਂ ਸਲਾਨਾ ਸਮਾਗਮ 24 ਫਰਵਰੀ ਨੂੰ

**ਫਰਿਜ਼ਨੋ/ਬਿਊਰੋ ਨਿਊਜ਼:**

'ਸਾਂਝੀ ਸੋਚ' ਅਖ਼ਬਾਰ ਦੇ 5 ਵੇਂ ਸਲਾਨਾ ਸਮਾਗਮ ਦੀਆਂ ਤਿਆਰੀਆਂ ਮੁਕੰਮਲ ਹੋ ਗਈਆਂ ਹਨ। 24 ਫਰਵਰੀ 2018 ਨੂੰ ਹੋਣ ਵਾਲੇ ਇਸ ਸਮਾਗਮ ਸਬੰਧੀ ਇੱਥੇ ਹੋਈ ਵਿਸ਼ੇਸ਼ ਮੀਟਿੰਗ ਵਿਚ ਪਾਲ ਸਹੋਤਾ, ਰਾਣਾ ਗਿੱਲ, ਗੁਰਮੀਤ ਗਾਜਿਆਣਾ ਤੇ ਬੂਟਾ ਸਿੰਘ ਬਾਸੀ ਸੰਪਾਦਕ ਸਾਂਝੀ ਸੋਚ ਸ਼ਾਮਿਲ ਹੋਏ। ਮੀਟਿੰਗ ਵਿਚ ਪ੍ਰੋਗਰਾਮ ਨੂੰ ਅੰਤਿਮ ਛੋਹਾਂ ਦਿੱਤੀਆਂ ਗਈਆਂ। ਇਹ ਇਕ ਪਰਿਵਾਰਕ ਸਮਾਗਮ ਹੋਵੇਗਾ ਜਿਸ ਵਿਚ ਪੰਜਾਬੀ ਕਲਾਕਾਰ ਤੇ ਹਾਸਰਸ ਕਲਾਕਾਰ ਮਨੋਰੰਜਨ ਕਰਨਗੇ। ਇਸ ਤੋਂ ਇਲਾਵਾ ਬੱਚਿਆਂ ਦਾ ਡਾਂਸ, ਭੰਗੜਾ ਤੇ ਗਿੱਧਾ ਹੋਵੇਗਾ। ਇਸ ਮੌਕੇ 5 ਇਨਾਮ ਕੱਢੇ ਜਾਣਗੇਜਿਨ੍ਹਾਂ ਵਿਚ ਦੋ ਸੋਨੇ ਦੇ ਝੁਮਕੇ, ਸੋਨੇ ਦੀਆਂ ਵਾਲੀਆਂ, ਇਕ 52 ਇੰਚ ਦਾ ਟੀ.ਵੀ, ਇਕ ਲੈਪਟੈਪ ਤੇ ਪੰਜਾਬੀ ਜੁੱਤੀ ਤੇ ਆਰਟੀਫੀਸ਼ੀਅਲ ਜਿਊਲਰੀ ਸਮੇਤ ਇਕ ਸੂਟ ਸ਼ਾਮਿਲ ਹੋਵੇਗਾ। ਸਮਾਗਮ ਵਿਚ ਪੰਜਾਬੀ ਭਾਈਚਾਰੇ ਦੀਆਂ ਮਾਨਯੋਗ ਸਖਸ਼ੀਅਤਾਂ ਨੂੰ ਸਨਮਾਨਿਤ ਕੀਤਾ ਜਾਵੇਗਾ ਪ੍ਰਬੰਧਕਾਂ ਦੇ ਦਸਣ ਅਨੁਸਾਰ ਸਨੈਕਸ ਤੇ ਰਾਤ ਦੇ ਖਾਣੇ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ। ਸੁਰਖਿਆ ਦੇ ਵੀ ਵਿਸ਼ੇਸ਼ ਪ੍ਰਬੰਧ ਹੋਣਗੇ।




'ਸਾਂਝੀ ਸੋਚ' ਅਖ਼ਬਾਰ ਦੇ 5ਵੇਂ ਸਲਾਨਾ ਸਮਾਗਮ ਸਬੰਧੀ ਹੋਈ ਮੀਟਿੰਗ 'ਚ ਸ਼ਾਮਿਲ ਪਾਲ ਸਹੋਤਾ, ਰਾਣਾ ਗਿੱਲ, ਗੁਰਮੀਤ ਗਾਜ਼ੀਆਣਾ ਤੇ ਬੂਟਾ ਸਿੰਘ ਬਾਸੀ ਸੰਪਾਦਕ 'ਸਾਂਝੀ ਸੋਚ'।

## ਅਕਾਲੀ ਵਿਧਾਇਕ ਅਜੀਤ ਸਿੰਘ ਕੋਹਾੜ ਦਾ ਚਲਾਣਾ



**ਜਲੰਧਰ/ਬਿਊਰੋ ਨਿਊਜ਼:** ਹਲਕਾ ਸ਼ਾਹਕੋਟ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਅਜੀਤ ਸਿੰਘ ਕੋਹਾੜ ਬੀਤੇ ਦਿਨ ਰਾਤੀਂ 11.30 ਵਜੇ ਅਕਾਲ ਚਲਾਣਾ ਕਰ ਗਏ। ਪਰਿਵਾਰ ਨੇ ਦੱਸਿਆ ਕਿ ਰਾਤ ਨੌਂ ਵਜੇ ਉਨ੍ਹਾਂ ਦੇ ਦਿਲ ਵਿੱਚ ਦਰਦ ਹੋਇਆ ਤੇ ਉਨ੍ਹਾਂ ਜਲੰਧਰ ਦੇ ਨਿੱਜੀ ਹਸਪਤਾਲ ਵਿੱਚ ਲਿਆਂਦਾ ਗਿਆ, ਜਿਥੇ ਉਨ੍ਹਾਂ ਨੇ ਆਖਰੀ ਸਾਹ ਲਿਆ। ਉਹ ਪੰਜ ਵਾਰ ਵਿਧਾਇਕ ਚੁਣੇ ਗਏ। ਸੰਨ 1997 ਵਿੱਚ ਉਨ੍ਹਾਂ ਨੇ ਪਹਿਲੀ ਵਾਰ ਵਿਧਾਨ ਸਭਾ ਦੀ ਚੋਣ ਲੋਹੀਆਂ ਹਲਕੇ ਤੋਂ ਲੜੀ ਸੀ। ਉਹ ਕਈ ਵਾਰ ਮੰਤਰੀ ਵੀ ਰਹੇ।

ACURA
AutoNation Acura
Stevens Creek
4747 Stevens Creek Bl.
Santa Clara, CA 95051
ਹਰ ਤਰ੍ਹਾਂ ਦੀ ਨਵੀਂ Acura RDX SUV, Acura MDX SUV, Acura TLX Sedan, Acura ILX Sedan, Acura RLX Sedan & Acura NSX Sports ਖ਼ਰੀਦਣ ਲਈ AutoNation Acura Stevens Creek 'ਤੇ ਦਰਸ਼ਨ ਦਿਓ ਜੀ, ਜੋ ਕਿ Santa Clara ਵਿੱਚ ਬਹੁਤ ਹੀ ਸੋਹਣੀ ਜਗ੍ਹਾ 'ਤੇ ਫਰੀਵੇ 280 ਅਤੇ 880 ਦੇ ਨਜ਼ਦੀਕ ਸਥਿਤ ਹੈ। ਸਾਡੇ ਕੋਲ ਹਰ ਤਰ੍ਹਾਂ ਦੀ ਕਾਰ, ਹਰ ਰੰਗ ਵਿਚ ਉਪਲਬਧ ਹੈ। ਅਸੀਂ ਹਰ ਤਰ੍ਹਾਂ ਦੀ ਕੀਮਤ ਮੈਚ ਜਾਂ ਬੀਟ ਕਰਦੇ ਹਾਂ। ਸਾਡੇ ਕੋਲੋਂ ਹਰ ਤਰ੍ਹਾਂ ਦੀ New & Used ਕਾਰ ਠੀਕ ਕੀਮਤ 'ਤੇ ਲੈ ਸਕਦੇ ਹੋ।
ਤੁਸੀ ਜੇ ਹੁਣੇ ਹੁਣੇ ਅਮਰੀਕਾ ਆਏ ਹੋ, ਤੁਹਾਡਾ ਨਵਾਂ, ਪੁਰਾਣਾ ਜਾਂ ਬੈਡ ਕਰੈਡਿਟ ਹੈ, ਅਸੀਂ ਤੁਹਾਡੀ ਪੂਰੀ ਤਰ੍ਹਾਂ ਨਾਲ ਮਦਦ ਕਰਾਂਗੇ।
ਵਧੀਆ ਤੋਂ ਵਧੀਆ ਡੀਲ ਲੈਣ ਲਈ ਤੁਸੀਂ ਤੁਹਾਡੇ ਆਪਣੇ ਮਿੱਤਰ ਨੂੰ ਸੰਪਰਕ ਕਰ ਸਕਦੇ ਹੋ ਜੋ ਕਿ ਪਿਛਲੇ 15 ਸਾਲਾਂ ਤੋਂ ਬੇ ਏਰੀਆਂ ਅਤੇ ਸੈਂਟਾ ਕਲਾਰਾ ਵਿੱਚ ਤੁਹਾਡੀ ਸੇਵਾ ਕਰਦਾ ਆ ਰਿਹਾ ਹੈ।

Rashpal Singh Aulakh
Sales Manager
AutoNation Acura Stevens Creek
Santa Clara, CA 95051
ਕਾਲ ਕਰੋ ਜਾਂ ਆ ਕੇ ਮਿਲੋ
Cell : 510.299.4326
Email : aulakhr1@autonation.com

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899
Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA

Gurdip Singh Sandhu
Live on Jas TV
Saturday 9:30AM and Sunday 4PM (Pacific Time)
7021 Village Park Way, Dublin, CA 94568
Email:
Homeomedicine@yahoo.com

## ਰਾਜੇ ਦੀ ਸਰਕਾਰ ਨੂੰ ਲੈ ਬੈਠੇਗਾ ਲੁੱਟੇ ਜਾ ਰਹੇ ਰੇਤੇ ਦਾ ਭਾਰ

**ਚੰਡੀਗੜ੍ਹ/ਬਿਊਰੋ ਨਿਊਜ਼:** ਕੈਪਟਨ ਸਰਕਾਰ ਪਿਛਲੇ 10 ਮਹੀਨਿਆਂ ਤੋਂ ਰੇਤੇ ਦੀਆਂ ਖੱਡਾਂ ਵਿੱਚ ਹੀ ਤਿਲਕਦੀ ਜਾ ਰਹੀ ਹੈ। ਪਹਿਲਾਂ ਰੇਤੇ ਦੀਆਂ ਖੱਡਾਂ ਦੀ ਬੋਲੀ ਦੇ ਮਾਮਲੇ ਵਿੱਚ ਰਾਣਾ ਗੁਰਜੀਤ ਸਿੰਘ ਦੇ ਘਿਰਨ ਕਾਰਨ ਇਹ ਮੁੱਦਾ ਉਲਝਿਆ ਰਿਹਾ ਅਤੇ ਹੁਣ ਖੱਡਾਂ ਖਰੀਦਣ ਵਾਲੇ ਠੇਕੇਦਾਰਾਂ ਵੱਲੋਂ ਠੇਕੇ ਦੀ 25 ਫ਼ੀਸਦੀ ਰਾਸ਼ੀ ਜਮਾਂ ਕਰਵਾਉਣ ਤੋਂ ਕੰਨੀ ਕਤਰਾਉਣ ਦੇ ਸੰਕੇਤ ਮਿਲਣ ਕਾਰਨ ਸਰਕਾਰ ਲਈ ਨਵੀਂ ਚਿੰਤਾ ਪੈਦਾ ਹੋ ਰਹੀ ਹੈ। ਸੂਤਰਾਂ ਅਨੁਸਾਰ ਠੇਕੇਦਾਰਾਂ ਨੇ ਸ਼ਰਤਾਂ ਤਹਿਤ ਇਹ ਕਿਸ਼ਤ ਜਨਵਰੀ ਵਿੱਚ ਜਮਾਂ ਕਰਵਾਉਣੀ ਸੀ ਪਰ ਕਈ ਠੇਕੇਦਾਰ ਕਿਸ਼ਤ ਜਮਾਂ ਕਰਵਾਉਣ ਤੋਂ ਭੱਜਣ ਦੀ ਤਾਕ ਵਿੱਚ ਹਨ। ਜ਼ਿਕਰਯੋਗ ਹੈ ਕਿ ਸਰਕਾਰ ਨੇ ਖੱਡਾਂ ਅਲਾਟ ਕਰਨ ਵੇਲੇ ਬੋਲੀ ਦੀ ਕੁੱਲ ਰਾਸ਼ੀ ਦੀ 25 ਫ਼ੀਸਦ ਰਾਸ਼ੀ ਸਕਿਓਰਿਟੀ ਵਜੋਂ ਜਮਾਂ ਕਰਵਾਈ ਸੀ ਅਤੇ ਇਕ ਤਿਮਾਹੀ ਦੀ 25 ਫ਼ੀਸਦ ਰਾਸ਼ੀ ਵੀ ਲੈ ਲਈ ਸੀ। ਇਸ ਤਰ੍ਹਾਂ ਸਰਕਾਰ ਖੱਡਾਂ ਦੀ ਲੱਗੀ ਬੋਲੀ ਦੀ 50 ਫ਼ੀਸਦ ਰਾਸ਼ੀ ਪਹਿਲਾਂ ਹੀ ਵਸੂਲ ਚੁੱਕੀ ਹੈ ਅਤੇ ਹੁਣ ਦੂਜੀ ਤਿਮਾਹੀ 'ਤੇ 25 ਫ਼ੀਸਦ ਰਾਸ਼ੀ ਹਾਸਲ ਕਰਨੀ ਹੈ। ਸੂਤਰਾਂ ਅਨੁਸਾਰ ਮੁੱਖ ਦਫ਼ਤਰ ਵੱਲੋਂ ਮਾਈਨਿੰਗ ਵਿਭਾਗ ਦੇ ਜ਼ਿਲ੍ਹਾ ਪੱਧਰੀ ਅਧਿਕਾਰੀਆਂ ਨੂੰ ਨੋਟਿਸ ਅਤੇ ਐਡਵਾਈਜ਼ਰੀ ਭੇਜ ਕੇ ਠੇਕੇਦਾਰਾਂ ਕੋਲੋਂ ਅਗਲੀ ਤਿਮਾਹੀ ਦੀ ਕਿਸ਼ਤ ਹਾਸਲ ਕਰਨ ਲਈ ਕਿਹਾ ਜਾ ਰਿਹਾ ਹੈ। ਪੰਜਾਬ ਵਿਚ ਵੱਡੇ ਪੱਧਰ 'ਤੇ ਗੈਰ-ਕਾਨੂੰਨੀ ਢੰਗ ਨਾਲ ਮਾਈਨਿੰਗ ਹੋਣ ਅਤੇ ਮੰਦੀ ਕਾਰਨ ਮੰਗ ਘਟਣ ਕਾਰਨ ਰੇਤੇ ਅਤੇ ਬਜਰੀ ਦੀਆਂ ਕੀਮਤਾਂ ਘਟੀਆਂ ਹਨ, ਜਿਸ ਕਾਰਨ ਮਹਿੰਗੀਆਂ ਬੋਲੀਆਂ ਲਾਉਣ ਵਾਲੇ ਠੇਕੇਦਾਰਾਂ ਨੂੰ ਤਿਮਾਹੀ ਕਿਸ਼ਤ ਜਮਾਂ ਕਰਵਾਉਣੀ ਮਹਿੰਗੀ ਹੋਈ ਪਈ ਹੈ।

### ਆਖ਼ਰ ਕੈਪਟਨ ਨੂੰ ਕਰਨੀ ਪੈ ਰਹੀ ਕਾਰਵਾਈ

**ਚੰਡੀਗੜ੍ਹ/ਬਿਊਰੋ ਨਿਊਜ਼:** ਗ਼ੈਰ-ਕਾਨੂੰਨੀ ਖਣਨ ਅਤੇ ਇਸ ਨਾਲ ਸਬੰਧਤ ਟੈਕਸਾਂ ਦੀ ਚੋਰੀ ਰੋਕਣ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਡਿਪਟੀ ਕਮਿਸ਼ਨਰਾਂ ਦੀ ਅਗਵਾਈ ਹੇਠ ਵਿਸ਼ੇਸ਼ ਬਹੁ-ਵਿਭਾਗੀ ਸਾਂਝੀਆਂ ਟੀਮਾਂ ਬਣਾਉਣ ਦੇ ਹੁਕਮ ਜਾਰੀ ਕੀਤੇ ਹਨ। ਇਨ੍ਹਾਂ ਟੀਮਾਂ ਵਿਚ ਕਰ, ਖਣਨ, ਮਾਲ ਅਤੇ ਪੁਲੀਸ ਵਿਭਾਗਾਂ ਦੇ ਅਧਿਕਾਰੀ

ਬਾਕੀ ਸਫ਼ਾ 29 'ਤੇ

# ਦਿੱਲੀ ਵਿਚ ਆਨੰਦ ਮੈਰਿਜ ਐਕਟ ਲਾਗੂ ਹੋਣ ਨਾਲ ਪਰਵਾਸੀਆਂ ਨੂੰ ਸਰਟੀਫਿਕੇਟ ਲੈਣ 'ਚ ਹੋਵੇਗੀ ਸੌਖ

**ਨਵੀਂ ਦਿੱਲੀ/ਬਿਊਰੋ ਨਿਊਜ਼:**
110 ਵਰ੍ਹਿਆਂ ਦੇ ਸੰਘਰਸ਼ ਤੋਂ ਬਾਅਦ ਆਖ਼ਰਕਾਰ ਕੌਮੀ ਰਾਜਧਾਨੀ ਦਿੱਲੀ ਵਿੱਚ ਆਨੰਦ ਮੈਰਿਜ ਐਕਟ ਲਾਗੂ ਹੋ ਗਿਆ ਹੈ। ਉਪ ਰਾਜਪਾਲ ਅਨਿਲ ਬੈਜਲ ਨੇ ਇਸ ਐਕਟ ਨੂੰ ਕੌਮੀ ਰਾਜਧਾਨੀ ਦਿੱਲੀ ਵਿੱਚ ਲਾਗੂ ਕਰਨ ਲਈ ਫਾਈਲ 'ਤੇ ਸਹੀ ਪਾ ਦਿੱਤੀ ਹੈ।

ਪ੍ਰਸਿੱਧ ਵਕੀਲ ਐਚਐਸ ਫੂਲਕਾ ਨੇ ਕਿਹਾ ਕਿ ਆਨੰਦ ਮੈਰਿਜ ਐਕਟ ਕਈ ਸਾਲ ਪਹਿਲਾਂ ਕੇਂਦਰ ਸਰਕਾਰ ਵੱਲੋਂ ਪਾਸ ਕੀਤਾ ਗਿਆ ਸੀ। ਉਸ ਵਕਤ ਕੇਂਦਰ ਸਰਕਾਰ ਵੱਲੋਂ ਕਿਹਾ ਗਿਆ ਸੀ ਕਿ ਸੂਬੇ ਆਪਣੇ ਨਿਯਮ ਬਣਾ ਕੇ ਇਸ ਕਾਨੂੰਨ ਨੂੰ ਲਾਗੂ ਕਰ ਸਕਦੇ ਹਨ। ਕਈ ਸੂਬਿਆਂ ਵੱਲੋਂ ਇਸ ਬਾਰੇ ਨਿਯਮ ਬਣਾਏ ਜਾ ਚੁੱਕੇ ਹਨ ਪਰ ਕੁਝ ਸੂਬਿਆਂ ਵੱਲੋਂ ਨਹੀਂ ਬਣਾਏ ਗਏ ਸੀ। ਦਿੱਲੀ ਵਿੱਚ ਨਿਯਮ ਹੁਣ ਬਣੇ ਹਨ ਤੇ ਦਿੱਲੀ ਵਿੱਚ ਹੁਣ ਇਹ ਐਕਟ ਲਾਗੂ ਹੋਵੇਗਾ। ਦਿੱਲੀ ਵਿੱਚ ਇਸ ਐਕਟ ਨੂੰ ਲਾਗੂ ਕਰਨ ਲਈ ਨੋਟੀਫਿਕੇਸ਼ਨ ਹੀ ਜਾਰੀ ਹੋਣਾ ਹੈ ਬਾਕੀ ਤਿਆਰੀ ਪੂਰੀ ਕਰ ਲਈ ਗਈ ਹੈ।

ਉਨ੍ਹਾਂ ਕਿਹਾ ਕਿ ਸਿੱਖਾਂ ਦੇ ਵਿਆਹ ਹੁਣ ਤੱਕ ਹਿੰਦੂ ਮੈਰਿਜ ਐਕਟ ਦੇ ਤਹਿਤ ਰਜਿਸਟਰ ਹੁੰਦੇ ਸੀ ਪਰ ਹੁਣ ਸਿੱਖਾਂ ਦੇ ਵਿਆਹ ਆਨੰਦ ਮੈਰਿਜ ਐਕਟ ਦੇ ਤਹਿਤ ਰਜਿਸਟਰ ਹੋਣਗੇ।

ਪਹਿਲਾਂ ਜਦੋਂ ਐਨਆਰਆਈ ਮੈਰਿਜ ਸਰਟੀਫਿਕੇਟ ਲੈ ਕੇ ਬਾਹਰ ਜਾਂਦੇ ਸੀ ਤਾਂ ਉਨ੍ਹਾਂ ਨੂੰ ਕਾਫ਼ੀ ਦਿੱਕਤ ਹੁੰਦੀ ਸੀ। ਜੇ ਅਸੀਂ ਮੰਨਦੇ ਹਾਂ ਕਿ ਸਿੱਖ ਧਰਮ ਇੱਕ ਵੱਖਰਾ ਧਰਮ ਹੈ ਤਾਂ ਹਿੰਦੂ ਮੈਰਿਜ ਐਕਟ ਤਹਿਤ ਵਿਆਹ ਰਜਿਸਟਰ ਕਰਵਾਉਣ ਨਾਲ ਮੁਸ਼ਕਲਾਂ ਆਉਂਦੀਆਂ ਸਨ ਪਰ ਹੁਣ ਇਹ ਦਿੱਕਤਾਂ ਦੂਰ ਹੋਣਗੀਆਂ।

### ਦਿੱਲੀ 'ਚ ਅਨੰਦ ਮੈਰਿਜ ਐਕਟ ਲਾਗੂ ਹੋਣਾ ਚੰਗੀ ਗੱਲ: ਭਾਈ ਲੌਂਗੋਵਾਲ

ਨਵੀਂ ਦਿੱਲੀ/ਪੱਤਰ ਪ੍ਰੇਰਕ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਦਿੱਲੀ ਵਿੱਚ ਅਨੰਦ ਮੈਰਿਜ ਐਕਟ ਲਾਗੂ ਹੋਣ ਦਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਅਨੰਦ ਮੈਰਿਜ ਐਕਟ ਦੀ ਲੰਮੇ ਸਮੇਂ ਤੋਂ ਮੰਗ ਕਰਦੀ ਰਹੀ ਹੈ ਅਤੇ ਇਹ ਖ਼ੁਸ਼ੀ ਦੀ ਗੱਲ ਹੈ ਕਿ ਹੁਣ ਤੱਕ ਭਾਰਤ ਦੇ 13 ਰਾਜਾਂ ਵਿੱਚ ਇਸ ਨੂੰ ਮਾਨਤਾ ਮਿਲ ਚੁੱਕੀ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਅਨੰਦ ਮੈਰਿਜ ਐਕਟ ਨੂੰ ਦੇਸ਼ ਦੇ ਬਾਕੀ ਰਾਜਾਂ ਵਿੱਚ ਵੀ ਲਾਗੂ ਕਰਾਉਣ ਲਈ ਕਦਮ ਚੁੱਕੇ ਜਾਣ ਤਾਂ ਜੋ ਸਿੱਖ ਇਸ ਅਧੀਨ ਆਪਣੇ ਅਨੰਦ ਕਾਰਜ ਰਜਿਸਟਰ ਕਰਵਾ ਸਕਣ।



## ਲੰਗਰ 'ਤੇ ਜੀਐੱਸਟੀ ਬਾਰੇ ਜੇਤਲੀ ਦਾ ਬਿਆਨ ਗੁੰਮਰਾਹਕੁਨ: ਲੌਂਗੋਵਾਲ

**ਅੰਮ੍ਰਿਤਸਰ/ਬਿਊਰੋ ਨਿਊਜ਼**
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਵੱਲੋਂ ਗੁਰੂ ਘਰਾਂ ਵਿੱਚ ਲੰਗਰ 'ਤੇ ਜੀਐੱਸਟੀ ਸਬੰਧੀ ਦਿੱਤੇ ਬਿਆਨ ਨੂੰ ਗੁੰਮਰਾਹਕੁਨ ਕਰਾਰ ਦਿੱਤਾ ਹੈ। ਆਮ ਬਜਟ ਤੋਂ ਬਾਅਦ ਕੇਂਦਰੀ ਵਿੱਤ ਮੰਤਰੀ ਦਾ ਇਹ ਬਿਆਨ ਆਇਆ ਹੈ ਕਿ ਗੁਰਦੁਆਰਿਆਂ ਵਿੱਚ ਵਰਤਾਏ ਜਾਂਦੇ ਲੰਗਰਾਂ 'ਤੇ ਕਿਸੇ ਕਿਸਮ ਦਾ ਟੈਕਸ ਨਹੀਂ ਲਾਇਆ ਜਾਂਦਾ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਸ੍ਰੀ ਜੇਤਲੀ ਦੇ ਇਸ ਬਿਆਨ ਨੂੰ ਤੱਥਾਂ ਤੋਂ ਦੂਰ ਦੱਸਦਿਆਂ ਕਿਹਾ ਕਿ ਕੇਂਦਰੀ ਵਿੱਤ ਮੰਤਰੀ ਜਿਹੇ ਜ਼ਿੰਮੇਦਾਰ ਵਿਅਕਤੀ ਦਾ ਅਜਿਹਾ ਬਿਆਨ ਕੇਂਦਰ ਸਰਕਾਰ ਦੀ ਵਿਵਸਥਾ 'ਤੇ ਸਵਾਲੀਆ ਨਿਸ਼ਾਨ ਖੜ੍ਹੇ ਕਰਦਾ ਹੈ। ਉਨ੍ਹਾਂ ਦੱਸਿਆ ਕਿ ਜਦੋਂ ਤੋਂ ਦੇਸ਼ ਭਰ ਵਿੱਚ ਜੀਐੱਸਟੀ ਲਾਗੂ ਹੋਇਆ ਹੈ, ਉਦੋਂ ਤੋਂ ਹੀ ਗੁਰੂ ਘਰਾਂ ਵਿੱਚ ਲੰਗਰਾਂ ਲਈ ਖਰੀਦੀਆਂ ਜਾਂਦੀਆਂ ਰਸਦਾਂ 'ਤੇ ਟੈਕਸ ਲਾਇਆ ਜਾ ਰਿਹਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਸ਼ੁਰੂ ਤੋਂ ਹੀ ਇਸ ਟੈਕਸ ਦੇ ਵਿਰੋਧ ਵਿੱਚ ਆਵਾਜ਼ ਉਠਾਈ ਜਾ ਰਹੀ ਹੈ ਅਤੇ ਇਸ ਸਬੰਧੀ ਪ੍ਰਧਾਨ ਮੰਤਰੀ ਤੇ ਵਿੱਤ ਮੰਤਰੀ ਸਮੇਤ ਸੰਸਦ ਮੈਂਬਰਾਂ ਨੂੰ ਵੀ ਪੱਤਰ ਭੇਜੇ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਜੇਕਰ ਲੰਗਰਾਂ 'ਤੇ ਜੀਐੱਸਟੀ ਮੁਆਫ਼ ਹੈ ਤਾਂ ਸਰਕਾਰ ਵੱਲੋਂ ਇਸ ਸਬੰਧੀ ਸਰਕੁਲਰ ਕਿਉਂ ਨਹੀਂ ਜਾਰੀ ਕੀਤਾ ਗਿਆ। ਉਨ੍ਹਾਂ ਕਿਹਾ ਏਨੇ ਮਹੀਨੇ ਬੀਤਣ ਮਗਰੋਂ ਵੀ ਸ਼੍ਰੋਮਣੀ ਕਮੇਟੀ ਨੂੰ ਸਰਕਾਰ ਵੱਲੋਂ ਜੀਐੱਸਟੀ ਮੁਆਫ਼ ਹੋਣ ਸਬੰਧੀ ਕੋਈ ਸੂਚਨਾ ਪ੍ਰਾਪਤ ਨਹੀਂ ਹੋਈ ਹੈ ਅਤੇ ਜੇਕਰ ਸੱਚਮੁੱਚ ਹੀ ਧਾਰਮਿਕ ਅਸਥਾਨਾਂ ਨੂੰ ਇਸ ਟੈਕਸ ਤੋਂ ਮੁਕਤ ਕੀਤਾ ਗਿਆ ਹੈ ਤਾਂ ਕੇਂਦਰੀ ਮੰਤਰੀ ਨੂੰ ਇਸ ਦੀ ਲਿਖਤੀ ਤੌਰ 'ਤੇ ਸੂਚਨਾ ਜਾਰੀ ਕਰਨੀ ਚਾਹੀਦੀ ਹੈ। ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਪਿਛਲੇ ਸਾਲ ਜੁਲਾਈ ਤੋਂ ਜੀਐੱਸਟੀ ਦੀ ਅਦਾਇਗੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜੇਕਰ ਲੰਗਰ 'ਤੇ ਜੀਐੱਸਟੀ ਲਾਗੂ ਨਹੀਂ ਹੁੰਦਾ ਤਾਂ ਫਿਰ ਇਸ ਸਬੰਧੀ ਸਰਕਾਰ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਕੋਈ ਪੱਤਰ ਕਿਉਂ ਨਹੀਂ ਭੇਜਿਆ ਗਿਆ।




# 'ਬਾਬ ਢਿਲੋਂ ਧੜਾ ਸੱਚਾਈ ਤੋਂ ਕੋਹਾਂ ਦੂਰ ! !'

**ਸਰਬਜੋਤ ਸਿੰਘ ਸਵੱਦੀ**
(ਫੋਨ: 408-449-1639)

ਸੈਨਹੋਜੇ ਗੁਰਦੁਆਰਾ ਸਾਹਿਬ ਦੇ ਆਪੂੰ ਬਣੇ ਪ੍ਰਧਾਨ ਭੁਪਿੰਦਰ ਸਿੰਘ (ਬਾਬ ਢਿੱਲੋ ) ਧੜੇ ਨੇ ਪਿਛਲੇ ਹਫ਼ਤੇ ਦੀਆਂ ਕੁੱਝ ਅਖ਼ਬਾਰਾਂ ਵਿੱਚ , ਇਸ਼ਤਿਹਾਰ ਛਪਵਾ ਕੇ, ਮੈਨੂੰ ਜਾਣੀ ਸਰਬਜੋਤ ਸਿੰਘ ਸਵੱਦੀ ਨੂੰ ਗੁਰਦੁਆਰਾ ਕਮੇਟੀ ਵਿੱਚੋਂ ਗੁਰਦੁਆਰਾ ਪ੍ਰਬੰਧਾਂ ਵਿੱਚ ਹੱਥ ਨਾਂ ਵਟਾਉਣ ਅਤੇ ਪ੍ਰਬੰਧਾਂ ਵਿੱਚ ਕੋਈ ਜ਼ੁੰਮੇਵਾਰੀ ਨਾ ਲੈਣ ਦੇ ਦੋਸ਼ ਤਹਿਤ ਕਮੇਟੀ ਵਿੱਚੋਂ ਕੱਢਣ ਦੀ ਗੱਲ ਕਹੀ ਗਈ ਹੈ, ਜੋ ਸਚਾਈ ਤੋਂ ਕੋਹਾਂ ਦੂਰ ਹੈ ! ਅਸਲ ਵਿੱਚ ਸੱਚਾਈ ਇਹ ਹੈ ਕਿ ਤਾਨਾਸ਼ਾਹੀ ਸੋਚ ਰੱਖਣ ਵਾਲਾ ਬਾਬ ਢਿੱਲੋ ਆਪਣੇ ਨਾਲ "ਰਬੜ ਦੀ ਮੋਹਰ" ਰੂਪੀ ਹਾਂ ਵਿੱਚ ਹਾਂ ਮਿਲਾਉਣ ਵਾਲੇ ਜੀ ਹਜ਼ੂਰੀਏ ਖ਼ਾਸ ਕਰਕੇ ਅਪਣੇ ਪਰਿਵਾਰ ਨਾਲ ਸਬੰਧਤ ਕਮੇਟੀ ਮੈਂਬਰ ਹੀ ਰੱਖਣਾ ਚਹੁੰਦਾ ਹੈ । ਅਗਰ ਕੋਈ ਵੀ ਮੈਂਬਰ ਬਾਬ ਢਿੱਲੋ ਦਾ ਥੋੜਾ ਜਿਹਾ ਵੀ ਵਿਰੋਧ ਜਾਂ ਕੋਈ ਸਵਾਲ ਵੀ ਕਰੇਗਾ ਤਾਂ ਇਹ ਬਰਦਾਸ਼ਤ ਨਹੀਂ ਕਰੇਗਾ! ਇਸ ਨੇ ਕੰਮ ਨਾ ਕਰਨ ਦਾ ਬਹਾਨਾ ਬਣਾ ਕੇ ਗੁਰਦੁਆਰਾ ਸਾਹਿਬ ਦੀ ਸ਼ੁਰੂਆਤ ਕਰਨ ਵਾਲੇ ਪਹਿਲੇ ਮੈਂਬਰ ਵੀ ਕੱਢੇ ਸਨ ਅਤੇ ਉਸੇ ਨੀਤੀ ਤਹਿਤ ਇਸ ਨੇ ਮੈਨੂੰ ਵੀ ਕਮੇਟੀ ਵਿੱਚੋਂ ਕੱਢਿਆ ਹੈ ।

ਮੈ ਤਕਰੀਬਨ ਸਾਲ 2009 ਤੋਂ ਬਤੌਰ ਕਮੇਟੀ ਮੈਂਬਰ ਸੇਵਾ ਨਿਭਾਉਦਾ ਆ ਰਿਹਾ ਹਾਂ , ਇਸ ਤੋਂ ਇਲਾਵਾ ਧਾਰਮਕ ਕਮੇਟੀ, ਮੀਡੀਆ ਕਮੇਟੀ ਅਤੇ ਲੋੜ ਅਨੁਸਾਰ ਸਟੇਜ ਸਕੱਤਰ ਦੀ ਵੀ ਸੇਵਾ ਵੀ ਨਿਭਾਉਦਾ ਆ ਰਿਹਾ ਸੀ । ਗੁਰਦੁਆਰਾ ਸਾਹਿਬ ਵਿੱਚ ਕਥਾ ਵਾਚਿਕਾਂ ਦੀ ਬੁਕਿੰਗ ਵੀ ਮੇਰੇ ਕੋਲ ਸੀ । ਇੱਥੋਂ ਤੱਕ ਕਿ ਕੋਰਟ ਕਚਹਿਰੀਆ ਦਾ ਜਾਂ ਕੋਈ ਹੋਰ ਮਸਲਾ ਹੋਵੇ ਤਾਂ ਹਰ ਔਖੇ ਸੌਖੇ ਸਮੇਂ ਲੋਕਾਂ ਨਾਲ ਦੁਸ਼ਮਣੀਆਂ ਪਾ ਕੇ ਬਾਬ ਢਿੱਲੋਂ ਧੜੇ ਦਾ ਸਾਥ ਦਿੱਤਾ ਜਦੋ ਕਿ ਆਪਣੇ "ਆਪ ਨੂੰ " ਮਿਸਟਰ ਕਲੀਨ" ਕਹਾਉਣ/ ਸਮਝਣ ਵਾਲੇ ਕਮੇਟੀ ਮੈਂਬਰ ਨਾ ਤਾਂ ਕੋਰਟ ਕਚਹਿਰੀਆਂ ਵਿੱਚ ਹੀ ਜਾਂਦੇ ਸਨ ਸਗੋਂ ਵਿਰੋਧੀ ਧਿਰ ਵੱਲੋਂ ਗੁਰਦੁਆਰਾ ਸਾਹਿਬ ਆਉਣ 'ਤੇ ਪਾਸਾ ਵੱਟ ਜਾਂਦੇ ਸਨ । ਹੁਣ ਹਾਲਤ ਬਦਲਣ ਤੇ ਹਰ ਇਕ ਹੀ ਅਪਣੇ-ਅਪਣੇ ਸਿਰ ਤੇ ਕਲਗੀ ਸਜਾ ਕੇ ਚੌਧਰੀ ਬਣਿਆਂ ਫਿਰਦਾ ਹੈ ।

ਪਿਛਲੇ ਕੁੱਝ ਸਮੇਂ ਤੋਂ ਮੈ ਅਤੇ ਨੀਟੂ ਸਿੰਘ ਕਾਹਲੋਂ ਇਹ ਗੱਲ ਬਾਹਰੋਂ ਲੋਕਾਂ ਕੋਲੋਂ ਸੁਣ ਰਹੇ ਸੀ ਕਿ ਸਾਲ 2017 ਵਾਲੀਆ ਚੋਣਾਂ ਜਿੱਤਣ ਤੋਂ ਬਾਅਦ ਬਾਬ ਢਿੱਲੋਂ ਨੇ ਤਹਾਨੂੰ ਕਮੇਟੀ ਵਿੱਚੋਂ ਕੱਢ ਦੇਣਾ ਹੈ । ਬਾਬ ਢਿੱਲੋ ਦਾ ਰਵੱਈਆ ਵੀ ਬਦਲਿਆ ਬਦਲਿਆ ਜਾਪਣ ਲੱਗ ਗਿਆ ਸੀ ਪਰ ਸਾਡੇ ਮਨ ਵਿੱਚ ਗਰੁੱਪ ਦੀ ਵਫ਼ਾਦਾਰੀ ਦਾ ਜਨੂੰਨ ਸੀ ਅਤੇ ਅਸੀਂ ਗਰੁੱਪ ਛੱਡਣਾ ਨਹੀਂ ਸੀ ਚਹੁੰਦੇ । ਸਤੰਬਰ 2017 ਚੋਣਾਂ ਦਾ ਮਹੌਲ ਸਿਰਜਿਆ ਗਿਆ, ਜਸਵੰਤ ਸਿੰਘ ਹੋਠੀ ਅਤੇ ਉਸ ਦੇ ਥੜ੍ਹੇ ਨੇ ਚੋਣਾਂ ਲੜਨ ਲਈ ਗੁਰਦੁਆਰਾ ਸਾਹਿਬ ਵਿੱਚ ਆ ਕੇ ਕਾਗ਼ਜ਼ ਦਾਖਲ ਕਰ ਦਿੱਤੇ । ਬਾਬ ਢਿੱਲੋਂ ਨੂੰ ਹੱਥਾਂ ਪੈਰਾ ਦੀ ਪੈ ਗਈ ਅਤੇ ਵੋਟਾਂ ਦੀ ਗਿਣਤੀ ਮਿਣਤੀ ਕਰਨ ਲੱਗਾ, ਬਾਬ ਢਿੱਲੋਂ ਆਪਣੀ ਨਿਸਚਤ ਹਾਰ ਨੂੰ ਦੇਖਦਾ ਹੋਇਆ, ਕਮੇਟੀ ਮੈਂਬਰਾਂ ਅਤੇ ਸਮੱਰਥਕਾ ਨੂੰ ਭਰੋਸੇ ਵਿੱਚ ਲਏ ਬਿਨਾਂ ਹੀ ਜਸਵੰਤ ਸਿੰਘ ਹੋਠੀ ਨਾਲ ਲਿਖਤੀ ਰੂਪ ਵਿੱਚ ਸਮਝੌਤਾ ਕਰ ਆਇਆ । ਚੋਣਾਂ ਟਲ ਗਈਆਂ, ਸਾਨੂੰ ਸਮਝੌਤੇ ਤੇ ਕੋਈ ਇਤਰਾਜ਼ ਨਹੀਂ ਸੀ , ਮੈ ਤਾਂ ਇਹ ਗੱਲ ਸਮਝੌਤੇ ਤੋਂ ਬਾਅਦ ਕਾਗ਼ਜ਼ ਵਾਪਸ ਲੈਣ ਸਮੇਂ ਅਤੇ ਦੋਨਾਂ ਧਿਰਾਂ ਵਿੱਚਕਾਰ ਹੋਈ ਮੀਟਿੰਗ ਸਮੇਂ ਬੋਲ ਕੇ ਵੀ ਕਹੀ ਸੀ ਕਿ ਮੈਨੂੰ ਜਸਵੰਤ ਸਿੰਘ ਹੋਠੀ ਨਾਲ ਹੋਏ ਸਮਝੌਤੇ ਦੀ ਬਹੁਤ ਖ਼ੁਸ਼ੀ ਹੈ !

ਚੋਣਾਂ ਨਾ ਹੋਣ ਦੀ ਸੂਰਤ ਵਿੱਚ ਬਾਬ ਢਿੱਲੋਂ ਨੇ ਕਮੇਟੀ ਦੀ ਮੀਟਿੰਗ ਬੁਲਾਈ ਅਤੇ ਪਹਿਲਾਂ ਹੀ ਮਿੱਥੇ ਅਨੁਸਾਰ ਆਪਸ ਵਿੱਚ ਹੀ ਤਿੰਨ ਚਾਰ ਜਣਿਆਂ ਨੇ ਅਹੁਦਿਆਂ ਦੀ ਵੰਡ ਕਰ ਲਈ, ਨਵਾਂ ਚੇਅਰਮੈਨ ਦਾ ਅਹੁਦਾ ਪੈਦਾ ਕਰ ਲਿਆ ਗਿਆ , ਪ੍ਰਧਾਨ ਹਰਦੇਵ ਸਿੰਘ ਤੱਖਰ ਨੂੰ ਚੇਅਰਮੈਨ ਬਣਾ ਦਿੱਤਾ ਗਿਆ, ਬਾਬ ਢਿੱਲੋ ਆਪ ਪ੍ਰਧਾਨ ਬਣ ਗਿਆ ਅਤੇ ਪ੍ਰੀਤਮ ਸਿੰਘ ਗਰੇਵਾਲ਼ ਜਰਨਲ ਸਕੱਤਰ ਬਣ ਗਿਆ । ਬਾਕੀ ਅਹੁਦੇ ਵੀ ਆਪਸ ਵਿੱਚ ਹੀ ਵੰਡ ਲਏ ਗਏ । ਜ਼ਿਕਰਯੋਗ ਹੈ ਕਿ ਬਾਬ ਢਿੱਲੋ ਨੇ ਲੰਬਾ ਸਮਾਂ ਪਹਿਲਾਂ ਜਦੋ ਸੰਵਿਧਾਨ ਬਦਲਣ ਅਤੇ ਚਾਰ ਕਮੇਟੀ ਮੈਂਬਰ ਬਦਲਣ ਦੀ ਗੱਲ ਕੀਤੀ ਸੀ ਤਾਂ ਆਪ ਹੀ ਇਹ ਕਿਹਾ ਸੀ ਕਿ ਪਹਿਲੇ ਚਾਰਾਂ ਵਿੱਚ ਮੈ ਕਮੇਟੀ ਵਿੱਚੋਂ ਬਾਹਰ ਜਾਵਾਂਗਾ ! ਫੇਰ ਹੋਈਆਂ ਚੋਣਾਂ ਵਿੱਚ, ਮਗਰਲੀ ਕਤਾਰ ਵਿੱਚ ਚੋਣਾਂ ਜਿੱਤ ਕੇ ਕਮੇਟੀ ਵਿੱਚ ਆ ਕੇ ਜਰਨਲ ਸਕੱਤਰ ਬਣ ਗਿਆ ਅਤੇ ਹੁਣ ਆਪ ਹੀ ਪ੍ਰਧਾਨ ਬਣ ਗਿਆ ? ਸਾਡੇ ਵਰਗਿਆਂ ਨੂੰ ਤਾਂ ਬਹਾਨਾ ਬਣਾ ਕੇ ਕਮੇਟੀ ਵਿੱਚੋਂ ਕੱਢ ਰਿਹਾ ਹੈ ਤੇ ਆਪ ਛੱਡ ਨਹੀਂ ਰਿਹਾ ਪਤਾ ਨਹੀਂ ਇਸ ਪਿੱਛੇ ਕੀ ਕਾਰਨ ਹੈ ? ਕੀ ਇਸ ਤੋਂ ਬਿਨਾ ਗੁਰਦੁਆਰਾ ਚੱਲੇਗਾ ਨਹੀਂ ? ਇਸੇ ਮੀਟਿੰਗ ਵਿੱਚ ਮੈਨੂੰ ਬਾਬ ਢਿਲੋਂ ਕਹਿੰਦਾ ਤੂੰ ਹੁਣ ਸਟੇਜ ਸਕੱਤਰੀ ਨਹੀਂ ਕਰ ਸਕਦਾ ਕਿਉਕਿ ਤੇਰਾ ਹੁਣ ਜਸਵੰਤ ਸਿੰਘ ਹੋਠੀ ਨਾਲ ਸਮਝੌਤਾ ਹੋ ਗਿਆ ਹੈ ਤੇ ਤੂੰ ਉਸ ਨੂੰ ਸਟੇਜ ਤੋਂ ਬੋਲਣ ਤੋਂ ਰੋਕ ਨਹੀਂ ਸਕੇਗਾ ! ਮੈ ਕਿਹਾ ਤੁਹਾਡਾ ਹੋਠੀ ਨਾਲ ਲਿਖਤੀ ਰੂਪ ਵਿੱਚ ਸਮਝੌਤਾ ਹੋਇਆ ਹੈ ਤੇ ਫੇਰ ਅਜਿਹੀ ਟਿੱਪਣੀ ਕਿਉ ? ਬਾਬ ਢਿੱਲੋ ਕਹਿੰਦਾ ਤੂੰ ਲੰਗਰ ਦਾ ਇੰਚਾਰਜ ਲੱਗ ਜਾ ਅਤੇ ਮੇਰੇ ਨਾਲ ਬੈਠੇ ਮੇਰੇ ਨਜ਼ਦੀਕੀ ਦੋਸਤ ਕਮੇਟੀ ਮੈਂਬਰ ਨੀਟੂ ਸਿੰਘ ਕਾਹਲੋਂ ਨੂੰ ਸਫਾਈ ਦਾ ਇੰਚਾਰਜ ਲੱਗਣ ਲਈ ਕਿਹਾ । ਇਨ੍ਹਾਂ ਨੇ ਬਾਅਦ ਵਿੱਚ ਅਖ਼ਬਾਰਾਂ ਵਿੱਚ ਵੀ ਅਜਿਹਾ ਬਿਆਨ ਛਪਵਾਇਆ ।

ਗੁਰੂ ਘਰ ਵਿੱਚ ਭਾਵੇਂ ਕੋਈ ਵੀ ਸੇਵਾ ਮਿਲੇ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ । ਪਰ ਮੈ ਬਾਬ ਢਿੱਲੋ ਨੂੰ ਬੇਨਤੀ ਕਰਦਿਆਂ ਕਿਹਾ ਕਿ ਮੈ ਆਪਣੇ ਕੰਮ-ਕਾਜ ਅਤੇ ਘਰੇਲੂ ਰੁਝੇਵਿਆਂ ਕਾਰਨ ਲੰਗਰ ਦੀ ਸੇਵਾ ਨਹੀਂ ਨਿਭਾ ਸਕਦਾ । ਮੈ ਜੋ ਸੇਵਾਂਵਾ ਪਹਿਲਾਂ ਹੀ ਨਿਭਾਅ ਰਿਹਾ ਹਾਂ ਉਹ ਹੀ ਮੈ ਪਹਿਲਾਂ ਵਾਂਗ ਜਾਰੀ ਰੱਖਾਂਗਾ । ਪਰ ਬਾਬ ਢਿੱਲੋ ਨੇ ਨਾਂਹ ਕਰ ਦਿੱਤੀ ਸਗੋਂ ਪਹਿਲੀਆਂ ਸੇਵਾਂਵਾ ਤੋਂ ਵੀ ਹਟਾ ਦਿੱਤਾ ਗਿਆ । ਖ਼ੈਰ ਮੈਨੂੰ ਪਤਾ ਲੱਗ ਗਿਆ ਸੀ ਕਿ ਇਸ ਦੇ ਦਿਮਾਗ ਵਿੱਚ ਹੁਣ ਕੀ ਚੱਲ ਰਿਹਾ ਹੈ ਅਤੇ ਕਿਸੇ ਨਾਂ ਕਿਸੇ ਬਹਾਨੇ ਮੈਨੂੰ ਕਮੇਟੀ ਵਿੱਚੋਂ ਬਾਹਰ ਹੀ ਕਰਨਾ ਚਹੁੰਦਾ ਹੈ। ਮੀਟਿੰਗ ਤੋਂ ਬਾਅਦ ਮੇਰੀ ਸਥਿੱਤੀ ਹੋਰ ਹੋ ਗਈ , ਗੁਰਦੁਆਰਾ ਸਾਹਿਬ ਆਉਣਾ ਕੀਰਤਨ ਕਥਾ ਸਰਵਣ ਕਰਨੀ ਅਤੇ ਸੰਗਤ ਦੇ ਦਰਸ਼ਨ ਕਰਨ ਤੱਕ ਰੁਚੀ ਹੋ ਗਈ। ਮੇਰੇ ਕਈ ਦੋਸਤਾਂ ਨੂੰ ਇਸ ਬਾਰੇ ਪਤਾ ਲੱਗਾ ਉਹਨਾਂ ਕਈ ਵਾਰ ਮੈਨੂੰ ਪੁੱਛਿਆ ਪਰ ਮੈ ਇਸ ਬਾਰੇ ਕੋਈ ਗੱਲ ਨਹੀਂ ਕੀਤੀ । ਫਿਰ ਗੁਰੂ ਨਾਨਕ ਇੰਜੀਨੀਰਿੰਗ ਕਾਲਜ ਲੁਧਿਆਣਾ ਦੇ ਸਾਬਕਾ ਵਿਦਿਆਰਥੀਆਂ ਦੀ ਜੱਥੇਬੰਦੀ ਜੈਨਕੋ ਦੇ ਆਗੂ ਗੁਰਜੰਟ ਸਿੰਘ ਸੰਘਾ ਵੱਲੋਂ ਮੇਰੀ ਅਤੇ ਬਾਬ ਢਿੱਲੋ ਦੀ ਇਕੱਲਿਆਂ ਦੀ ਮੀਟਿੰਗ ਕਰਵਾਈ ਗਈ। ਲੰਬਾ ਸਮਾਂ ਚੱਲੀ ਇਸ ਮੀਟਿੰਗ ਵਿੱਚ ਸਾਰੇ ਪਹਿਲੂਆਂ ਤੇ ਗੱਲ-ਬਾਤ ਹੋਈ ਅਤੇ ਜਸਵੰਤ ਸਿੰਘ ਹੋਠੀ ਨਾਲ ਮੇਰਾ ਹੋਇਆ ਪਰਿਵਾਰਕ ਸਮਝੌਤਾ ਅਤੇ ਢੱਡਰੀਆਂ ਵਾਲੇ ਦਾ ਮਸਲਾ ਭਾਰੂ ਰਿਹਾ । ਮੈ ਬਾਬ ਢਿੱਲੋਂ ਨੂੰ ਸਪੱਸ਼ਟ ਕੀਤਾ ਕਿ ਸਾਡੇ ਪਰਿਵਾਰਕ ਸਮਝੌਤੇ ਦਾ ਗੁਰਦੁਆਰਾ ਰਾਜਨੀਤੀ ਉੱਤੇ ਕੋਈ ਅਸਰ ਨਹੀਂ ਹੋਵੇਗਾ, ਆਪਾਂ ਪਹਿਲਾਂ ਵਾਂਗ ਹੀ ਗੁਰਦੁਆਰਾ ਪ੍ਰਬੰਧਾਂ ਨੂੰ ਸੁਚੱਜੇ ਢੰਗ ਨਾਲ ਚਲਾਵਾਂਗੇ । ਢੱਡਰੀਆਂ ਵਾਲੇ ਦੇ ਮਸਲੇ ਤੇ ਮੈ ਬਾਬ ਢਿੱਲੋ ਨੂੰ ਕਈ ਵਾਰ ਸਪੱਸ਼ਟ ਕਰ ਦਿੱਤਾ ਸੀ । ਜ਼ਿਕਰਯੋਗ ਹੈ ਕਿ ਜਿਸ ਵੇਲੇ ਢੱਡਰੀਆਂ ਵਾਲੇ ਨੇ ਸੈਨਹੋਜੇ ਗੁਰਦੁਆਰਾ ਸਾਹਿਬ ਵਿੱਚ ਆਉਣਾ ਸੀ ਤਾਂ ਸ਼ੋਸ਼ਲ ਮੀਡੀਆ ਉਤੇ ਵਿਰੋਧ ਕਰਨ ਦੀਆਂ ਪੋਸਟਾਂ ਪਾਈਆਂ ਗਈਆਂ ਸਨ । ਪ੍ਰੀਤਮ ਗਰੇਵਾਲ਼ ਅਤੇ ਬਾਬ ਢਿੱਲੋ ਨੇ ਮੈਨੂੰ ਵਿਰੋਧ ਕਰਨ ਵਾਲੇ ਦਮਦਮੀ ਟਕਸਾਲ ਅਤੇ ਹੋਰ ਸਿੰਘਾਂ ਨਾਲ ਸੰਪਰਕ ਕਰਨ ਲਈ ਕਿਹਾ। ਉਸ ਤੋਂ ਬਾਅਦ ਮੈ ਉਨਾਂ ਨਾਲ ਸੰਪਰਕ ਕੀਤਾ ਅਤੇ ਵਿਰੋਧ ਕਰਨ ਵਾਲੇ ਸਿੰਘਾਂ ਅਤੇ ਕਮੇਟੀ ਨਾਲ ਮੀਟਿੰਗ ਦਾ ਪ੍ਰਬੰਧ ਕੀਤਾ ਗਿਆ । 25 ਦੇ ਕਰੀਬ ਆਏ ਸਿੰਘਾਂ ਨੇ ਗੁਰਦੁਆਰਾ ਕਮੇਟੀ ਨਾਲ ਲੰਬਾ ਸਮਾਂ ਮੀਟਿੰਗ ਕੀਤੀ ਅਤੇ ਮੀਟਿੰਗ ਦੌਰਾਨ ਹੀ ਸਿੰਘਾਂ ਨੇ ਕਿਹਾ ਕਿ ਸਾਡੀ ਢੱਡਰੀਆਂ ਵਾਲੇ ਨਾਲ ਮੀਟਿੰਗ ਕਰਵਾ ਦਿਉ, ਮੀਟਿੰਗ ਤੋਂ ਬਾਅਦ ਮਸਲੇ ਹੱਲ ਹੋਣ ਤੇ ਸਾਨੂੰ ਢੱਡਰੀਆਂ ਵਾਲੇ ਦੇ ਦੀਵਾਨ ਤੇ ਕੋਈ ਇਤਰਾਜ਼ ਨਹੀਂ ਹੋਵੇਗਾ । ਪਰ ਪ੍ਰੀਤਮ ਗਰੇਵਾਲ਼ ਅਤੇ ਬਾਬ ਢਿੱਲੋ ਸਿੰਘਾਂ ਨਾਲ ਵਾਅਦਾ ਕਰਕੇ ਵੀ ਮੀਟਿੰਗ ਕਰਵਾਉਣ ਤੋਂ ਮੁੱਕਰ ਗਏ ।

ਬਾਅਦ ਵਿੱਚ ਜੋ ਹਾਲਤ ਪੈਦਾ ਹੋਏ ਉਸ ਦੇ ਅਸਲ ਵਿੱਚ ਜ਼ੁੰਮੇਵਾਰ ਅਤੇ ਦੋਸ਼ੀ ਪ੍ਰੀਤਮ ਗਰੇਵਾਲ਼ ਅਤੇ ਬਾਬ ਢਿੱਲੋ ਹੀ ਹਨ । ਤੇ ਫੇਰ ਮੇਰੇ ਤੇ ਦੋਸ਼ ਕਿਉ ? ਮੈ ਤਾਂ ਮਸਲਾ ਹੱਲ ਕਰਨ ਲਈ ਸੰਜੀਦਾ ਸੀ ।

ਬਾਬ ਢਿੱਲੋਂ ਦੀ 12 ਜਨਵਰੀ ਨੂੰ ਕਮੇਟੀ ਦੀ ਇੱਕ ਮੀਟਿੰਗ ਦੀ ਈ ਮੇਲ ਆਈ ਜਿਸ ਵਿੱਚ ਕੁੱਝ ਕਮੇਟੀ ਮੈਂਬਰਾਂ ਨੂੰ ਬਦਲਣ ਦਾ ਇਸ਼ਾਰਾ ਸੀ ! ਬਾਬ ਢਿੱਲੋ ਦੇ ਨਜ਼ਦੀਕੀ ਕੁੱਝ ਕਮੇਟੀ ਮੈਂਬਰਾਂ ਵੱਲੋਂ ਸਾਨੂੰ ਦਿੱਤੀ ਜਾਣਕਾਰੀ ਅਨੁਸਾਰ ਮੈਨੂੰ ਅਤੇ ਨੀਟੂ ਕਾਹਲੋਂ ਨੂੰ ਕਮੇਟੀ ਵਿੱਚੋਂ ਕੱਢਣ ਅਤੇ ਜਾਂ ਦੋਵਾਂ ਵਿੱਚ ਦੋਸਤਾਨਾ ਦੁਬਿਧਾ ਪੈਦਾ ਕਰਨ ਦਾ ਮਨਸੂਬਾ ਬਣ ਚੁੱਕਾ ਸੀ । ਇਸ ਮਨਸੂਬੇ ਦੀ ਬਾਹਰ ਚਰਚਾ ਵੀ ਸ਼ੁਰੂ ਹੋ ਗਈ ਸੀ । ਪਰ ਇਸੇ ਸਮੇਂ ਗੁਰੂ ਨਾਨਕ ਦੇਵ ਇੰਜਨੀਰਿੰਗ ਕਾਲਜ ਲੁਧਿਆਣਾ ਦੇ ਸਾਬਕਾ ਵਿਦਿਆਰਥੀਆ ਦੀ ਜੱਥੇਬੰਦੀ ਜੈਨਕੋ ਦੇ ਪ੍ਰਧਾਨ ਹਰਪ੍ਰਕਾਸ਼ ਸਿੰਘ ਢਿੱਲੋ ਅਤੇ ਸੀਨੀਅਰ ਆਗੂ ਗੁਰਜੰਟ ਸਿੰਘ ਸੰਘਾ ਨੇ ਮੈਨੂੰ ਕਿਹਾ ਕਿ ਜੇ ਤੂੰ ਮੁਨਾਸਬ ਸਮਝੇ ਤਾਂ ਅਸੀਂ ਬਾਬ ਢਿੱਲੋ ਨਾਲ ਇਸ ਵਿਸ਼ੇ ਤੇ ਗੱਲ-ਬਾਤ ਕਰੀਏ , ਤਾਂ ਮੈ ਉਨਾਂ ਨੂੰ ਕਿਹਾ ਕਿ ਤੁਸੀਂ ਜੋ ਵੀ ਫੈਸਲਾ ਕਰ ਲਵੋ ਮੈਨੂੰ ਉਹ ਪ੍ਰਵਾਨ ਹੋਵੇਗਾ । ਅਖੀਰ 11 ਜਨਵਰੀ ਨੂੰ ਸਟਾਰਬਕਸ ਕਾਫ਼ੀ ਸਟਾਲ ਟੁੱਲੀ ਰੋਡ ਸੈਨਹੋਜੇ ਉੱਤੇ ਮੀਟਿੰਗ ਕਰਨੀ ਤਹਿ ਹੋ ਗਈ । ਮੀਟਿੰਗ ਵਿੱਚ ਮਾਣਯੋਗ ਹਰਪ੍ਰਕਾਸ਼ ਸਿੰਘ ਢਿੱਲੋਂ, ਗੁਰਜੰਟ ਸਿੰਘ ਸੰਘਾ, ਇੰਦਰਜੀਤ ਸਿੰਘ ਥਿੰਦ , ਨੀਟੂ ਸਿੰਘ ਕਾਹਲੋਂ, ਬਾਬ ਢਿੱਲੋਂ ਅਤੇ ਮੈ ਸਰਬਜੋਤ ਸਿੰਘ ਸਵੱਦੀ ਸ਼ਾਮਲ ਹੋਏ। ਲੰਬਾ ਸਮਾ ਚੱਲੀ ਇਸ ਮੀਟਿੰਗ ਵਿੱਚ ਹਰ ਪਹਿਲੂ ਤੇ ਖੁੱਲ ਕੇ ਗੱਲ-ਬਾਤ ਹੋਈ, ਇੱਕ ਦੂਸਰੇ ਪ੍ਰਤੀ ਸਾਰੇ ਸ਼ੰਕੇ ਨਿਵ੍ਰਿਤ ਕੀਤੇ ਗਏ । ਗੁਰਦੁਆਰਾ ਸਾਹਿਬ ਵਿੱਚ ਮੈ ਅਤੇ ਨੀਟੂ ਸਿੰਘ ਕਾਹਲੋਂ ਨੇ ਜੋ ਸੇਵਾਵਾਂ ਨਿਭਾਉਣੀਆਂ ਸਨ ਉਹ ਸਭ ਤਹਿ ਕਰ ਲਈਆਂ ਗਈਆਂ । ਗੁਰਜੰਟ ਸਿੰਘ ਸੰਘਾ ਨੇ ਗੱਲ ਨਿਬੇੜਦਿਆਂ ਕਿਹਾ ਕਿ ਪਿਛਲੀਆਂ ਸਾਰੀਆਂ ਗੱਲਾਂ ਭੁੱਲ ਕੇ ਆਪਾਂ ਪਹਿਲਾਂ ਵਾਂਗ ਇੱਕੋ ਗਰੁੱਪ ਵਿੱਚ ਚੱਲਣਾ ਹੈ । ਅਗਰ ਅੱਗੇ ਤੋਂ ਇਕ ਦੂਸਰੇ ਪ੍ਰਤੀ ਕੋਈ ਵੀ ਸ਼ਿਕਾਇਤ ਹੋਵੇ ਤਾਂ ਆਪਾਂ ਆਪਸ ਵਿੱਚ ਬੈਠ ਕੇ ਹੱਲ ਕਰ ਲਿਆ ਕਰਾਂਗੇ । ਬਾਬ ਢਿੱਲੋ ਇਸ ਮੀਟਿੰਗ ਵਿੱਚ ਵਾਅਦਾ ਕਰਕੇ ਗਿਆ ਕਿ ਕੱਢਣ ਕਢਾਉਣ ਵਾਲੀ ਹੁਣ ਕੋਈ ਗੱਲ ਨਹੀਂ ਹੋਵੇਗੀ ।

ਅਗਲੇ ਦਿਨ 12 ਜਨਵਰੀ ਨੂੰ ਹੋਈ ਮੀਟਿੰਗ ਵਿੱਚ ਵਿੱਚ ਬਾਬ ਢਿੱਲੋ ਆਪਣੀਆਂ ਕਹੀਆਂ ਹੋਈਆਂ ਗੱਲਾਂ ਤੋਂ ਮੁਨਕਰ ਹੋ ਗਿਆ । ਪ੍ਰੀਤਮ ਗਰੇਵਾਲ਼ ਨੇ ਢੱਡਰੀਆਂ ਵਾਲੇ ਦੇ ਮਸਲੇ ਅਤੇ ਗੁਰਦੁਆਰਾ ਸਾਹਿਬ ਵਿੱਚ ਸੇਵਾ ਨਿਭਾਅ ਚੁੱਕੇ ਰਾਗੀ ਜਥਿਆਂ ਨੂੰ ਸਾਡੇ ਪਰਵਾਰ ਵੱਲੋਂ 23 ਦਸੰਬਰ ਨੂੰ ਕਰਵਾਏ ਗਏ ਸਹਿਜ ਪਾਠ ਦੇ ਭੋਗ ਉੱਤੇ ਸੱਦਣ ਦਾ ਇਲਜ਼ਾਮ ਲਾ ਕੇ ਮੈਨੂੰ ਕਮੇਟੀ ਵਿੱਚੋਂ ਕੱਢਣ ਦਾ ਮਤਾ ਲਿਆਦਾ । ਕਾਫ਼ੀ ਬਹਿਸ ਤੋਂ ਬਾਅਦ ਬਾਬ ਢਿੱਲੋ ਅਤੇ ਡਾ. ਗੁਰਿੰਦਰਪਾਲ ਸਿੰਘ ਨੇ ਮੇਰੇ ਕੋਲ ਆ ਕੇ ਕਿਹਾ ਕਿ ਸਵੱਦੀ ਸਾਹਿਬ ਤੁਸੀਂ ਕਮੇਟੀ ਵਿੱਚੋਂ ਅਸਤੀਫ਼ਾ ਦੇ ਜਾਵੋ । ਮੈ ਇਨਕਾਰ ਕਰਦਿਆਂ ਕਿਹਾ ਕਿ ਮੈ ਸੰਗਤ ਵੱਲੋਂ ਵੋਟਾਂ ਦੁਆਰਾਂ ਚੁੱਣ ਕੇ ਆਇਆ ਹੋਇਆਂ ਹਾਂ ਮੈਂ ਅਸਤੀਫ਼ਾ ਕਿਉ ਦੇਵਾਂ ? ਤੁਸੀਂ ਜੋ ਪਹਿਲਾਂ ਹੀ ਮੈਨੂੰ ਕੱਢਣ ਦਾ ਫੈਸਲਾ ਕੀਤਾ ਹੋਇਆ ਹੈ ਉਸੇ ਅਧਾਰ ਉੱਤੇ ਮੈਨੂੰ ਕਮੇਟੀ ਵਿੱਚੋਂ ਕੱਢੋ ਤਾਂ ਕਿ ਸੰਗਤ ਨੂੰ ਵੀ ਪਤਾ ਲੱਗੇ , ਤੁਸੀਂ ਮੈਨੂੰ ਕਿਹੜੇ ਕਾਰਨਾਂ ਕਰਕੇ ਕੱਢ ਰਹੇ ਹੋ ? ਖ਼ੈਰ ਬਾਬ ਢਿੱਲੋ ਧੜੇ ਨੇ ਮੈਨੂੰ ਵੋਟਾਂ ਪਵਾ ਕੇ ਕਮੇਟੀ ਵਿੱਚੋਂ ਕੱਢ ਦਿੱਤਾ । ਜੇ ਬਾਬ ਢਿੱਲੋ ਸਾਡੇ ਨਾਲ ਸਮਝੌਤਾ ਨਾ ਕਰਦਾ ਤਾਂ ਸਥਿੱਤੀ ਹੋਰ ਹੋਣੀ ਸੀ । ਮੈ ਉਨਾਂ ਕਮੇਟੀ ਮੈਂਬਰਾਂ ਦਾ ਤਹਿ ਦਿੱਲੋ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਮੇਰੇ ਹੱਕ ਵਿੱਚ ਅਵਾਜ ਬੁਲੰਦ ਕੀਤੀ ਅਤੇ ਮੈਨੂੰ ਵੋਟਾਂ ਪਾਈਆਂ , ਖ਼ਾਸ ਕਰਕੇ ਨੀਟੂ ਸਿੰਘ ਕਾਹਲੋਂ ਦਾ ਜਿਨ੍ਹਾਂ ਨੇ ਉਸ ਵੇਲੇ ਮੇਰੇ ਹੱਕ ਵਿੱਚ ਅਸਤੀਫ਼ਾ ਦੇ ਦਿੱਤਾ ।

ਜਿਹੜਾ ਬਾਬ ਢਿੱਲੋਂ ਧੜੇ ਨੇ ਅਖ਼ਬਾਰਾਂ ਵਿੱਚ ਜਸਵੰਤ ਸਿੰਘ ਹੋਠੀ ਤੇ ਮੀਟਿੰਗ ਵਿੱਚ ਆ ਕੇ ਤਣਾਅ ਪੈਦਾ ਕਰਨ ਦਾ ਇਲਜ਼ਾਮ ਲਾਇਆ ਹੈ, ਉਸ ਦਾ ਜ਼ੁੰਮੇਵਾਰ ਪ੍ਰੀਤਮ ਗਰੇਵਾਲ਼ ਹੈ , ਤੇ ਤਣਾਅ ਪੈਦਾ ਕਰਨ ਵਾਲੀ ਸ਼ੁਰੂਆਤ ਵੀ ਪ੍ਰੀਤਮ ਗਰੇਵਾਲ ਨੇ ਹੀ ਕੀਤੀ ਸੀ । ਜਸਵੰਤ ਸਿੰਘ ਹੋਠੀ ਤਾਂ ਸਿਰਫ ਇਹ ਕਹਿਣ ਆਇਆ ਸੀ ਕਿ ਤੁਸੀਂ ਸਾਡੇ ਨਾਲ ਲਿਖਤੀ ਰੂਪ ਵਿੱਚ ਸਮਝੌਤਾ ਕੀਤਾ ਸੀ ਕਿ ਅੱਗੇ ਤੋਂ ਇਕੱਠੇ ਹੋ ਕੇ ਰਲ ਮਿਲ ਕੇ ਕੰਮ ਕਰਾਂਗੇ ਅਤੇ ਗੁਰਦੁਆਰਾ ਸਾਹਿਬ ਦੇ ਹਰ ਕਾਰਜ ਵਿੱਚ ਵੱਧ ਚੱੜ ਕੇ ਹਿੱਸਾ ਲਵਾਂਗੇ । ਪਰ ਤੁਸੀਂ ਹੁਣ ਆਪਣੇ ਕੀਤੇ ਵਾਅਦੇ ਤੋਂ ਭੱਜ ਰਹੇ ਹੋ !

ਅਸੀਂ ਸੰਗਤ ਨੂੰ ਬੇਨਤੀ ਰੂਪ ਵਿੱਚ ਸਪੱਸ਼ਟ ਕਰਦੇ ਹਾਂ ਕਿ ਅਸੀਂ ਗੁਰਦੁਆਰਾ ਸਾਹਿਬ ਵਿੱਚ ਪਹਿਲਾਂ ਵਾਂਗ ਹਾਜ਼ਰੀਆਂ ਭਰ ਕੇ ਸੰਗਤ ਦੇ ਦਰਸ਼ਨ ਕਰਦੇ ਰਹਾਂਗੇ। ਗੁਰਦੁਆਰਾ ਸਾਹਿਬ , ਖ਼ਾਸ ਕਰਕੇ ਗੁਰੁ ਘਰ ਵਿੱਚ ਚੱਲ ਰਹੇ ਗੁਰੂ ਨਾਨਕ ਖਾਲਸਾ ਸਕੂਲ ਦੀ ਬਿਹਤਰੀ ਲਈ ਪੂਰੇ ਆਸਵੰਦ ਹਾਂ ਅਤੇ ਹਰ ਵਿਕਾਸ ਕਾਰਜ ਵਿੱਚ ਵੱਧ ਚੱੜ ਕੇ ਪਹਿਲਾਂ ਵਾਂਗ ਹੀ ਸੇਵਾ ਭਾਵਨਾ ਨਾਲ ਹਿੱਸਾ ਲਵਾਂਗੇ।

# ਟਰੂਡੋ ਦੇ ਸਵਾਗਤ ਬਾਰੇ ਫ਼ੈਸਲਾ ਪੰਜਾਬ ਸਰਕਾਰ ਹੀ ਲਵੇਗੀ: ਪ੍ਰਨੀਤ ਕੌਰ

**ਪਟਿਆਲਾ/ਬਿਊਰੋ ਨਿਊਜ਼**, ਸਾਬਕਾ ਵਿਦੇਸ਼ ਰਾਜ ਮੰਤਰੀ ਪਰਨੀਤ ਕੌਰ ਨੇ ਕਿਹਾ ਹੈ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਸਵਾਗਤ ਬਾਰੇ ਫ਼ੈਸਲਾ ਪੰਜਾਬ ਸਰਕਾਰ ਵੱਲੋਂ ਲਿਆ ਜਾਵੇਗਾ। ਅਜਿਹਾ ਫ਼ੈਸਲਾ ਲੈਣ ਦਾ ਅਧਿਕਾਰ ਖੇਤਰ ਵੀ ਸੂਬਾ ਸਰਕਾਰ ਦਾ ਹੀ ਹੈ। ਸ੍ਰੀਮਤੀ ਪ੍ਰਨੀਤ ਕੌਰ ਇੱਥੇ ਸ੍ਰੀ ਬੇਗਮਪੁਰਾ ਮਿਸ਼ਨ ਦੇ ਸਨਮਾਨ ਸਮਾਗਮ ਵਿੱਚ ਸ਼ਿਰਕਤ ਦੌਰਾਨ ਪੱਤਰਕਾਰਾਂ ਵੱਲੋਂ ਕੈਨੇਡੀਅਨ ਪ੍ਰਧਾਨ ਮੰਤਰੀ ਦੀ ਅਗਲੇ ਦਿਨੀਂ ਪੰਜਾਬ ਫੇਰੀ ਬਾਰੇ ਪੁੱਛੇ ਸਵਾਲ ਦਾ ਜਵਾਬ ਦੇ ਰਹੇ ਸਨ।



ਦੱਸਣਯੋਗ ਹੈ ਕਿ ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸੱਜਣ ਜਦੋਂ ਪੰਜਾਬ ਆਏ ਸਨ ਤਾਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਉਨ੍ਹਾਂ ਨੂੰ ਮਿਲੇ ਵੀ ਨਹੀਂ ਸਨ। ਇਸ ਬਾਰੇ ਸਵਾਲ ਦੇ ਜਵਾਬ ਵਿੱਚ ਸ੍ਰੀਮਤੀ ਪ੍ਰਨੀਤ ਕੌਰ ਦਾ ਕਹਿਣਾ ਸੀ ਕਿ ਉਹ ਚਾਹੁੰਦੇ ਹਨ ਕਿ ਅਜਿਹੀ ਕੜਵਾਹਟ ਘੱਟ ਹੋਵੇ ਕਿਉਂਕਿ ਕੈਨੇਡਾ ਦੀ ਵਸੋਂ ਵਿੱਚ 40 ਫੀਸਦੀ ਪੰਜਾਬੀ ਹਨ। ਨਾਲ ਹੀ ਉਨ੍ਹਾਂ ਕਿਹਾ ਕਿ ਦੇਸ਼ ਦੀ ਏਕਤਾ ਤੇ ਆਖੰਡਤਾ ਨਾਲ ਵੀ ਸਮਝੌਤਾ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਇਹ ਵੀ ਦੱਸਿਆ ਕਿ ਜਸਟਿਨ ਟਰੂਡੋ ਨੇ ਦਰਬਾਰ ਸਾਹਿਬ ਜਾਣ ਸਮੇਤ ਪੰਜਾਬ ਵਿੱਚ ਸਿਰਫ਼ ਤਿੰਨ ਚਾਰ-ਘੰਟੇ ਹੀ ਰਹਿਣਾ ਹੈ। ਦੱਸਣਯੋਗ ਹੈ ਕਿ ਸਾਬਕਾ ਆਈ.ਐਫ਼. ਐਸ. ਅਧਿਕਾਰੀ ਸ੍ਰੀ ਕੇ.ਸੀ. ਸਿੰਘ ਨੇ ਦਿੱਲੀ ਵਿੱਚ ਕੌਮਾਂਤਰੀ ਪੰਜਾਬੀ ਕਾਨਫਰੰਸ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਅਪੀਲ ਕੀਤੀ ਹੈ ਕਿ ਕੈਨੇਡਾ ਨਾਲ ਪੰਜਾਬ ਦੀ ਕੜਵਾਹਟ ਘਟਾਉਣ ਲਈ ਉਹ ਕੈਨੇਡੀਅਨ ਪ੍ਰਧਾਨ ਮੰਤਰੀ ਦਾ ਗਰਮਜੋਸ਼ੀ ਨਾਲ ਸਵਾਗਤ ਕਰਨ। ਜਸਟਿਨ ਟਰੂਡੋ 17 ਫਰਵਰੀ ਨੂੰ ਪੰਜਾਬ ਫੇਰੀ 'ਤੇ ਆ ਰਹੇ ਹਨ।



# ਬਹਿਬਲ ਕਾਂਡ ’ਚ ਪੁਲੀਸ ਅਧਿਕਾਰੀਆਂ ਨੂੰ ਅਦਾਲਤ ਨੇ ਆਰਜ਼ੀ ਰਾਹਤ ਦਿੱਤੀ

**ਫ਼ਰੀਦਕੋਟ/ਬਿਊਰੋ ਨਿਊਜ਼ :** ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਮਗਰੋਂ ਕੀਤੇ ਗਏ ਰੋਸ ਪ੍ਰਦਰਸ਼ਨਾਂ ਦੌਰਾਨ ਅਕਤੂਬਰ 2015 ਵਿੱਚ ਵਾਪਰੇ ਬਹੁ-ਚਰਚਿਤ ਬਹਿਬਲ ਕਾਂਡ ਵਿੱਚ ਘਿਰੇ ਪੁਲੀਸ ਅਧਿਕਾਰੀਆਂ ਨੂੰ ਉਨ੍ਹਾਂ ਖ਼ਿਲਾਫ਼ ਅਦਾਲਤ ਵਿੱਚ ਚੱਲ ਰਹੀ ਕਾਰਵਾਈ ਤੋਂ ਆਰਜ਼ੀ ਰਾਹਤ ਮਿਲ ਗਈ ਹੈ।

ਜਾਣਕਾਰੀ ਅਨੁਸਾਰ ਸਥਾਨਕ ਇਲਾਕਾ ਮੈਜਿਸਟਰੇਟ ਸ਼ਵੇਤਾ ਦਾਸ ਨੇ ਬਾਜਾਖਾਨਾ ਪੁਲੀਸ ਤੋਂ ਬਹਿਬਲ ਕਾਂਡ ਵਿੱਚ ਮਾਰੇ ਗਏ ਕ੍ਰਿਸ਼ਨ ਭਗਵਾਨ ਸਿੰਘ ਅਤੇ ਗੁਰਜੀਤ ਸਿੰਘ ਸਬੰਧੀ ਦਰਜ ਹੋਏ ਪਰਚੇ ਦੀ ਸਟੇਟਸ ਰਿਪੋਰਟ ਮੰਗੀ ਸੀ। ਪੁਲੀਸ ਨੇ ਆਪਣੀ ਸਟੇਟਸ ਰਿਪੋਰਟ ਵਿੱਚ ਅਦਾਲਤ ਨੂੰ ਦੱਸਿਆ ਕਿ ਪੁਲੀਸ ਇਸ ਮਾਮਲੇ ਦੀ ਅਜੇ ਪੜਤਾਲ ਕਰ ਰਹੀ ਹੈ। ਅਦਾਲਤ ਨੇ ਪੁਲੀਸ ਦੀ ਪੜਤਾਲ ਮੁਕੰਮਲ ਹੋਣ ਤੱਕ ਅਗਲੀ ਕਾਰਵਾਈ ਕਰਨ ’ਤੇ ਰੋਕ ਲਾ ਦਿੱਤੀ ਹੈ ਅਤੇ ਪੁਲੀਸ ਨੂੰ ਹੁਕਮ ਦਿੱਤਾ ਹੈ ਕਿ ਉਹ ਪੜਤਾਲ ਦੀ ਮੁਕੰਮਲ ਰਿਪੋਰਟ 7 ਅਪਰੈਲ 2018 ਤੱਕ ਅਦਾਲਤ ਸਾਹਮਣੇ ਪੇਸ਼ ਕਰੇ। ਪੁਲੀਸ ਨੇ ਇਹ ਰਿਪੋਰਟ 29 ਜਨਵਰੀ ਤੱਕ ਅਦਾਲਤ ਵਿੱਚ ਪੇਸ਼ ਕਰਨੀ ਸੀ, ਪਰ ਪੜਤਾਲ ਮੁਕੰਮਲ ਨਾ ਹੋਣ ਕਰਕੇ ਅਦਾਲਤ ਨੇ ਇਸ ਮਾਮਲੇ ਦੀ ਸੁਣਵਾਈ 7 ਅਪਰੈਲ ’ਤੇ ਪਾ ਦਿੱਤੀ ਹੈ। ਦੱਸਣਯੋਗ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਦਅਬੀ ਮਗਰੋਂ ਬਠਿੰਡਾ ਰੋਡ ’ਤੇ ਪਿੰਡ ਬਹਿਬਲ ਨੇੜੇ ਸਿੱਖ ਸੰਗਤਾਂ



ਪੰਜਾਬ ਸਰਕਾਰ ਅਤੇ ਪੁਲੀਸ ਖ਼ਿਲਾਫ਼ ਸ਼ਾਂਤਮਈ ਰੋਸ ਧਰਨਾ ਦੇ ਰਹੀਆਂ ਸਨ, ਜਿਨ੍ਹਾਂ ਉੱਪਰ ਪੁਲੀਸ ਵੱਲੋਂ ਗੋਲੀ ਚਲਾਈ ਗਈ ਸੀ। ਇਸ ਗੋਲੀ ਕਾਂਡ ਵਿੱਚ ਦੋ ਸਿੱਖ ਵਿਅਕਤੀਆਂ ਕ੍ਰਿਸ਼ਨ ਭਗਵਾਨ ਸਿੰਘ ਅਤੇ ਗੁਰਜੀਤ ਸਿੰਘ ਦੀ ਗੋਲੀ ਵੱਜਣ ਕਾਰਨ ਮੌਤ ਹੋ ਗਈ ਸੀ। ਜ਼ਿਲ੍ਹਾ ਪੁਲੀਸ ਨੇ ਹੁਣ ਤੱਕ ਇਸ ਮਾਮਲੇ ਵਿੱਚ ਕੋਈ ਗ੍ਰਿਫ਼ਤਾਰੀ ਨਹੀਂ ਕੀਤੀ ਹੈ ਅਤੇ ਨਾ ਹੀ ਕਿਸੇ ਵਿਅਕਤੀ ਨੂੰ ਐੱਫਆਈਆਰ ਵਿੱਚ ਦੋਸ਼ੀ ਠਹਿਰਾਇਆ ਗਿਆ ਹੈ। ਸਪੈਸ਼ਲ ਇਨਵੈਸਟੀਗੇਸ਼ਨ ਟੀਮ ਦੇ ਡਾਇਰੈਕਟਰ ਨੇ ਉੱਚ ਪੱਧਰੀ ਪੜਤਾਲ ਮਗਰੋਂ 21 ਅਕਤੂਬਰ 2015 ਨੂੰ ਅਣਪਛਾਤੇ ਪੁਲੀਸ ਮੁਲਾਜ਼ਮਾਂ ਖ਼ਿਲਾਫ਼ ਧਾਰਾ 307, 302, 120 ਬੀ/34 ਅਤੇ ਅਸਲਾ ਐਕਟ ਦੀ ਧਾਰਾ 25/27/54/59 ਤਹਿਤ ਕੇਸ ਦਰਜ ਕੀਤਾ ਸੀ। ਜਸਟਿਸ ਜ਼ੋਰਾ ਸਿੰਘ ਦੀ ਜਾਂਚ ਦੌਰਾਨ ਵੀ ਕਿਸੇ ਪੁਲੀਸ ਮੁਲਾਜ਼ਮ ਜਾਂ ਅਧਿਕਾਰੀ ਨੂੰ ਗੋਲੀ ਕਾਂਡ ਲਈ ਜ਼ਿੰਮੇਵਾਰ ਨਹੀਂ ਠਹਿਰਾਇਆ ਗਿਆ ਅਤੇ ਨਾ ਹੀ ਜਾਂਚ ਦੌਰਾਨ ਕਿਸੇ ਪੁਲੀਸ ਅਧਿਕਾਰੀ ਦਾ ਨਾਮ ਸਾਹਮਣੇ ਆਇਆ ਹੈ। ਸਰਕਾਰ ਅਤੇ ਪੁਲੀਸ ਵੱਲੋਂ ਦੋਸ਼ੀਆਂ ਖ਼ਿਲਾਫ਼ ਲੰਮਾ ਸਮਾਂ ਕਾਰਵਾਈ ਨਾ ਹੋਣ ਤੋਂ ਪ੍ਰੇਸ਼ਾਨ ਪੀੜਤ ਪਰਿਵਾਰਾਂ ਨੇ ਮੁਲਜ਼ਮਾਂ ਖ਼ਿਲਾਫ਼ ਅਦਾਲਤ ਵਿੱਚ ਇਸਤਗਾਸਾ ਦਾਇਰ ਕਰਕੇ ਦੋਸ਼ੀਆਂ ਨੂੰ ਸਜ਼ਾ ਦੇਣ ਦੀ ਮੰਗ ਕੀਤੀ ਸੀ। ਇਸ ਮਾਮਲੇ ਵਿੱਚ ਘਟਨਾ ਨਾਲ ਜੁੜੇ ਸਾਰੇ ਗਵਾਹ ਅਦਾਲਤ ਵਿੱਚ ਆਪਣੇ ਬਿਆਨ ਦਰਜ ਕਰਵਾ ਚੁੱਕੇ ਹਨ ਤੇ ਹੁਣ ਅਗਲੀ ਕਾਰਵਾਈ ਪੁਲੀਸ ਦੀ ਜਾਂਚ ਰਿਪੋਰਟ ਤਿਆਰ ਹੋਣ ਮਗਰੋਂ ਹੀ ਹੋਵੇਗੀ। ਸ਼ਿਕਾਇਤਕਰਤਾ ਰੇਸ਼ਮ ਸਿੰਘ ਨੇ ਅਦਾਲਤ ਵਿੱਚ ਫ਼ਰੀਦਕੋਟ ਦੇ ਸਾਬਕਾ ਐੱਸਐੱਸਪੀ, ਐੱਸਪੀ ਅਤੇ ਇੱਕ ਇੰਸਪੈਕਟਰ ਖ਼ਿਲਾਫ਼ ਸ਼ਿਕਾਇਤ ਦਰਜ ਕਰਵਾਈ ਹੋਈ ਹੈ।

## ਮ੍ਰਿਤਕ ਨੌਂਜਵਾਨ ਦੇ ਪਰਿਵਾਰ ਦੀ ਮਦਦ ਬਦਲੇ ਦਾਨੀ ਸੰਗਤਾਂ ਦਾ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵਲੋਂ ਧੰਨਵਾਦ

**ਨਿਊਯਾਰਕ/ਬਿਊਰੋ ਨਿਊਜ਼:** ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵਲੋਂ ਉਨ੍ਹਾਂ ਸਾਰੇ ਦਾਨੀ ਸੱਜਣਾਂ ਦਾ ਧੰਨਵਾਦ ਕੀਤਾ ਹੈ ਜਿਨ੍ਹਾਂ ਨੇ ਪਿਛਲੇ ਸਾਲ ਦਿਲ ਦਾ ਦੌਰਾ ਪੈਣ ਕਾਰਨ ਮਾਰੇ ਗਏ ਸਿੱਖ ਨੌਜਵਾਨ ਸ.ਜਗਜੀਤ ਸਿੰਘ ਦੇ ਪਰਿਵਾਰ ਦੀ ਮਾਲੀ ਮਦਦ ਲਈ ਸਹਿਯੋਗ ਦਿੱਤਾ ਸੀ। ਵਰਨਣਯੋਗ ਹੈ ਕਿ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਜੋ ਈਸਟ ਕੋਸਟ ਦਾ ਸਭ ਤੋਂ ਵੱਡਾ ਅਤੇ ਪੁਰਾਣਾ ਗੁਰਦੁਆਰਾ ਸਾਹਿਬ ਹੈ, ਵਲੋਂ ਹਮੇਸ਼ਾਂ ਸ਼ੁਭ ਤੇ ਲੋੜਵੰਦ ਯੋਗ ਕਾਰਜਾਂ ਦੀ ਅਗਵਾਈ ਕਰਦਾ ਹੈ ਭਾਵੇਂ ਉਹ ਧਾਰਮਿਕ ਹੋਣ ਜਾਂ ਆਰਥਿਕ ਹੋਣ ਤੇ ਭਾਵੇਂ ਰਾਜਸੀ ਹੋਣ। 27 ਸਾਲ ਦਾ ਨੌਜਵਾ ਜਗਜੀਤ ਸਿੰਘ, ਜਿਹੜਾ ਪੰਜਾਬ ਦੇ ਪਿੰਡ ਅਕਾਲਗੜ੍ਹ ਨਜਦੀਕ ਮਾਛੀਵਾੜਾ ਦਾ ਵਸਨੀਕ ਅਤੇ ਮਾਂ ਬਾਪ ਦਾ ਇਕਲੌਤਾ ਪੁੱਤਰ ਘਰ ਦੀਆਂ ਤੰਗੀਆਂ ਤਰੁਸ਼ੀਆਂ ਨੂੰ ਦੂਰ ਕਰਨ ਲਈ ਬਾਕੀ ਨੌਜਵਾਨਾਂ ਵਾਂਗ ਹੀ ਤਕਰੀਬਨ 4 ਸਾਲ ਪਹਿਲਾ ਪੈਸਾ ਲਾ ਕੇ ਅਮਰੀਕਾ ਆਇਆ ਸੀ। ਉਹ ਆਪਣੇ ਕੰਮ ਦੇ ਨਾਲ ਹੀ ਹਰ ਰੋਜ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵਿਚ ਸਵੇਰ ਸ਼ਾਮ ਨਿਸ਼ਕਾਮ ਸੇਵਾ ਨਿਭਾਉਦਾ ਰਿਹਾ ।ਪਰ ਪਿਛਲੇ ਸਾਲ ਨਵੰਬਰ ਮਹੀਨੇ ਵਿਚ ਉਹ ਗੁਰਦੁਆਰਾ ਸਾਹਿਬ ਤੋਂ ਘਰ ਨੂੰ ਜਾਂਦਿਆਂ ਹਾਰਟ ਅਟੈਕ ਹੋਣ ਨਾਲ ਗੁਰੂ ਚਰਨਾਂ ਵਿਚ ਜਾ ਬਿਰਾਜਿਆ ਸੀ। ਗਰੀਬ ਪਰਿਵਾਰ ਦਾ ਇਕਲੌਤਾ ਬੱਚਾ ਹੋਣ ਕਰਕੇ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਅਤੇ ਬਾਹਰ ਤੋਂ ਬਹੁਤ ਸਾਰੀਆਂ ਸੰਗਤਾਂ ਨੇ ਫੈਸਲਾ ਕੀਤਾ ਸੀ ਕੁਝ ਫੰਡ ਇਕੱਠਾ



ਕਰਕੇ ਪਰਿਵਾਰ ਦੀ ਮਾਲੀ ਮਦਦ ਕੀਤੀ ਜਾਵੇ ਜਿਸ ਦੀ ਜੁੰਮੇਵਾਰੀ ਸਰਦਾਰ ਬਲਾਕਾ ਸਿੰਘ ਦੀ ਲਾਈ ਗਈ ਸੀ (go fund me online) ਰਾਹੀਂ ਇਹ ਪੈਸਾ ਸੰਗਤਾਂ ਵੱਲੋਂ ਭੇਜਿਆ ਗਿਆ ਸੀ। ਜਗਜੀਤ ਸਿੰਘ ਦੀ ਮ੍ਰਿਤਕ ਦੇਹ ਵੀ ਇੰਡੀਆ ਭੇਜੀ ਗਈ ਸੀ। ਸ.ਕੁਲਦੀਪ ਸਿੰਘ ਢਿੱਲੋਂ ਵਲੋਂ ਦਿੱਤੀ ਜਾਣਕਾਰੀ ਅਨੁਸਾਰ ਇਸ ਤਰ੍ਹਾਂ ਇਕੱਠੀ ਹੋਈ 22000 ਡਾਲਰ ਦੀ ਰਕਮ ਨੂੰ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਦੇ ਜਨਰਲ ਸਕੱਤਰ ਭੁਪਿੰਦਰ ਸਿੰਘ ਅਟਵਾਲ ਰਾਹੀਂ ਉਸ ਦੇ ਪਰਿਵਾਰ ਨੂੰ ਸਿੱਧਾ ਪਹੁੰਚਾਉਣ ਲਈ ਟੀ ਡੀ ਬੈਕ ਦੇ ਚੈੱਕ ਨੰਬਰ 82838991 ਰਾਹੀਂ 22000 ਦਾ ਚੈੱਕ ਭੇਜਿਆ ਜਾ ਰਿਹਾ ਹੈ ਤਾਂ ਜੋ ਪਰਿਵਾਰ ਦੀ ਮਾਲੀ ਮਦਦ ਹੋ ਸਕੇ। ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵੱਲੋਂ ਇਸ ਫੰਡ ਲਈ ਦਾਨ ਭੇਜਣ ਵਾਲੀਆਂ ਸੰਗਤਾਂ ਦਾ ਧੰਨਵਾਦ ਕੀਤਾ ਜਾਂਦਾ ਹੈ।

## ਹਰਿਆਣਾ ’ਚ ਕਸ਼ਮੀਰੀ ਪਾੜ੍ਹਿਆਂ ਦੀ ਕੁੱਟਮਾਰ; ਤਿੰਨ ਗ੍ਰਿਫ਼ਤਾਰ

***ਕੇਂਦਰੀ ’ਵਰਸਿਟੀ ਦੇ ਵਿਦਿਆਰਥੀਆਂ ਵੱਲੋਂ ਬ਼ਗੈਰ ਕਿਸੇ ਕਾਰਨ ਕੁੱਟਮਾਰ ਕੀਤੇ ਜਾਣ ਦੇ ਦੋਸ਼***

**ਚੰਡੀਗੜ੍ਹ/ਬਿਊਰੋ ਨਿਊਜ਼**, ਹਰਿਆਣਾ ਦੇ ਮਹੇਂਦਰਗੜ੍ਹ ਵਿੱਚ ਜੰਮੂ ਕਸ਼ਮੀਰ ਦੇ ਦੋ ਯੂਨੀਵਰਸਿਟੀ ਵਿਦਿਆਰਥੀਆਂ ਦੀ ਕੁੱਟਮਾਰ ਕਰਨ ਦੇ ਦੋਸ਼ ਵਿੱਚ ਪੁਲੀਸ ਨੇ ਤਿੰਨ ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਹਰਿਆਣਾ ਦੀ ਕੇਂਦਰੀ ਯੂਨੀਵਰਸਿਟੀ ਦੇ ਵਿਦਿਆਰਥੀਆਂ ਆਫਤਾਬ ਅਹਿਮਦ ਅਤੇ ਅਮਜਦ ਨੇ ਦਾਅਵਾ ਕੀਤਾ ਹੈ ਕਿ ਕੱਲ੍ਹ ਅਣਪਛਾਤੇ ਵਿਅਕਤੀਆਂ ਦੇ ਗਰੁੱਪ ਨੇ ’ਬ਼ਗੈਰ ਕਿਸੇ ਗੱਲੋਂ’ ਉਨ੍ਹਾਂ ਦੀ ਕੁੱਟਮਾਰ ਕੀਤੀ। ਹਾਲਾਂਕਿ ਪੁਲੀਸ ਨੇ ਦਾਅਵਾ ਕੀਤਾ ਹੈ ਕਿ ਸ਼ਿਕਾਇਤਕਰਤਾਵਾਂ ਅਤੇ ਦੋ ਸਥਾਨਕ ਵਿਅਕਤੀਆਂ ਦਰਮਿਆਨ ਮੋਟਰਸਾਈਕਲਾਂ ਦੀ ਮਾਮੂਲੀ ਟੱਕਰ ਬਾਅਦ ਤਕਰਾਰ ਹੋਈ ਸੀ। ਸਥਾਨਕ ਵਿਅਕਤੀ ਨੇ ਆਪਣੇ ਹੋਰ ਸਾਥੀਆਂ ਨੂੰ ਬੁਲਾ ਕੇ ਆਫਤਾਬ ਅਤੇ ਅਮਜਦ ਦੀ ਕੁੱਟਮਾਰ ਕਰ ਦਿੱਤੀ। ਅਹਿਮਦ ਨੇ ਦੱਸਿਆ, ’ਅਸੀਂ ਕੱਲ੍ਹ ਬਾਜ਼ਾਰ ਗਏ ਸੀ। ਨਮਾਜ਼ ਅਦਾ ਕਰਨ ਬਾਅਦ ਜਦੋਂ ਅਸੀਂ ਆਪਣਾ ਮੋਟਰਸਾਈਕਲ ਸਟਾਰਟ ਕੀਤਾ ਤਾਂ 15-20 ਜਣੇ ਆਏ ਅਤੇ ਸਾਨੂੰ ਬ਼ਗੈਰ ਕਿਸੇ ਕਾਰਨ ਤੋਂ ਕੁੱਟਣਾ ਸ਼ੁਰੂ ਕਰ ਦਿੱਤਾ।’ ਇਕ ਪੁਲੀਸ ਅਧਿਕਾਰੀ ਨੇ ਦੱਸਿਆ, ’ਅਸੀਂ ਛੇ ਵਿਅਕਤੀ ਦੀ ਸ਼ਨਾਖ਼ਤ ਕੀਤੀ ਹੈ ਅਤੇ ਉਨ੍ਹਾਂ ਵਿੱਚੋਂ ਤਿੰਨ ਜਣਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ।’ ਇਸ ਘਟਨਾ ਬਾਅਦ ਜੰਮੂ ਕਸ਼ਮੀਰ ਦੀ ਮੁੱਖ ਮੰਤਰੀ ਮਹਿਬੂਬਾ ਮੁਫ਼ਤੀ ਨੇ ਹਰਿਆਣਾ ਦੇ ਆਪਣੇ ਹਮਰੁਤਬਾ ਮਨੋਹਰ ਲਾਲ ਖੱਟਰ ਨੂੰ

**ਬਾਕੀ ਸਫ਼ਾ 29 ’ਤੇ**


HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)




○ ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।

○ ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035

ਅੰਮ੍ਰਿਤਸਰ ਟਾਈਮਜ਼
AMRITSAR TIMES
07 ਫਰਵਰੀ 2018 ਤੋਂ 13 ਫਰਵਰੀ 2018

# ਇਨਸਾਫ਼ ਦੀ ਉਡੀਕ ਤੇ ਸਿਆਸੀ ਕਾਂਵਾਂ ਰੌਲੀ

## *ਸਿੱਖ ਕਤਲੇਆਮ ਦੇ ਪੀੜਤਾਂ ਦਾ ਵਾਰ ਵਾਰ ਅਪਮਾਨ ਨਿੰਦਾਜਨਕ*

ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਵਲੋਂ 84 ਦੇ ਸਿੱਖ ਕਤਲੇਆਮ 'ਚ ਅਪਣਾ ਹੱਥ ਹੋਣ ਬਾਰੇ ਮਾਰੀਆਂ ਡੀਂਗਾਂ ਵਾਲੇ ਇਕਬਾਲੀਆਂ ਬਿਆਨ ਦੀਆਂ ਰਿਕਾਰਡਡ ਟੇਪਾਂ ਸਾਹਮਣੇ ਆਉਣ ਬਾਅਦ ਇਸ ਮਸਲੇ ਦਾ ਮੁੜ ਉਭਰਣਾ/ਉਭਾਰੇ ਜਾਣਾ ਲਾਜ਼ਮੀ ਹੈ। ਅਜਿਹਾ ਹੋਣਾ ਵੀ ਚਾਹੀਦਾ ਹੈ। ਬੜੀ ਸ਼ਰਮ ਵਾਲੀ ਗੱਲ ਹੈ ਕਿ 33 ਸਾਲ ਤੋਂ ਵੱਧ ਸਮੇਂ ਤੋਂ ਪੀੜਤ ਚਲੇ ਆ ਰਹੇ ਪਰਿਵਾਰਾਂ ਨੂੰ ਹੁਣ ਜੇ ਇਨਸਾਫ਼ ਮਿਲ ਵੀ ਗਿਆ ਤਾਂ ਕੀ ਉਸਨੂੰ ਇਨਸਾਫ਼ ਕਿਹਾ ਜਾ ਸਕੇਗਾ? ਵੈਸੇ ਤਾਂ ਭਾਰਤ ਵਰਗੇ ਮੁਲਕਾਂ ਵਿੱਚ ਲੋਕਾਂ ਨੂੰ ਆਮ ਮਾਮਲਿਆਂ 'ਚ ਵੀ ਵਰ੍ਹਿਆਂ ਤੱਕ ਅਦਾਲਤਾਂ 'ਚ ਖੱਜ਼ਲ ਖੁਆਰ ਹੋਣ ਬਾਅਦ ਵੀ ਫੈਸਲਿਆਂ ਦੀ ਉਡੀਕ ਕਰਨੀ ਪੈਂਦੀ ਹੈ। ਜੇ ਫੈਸਲੇ ਛੇਤੀ ਵੀ ਹੋ ਜਾਣ ਤਾਂ ਵੀ ਰਾਜਸੀ ਦਬਾਅ, ਰਿਸ਼ਵਤਖੋਰੀ ਤੇ ਬਹੁਤੇ ਜੱਜਾਂ ਦੀ ਪੱਖਪਾਤੀ ਪਹੁੰਚ ਕਾਰਨ ਸਹੀ ਮਾਅਨਿਆਂ ਵਿੱਚ ਨਿਆਂ ਘੱਟ-ਵੱਧ ਹੀ ਵੇਖਣ/ਸੁਣਨ ਨੂੰ ਮਿਲਦਾ ਹੈ।

ਜਿੱਥੋਂ ਤੱਕ 84 ਦੇ ਸਿੱਖ ਕਤਲੇਆਮ ਦਾ ਸਵਾਲ ਹੈ ਇਹ ਭਾਰਤ ਦੇ ਪ੍ਰਸ਼ਾਸ਼ਕੀ ਅਤੇ ਅਦਾਲਤੀ ਢਾਂਚੇ ਉੱਤੇ ਕਦੇ ਨਾ ਮਿੱਟਣ ਵਾਲਾ ਸ਼ਰਮਨਾਕ ਕਾਲਾ ਧੱਬਾ ਹੈ। ਹੁਣ ਤੱਕ ਇਸ ਸਬੰਧੀ ਚੱਲ ਰਹੀ ਕਾਰਵਾਈ ਤੇ ਚੁੰਝ ਚਰਚਾ ਦੇ ਮੱਦੇਨਜ਼ਰ ਇਹੋ ਹੋਇਆ ਦਿਸਦਾ ਹੈ ਕਿ ਸਰਕਾਰਾਂ ਤੇ ਅਦਾਲਤਾਂ ਦੋਵਾਂ ਨੇ ਵੀ ਸਰਕਾਰੀ ਸ਼ਹਿ ਉੱਤੇ ਸਿੱਖਾਂ ਨਾਲ ਉੱਤੇ ਢਾਹੇ ਗਏ ਅਕਹਿ ਜ਼ੁਲਮਾਂ ਉੱਤੇ ਮਲ੍ਹਮ ਲਾਉਣ ਦੀ ਥਾਂ ਉਲਟਾ ਲੂਣ ਹੀ ਛਿੜਕਿਆ ਹੈ। ਬਲਕਿ ਅਜਿਹਾ ਕਰਨਾ ਬਾਦਸਤੂਰ ਜਾਰੀ ਹੈ। ਹਰ ਸਿੱਖ ਅਤੇ ਇਨਸਾਫ਼ਪਸੰਦ ਵਿਅਕਤੀ ਜਾਣਦਾ ਹੈ ਕਿ ਨਵੰਬਰ 1984 ਤੋਂ ਲੈ ਕੇ ਅੱਕ ਤੱਕ ਅਣਗਿਣਤ ਜਾਂਚ ਕਮਿਸ਼ਨ, ਵਿਸ਼ੇਸ਼ ਜਾਂਚ ਟੀਮਾਂ/ਕਮੇਟੀਆਂ ਨਿਯੁਕਤ ਕੀਤੇ ਜਾਣ ਦੇ ਬਾਵਜੂਦ ਅਸਲੀ ਦੋਸ਼ੀ ਸ਼ਰੇਆਮ ਮੌਜਾਂ ਮਾਣਦੇ ਫਿਰਦੇ ਹਨ। ਹਾਂ ਕੁਝ ਕੇਸਾਂ 'ਚ ਹੇਠਲੀ ਪੱਧਰ ਦੇ ਸਮਾਜ ਵਿਰੋਧੀ ਅਨਸਰਾਂ ਨੂੰ ਕੈਦ ਹੋਈ ਪਰ ਇੱਕ ਦੋ ਨੂੰ ਹੇਠਲੀ ਅਦਾਲਤ ਵਲੋਂ ਫਾਂਸੀ ਦੀ ਸਜ਼ਾ ਸੁਣਾਏ ਜਾਣ ਬਾਰੇ ਉਪਰਲੇ ਅਦਾਲਤ ਦੀ ਕੁਰਸੀ ਉੱਤੇ ਬਿਰਾਜਮਾਨ ਹਿੰਦੂਵਾਦੀ ਜੱਜਾਂ ਦਾ ਇੰਨਾ ਢਿੱਡ ਦੁਖਿਆ ਕਿ ਸਜ਼ਾ ਆਮ ਕੈਦ ਵਿੱਚ ਬਦਲ ਦਿੱਤੀ ਜਾਂਦੀ। ਇਨਸਾਫ਼ ਦੀ ਤਕੜੀ ਫੜਣ ਵਾਲੇ ਕੋਝੇ ਹੱਥਾਂ ਦੀ ਘਿਣਾਉਣੀ ਸੋਚ ਅਤੇ ਉਨ੍ਹਾਂ ਦੀ ਹੀ ਭਾਈਬੰਦ ਅਫਸਰਸ਼ਾਹੀ ਦੇ ਫਿਰਕੂ ਰਵੱਈਏ ਦੇ ਬਾਵਜੂਦ ਵੀ ਸਿੱਖ ਭਾਈਚਾਰਾ ਅਪਣੇ ਮਨਾਂ 'ਚ ਅੰਤਾਂ ਦਾ ਰੋਸ, ਗੁੱਸਾ ਸੰਭਾਲੀ ਇਨਸਾਫ ਦੀ ਆਸ ਦਾ ਦੀਵਾ ਇਸ ਹਨੇਰੀ ਸੁਰੰਗ ਵਿੱਚ ਬਾਲਣ ਲਈ ਯਤਨਸ਼ੀਲ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਦੇ ਹੱਥ ਲੱਗੀਆਂ ਟੇਪਾਂ ਵਿਚਲੇ ਟਾਈਟਲਰ ਦੇ ਸਨਸਨੀਖੇਜ਼ ਖੁਲਾਸੇ ਵਾਲੇ ਇਕਬਾਲੀਆ ਬਿਆਨ ਨਾਲ ਮਸਲਾ ਮੁੜ ਸੁਰਖੀਆਂ 'ਚ ਆਉਣ ਨਾਲ ਫਿਰ ਭਖੇਗਾ। ਪਰ ਪਿਛਲੇ ਤਜਰਬਿਆਂ ਨੂੰ ਵੇਖਦਿਆਂ ਇਹ ਆਸ ਰੱਖਣਾ ਬਹੁਤਾ ਵਜ਼ਨਦਾਰ ਨਹੀਂ ਹੋਵੇਗਾ ਕਿ ਹੁਣ ਸਿੱਖ ਕਤਲੇਆਮ ਦੇ ਪੀੜ੍ਹਤਾਂ ਨੂੰ ਇਨਸਾਫ਼ ਦੀਆਂ ਘੜੀਆਂ ਆ ਪੁਜੀਆਂ ਹਨ।

ਟਾਈਟਲਰ ਵਲੋਂ ਸਿੱਖ ਕਤਲੇਆਮ 'ਚ ਅਪਣੀ ਸ਼ਮੂਲੀਅਤ ਬਾਰੇ ਅਦਾਲਤਾਂ ਤੇ ਸਮਾਜਕ ਪਲੇਟਫਾਰਮਾਂ ਉੱਤੇ ਵਰ੍ਹਿਆਂ ਤੋਂ ਬੜੀ ਬੇਸ਼ਰਮੀ ਨਾਲ ਮੁਕਰਦੇ ਆਉਣ ਦਾ ਹੁਣ ਸ਼ਰੇਆਮ ਭਾਂਡਾ ਫੁਟਣ ਬਾਅਦ ਇਸ ਵਿੱਚ ਕੋਈ ਸ਼ੱਕ ਬਾਕੀ ਨਹੀਂ ਰਹਿ ਜਾਣਾ ਚਾਹੀਦਾ ਕਿ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹਤਿਆ ਬਾਅਦ ਦਿੱਲੀ ਸਮੇਤ ਭਾਰਤ ਦੇ ਵੱਖ ਸ਼ਹਿਰਾਂ 'ਚ ਸਿੱਖਾਂ ਦੇ ਕਤਲ, ਸਿੱਖ ਬੀਬੀਆਂ ਦੇ ਬਲਾਤਕਾਰ, ਘਰਾਂ-ਜਾਇਦਾਦਾਂ ਦੀ ਸਾੜ ਫੂਕ ਅਤੇ ਲੁੱਟ ਖੋਹ ਕਰਨ ਕਰਵਾਉਣ ਵਾਲੇ ਅਸਲ ਅਪਰਾਧੀ ਉਸ ਸਮੇਂ ਦੇ ਕਾਂਗਰਸੀ ਸ਼ਾਸ਼ਕ, ਆਗੂ ਤੇ ਪਾਰਟੀ ਦੇ ਕਾਰਕੁਨ ਹੀ ਸਨ। ਜਿਨ੍ਹਾਂ ਹੋਰਨਾਂ ਸਮਾਜ ਵਿਰੋਧੀ ਅਨਸਰਾਂ ਨੇ ਉਨ੍ਹਾਂ ਦਾ ਸਾਥ ਦਿੱਤਾ ਉਨ੍ਹਾਂ ਪਿੱਛੇ ਸਿਰਫ਼ ਕਾਂਗਰਸੀ ਹੱਥ ਹੀ ਨਹੀਂ ਬਲਕਿ ਭਾਜਪਾਈ ਆਗੂਆਂ ਅਤੇ ਫਿਰਕੂ ਹਿੰਦੂ ਜਥੇਬੰਦੀਆਂ ਵਲੋਂ 70-80ਵਿਆਂ 'ਚ ਭਾਰਤ ਭਰ 'ਚ ਸਿੱਖਾਂ ਵਿਰੁਧ ਆਰੰਭੀ ਭੰਡੀਪ੍ਰਚਾਰ ਤੇ ਨਫ਼ਰਤ ਭਰੀ ਮੁਹਿੰਮ ਕੰਮ ਕਰਦੀ ਸੀ।

ਸਿੱਖ ਭਾਈਚਾਰੇ ਨਾਲ ਭਾਰਤ ਦੀ ਵੰਡ ਵੇਲੇ ਤੋਂ ਕੀਤੀਆਂ ਜਾ ਰਹੀਆਂ ਵਧੀਕੀਆਂ ਅਤੇ ਸਿੱਖ ਦੇ ਹੱਕਾਂ/ਹਿੱਤਾਂ ਦੀ ਰਾਖ਼ੀ ਦੀ ਥਾਂ ਉਲਟਾਂ ਪੰਜਾਬ ਦੇ ਇਲਾਕਿਆਂ ਤੇ ਪਾਣੀਆਂ ਦੀ ਲੁੱਟ ਕਰਨ ਵਾਲੀਆਂ ਵੱਖ ਵੱਖ ਰਾਜਸੀ ਪਾਰਟੀਆਂ ਦੀਆਂ ਸਰਕਾਰਾਂ ਦਾ ਇਹ ਵੀ ਲਗਾਤਾਰ ਯਤਨ ਰਿਹਾ ਹੈ ਕਿ ਸਿੱਖਾਂ ਨੂੰ ਸਬਕ ਸਿਖਾਉਣ ਲਈ ਦਰਬਾਰ ਸਾਹਿਬ, ਅਕਾਲ ਤਖ਼ਤ ਸਾਹਿਬ ਸਮੇਤ ਹੋਰਨਾਂ ਗੁਰੂ ਘਰਾਂ ਉੱਤੇ ਹਮਲੇ ਅਤੇ ਸਿੱਖ ਕਤਲੇਆਮ ਵਰਗੇ ਘਿਣਾਉਣੇ ਕਾਂਡ ਸਿੱਖ ਚੇਤਿਆਂ ਜਿਉਂਦੇ ਰੱਖੇ ਜਾਣ।

ਚਿੰਤਾ ਅਤੇ ਸ਼ਰਮਵਾਲਾ ਵਾਲਾ ਪਹਿਲੂ ਇਹ ਹੈ ਕਿ ਅਪਰੇਸ਼ਨ ਬਲਿਊ ਸਟਾਰ ਅਤੇ ਸਿੱਖ ਕਤਲੇਆਮ ਸਬੰਧੀ ਰਵਾਇਤੀ ਅਕਾਲੀ ਲੀਡਰਸ਼ਿਪ ਅਤੇ ਦਿੱਲੀ ਵਿਚਲੇ ਸਰਕਾਰੀ ਸਿੱਖ ਟਾਊਟਾਂ ਨੇ ਇਨ੍ਹਾਂ ਦੋਵਾਂ ਮਸਲਿਆਂ ਵਿੱਚ ਰਾਜਸੀ ਤੇ ਆਰਥਿਕ ਲਾਹੇ ਲੈਣ ਲਈ ਅਸਲ 'ਚ ਮਗਰਮੱਛੀ ਅੱਥਰੂ ਹੀ ਵਹਾਏ ਹਨ। ਅਜਿਹਾ ਕਰਨ ਵਿੱਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਸਰਪ੍ਰਸਤ ਪਿਉ-ਪੁੱਤਰ ਦਾ ਕੋਈ ਸਾਨੀ ਨਹੀਂ। ਕਾਂਗਰਸੀ ਸਿੱਖ ਆਗੂਆਂ ਤੋਂ ਤਾਂ ਨਿਰਪੱਖਤਾ ਅਤੇ ਇਨਸਾਫ਼ ਦੀ ਆਸ ਰੱਖਣਾ ਬੇਮਾਅਨਾ ਹੈ। ਮੁੱਖ ਮੰਤਰੀ ਅਮਰਿੰਦਰ ਸਿੰਘ ਵਲੋਂ ਜਗਦੀਸ਼ ਟਾਈਟਲਰ ਨੂੰ ਕਲੀਨ ਚਿੱਟ ਦੇਣ ਬਾਰੇ ਹਾਲ ਵਿੱਚ ਹੀ ਦਿੱਤੇ ਬਿਆਨ ਨੇ ਪਟਿਆਲਾ ਘਰਾਣੇ ਦੇ ਵਾਰਸ ਵਲੋਂ ਅਪਰੇਸ਼ਨ ਬਲਿਊ ਸਟਾਰ ਵਿਰੁਧ ਰੋਸ ਵਜੋਂ ਦਿੱਤੇ ਅਸਤੀਫ਼ੇ ਨੂੰ ਬੇਮਾਅਨਾ ਕਰ ਕੇ ਰੱਖ ਦਿੱਤਾ ਹੈ। ਖੈਰ ਕਾਂਗਰਸੀ ਕੈਪਟਨ ਤੋਂ ਕੋਈ ਆਸ ਰੱਖਣੀ ਬਣਦੀ ਹੀ ਨਹੀਂ । ਉਲਟਾ ਖਦਸ਼ਾਇਹ ਹੈ ਕਿ ਬਾਦਲ ਜੋੜੀ ਦੇ ਭਾਰਤ ਦੀ ਰਾਜਧਾਨੀ ਵਾਲੇ ਸ਼ਹਿਰ ਦਿੱਲੀ ਵਿਚਲੇ ਰਾਜਸੀ ਮੋਹਰੇ ਟਾਈਟਲਰ ਦੀਆਂ ਟੇਪਾਂ ਬਾਰੇ ਅਪਣੇ ਭਾਜਪਾਈ ਭਾਈਵਾਲਾਂ ਨਾਲ ਰਲ ਕੇ ਵੱਧ ਤੋਂ ਵੱਧ ਰਾਜਸੀ ਲਾਹਾ ਖੱਟਣ ਲਈ ਅੱਡੀ ਚੋਟੀ ਦੀ ਕਾਵਾਂ ਰੌਲੀ ਪਾਉਣ 'ਚ ਕੋਈ ਕਸਰ ਬਾਕੀ ਨਹੀਂ ਛੱਡਣਗੇ ਪਰ ਪਿਛਲਾ ਤਜਰਬੇ ਨੂੰ ਵੇਖਦਿਆਂ ਇਨਸਾਫ਼ ਉਨ੍ਹਾਂ ਦੀ ਵੀ ਸ਼ਾਇਦ ਹੀ ਪਹਿਲ ਹੋਵੇ !! ਵਰ੍ਹਿਆਂ ਤੋਂ ਲਟਕਦਾ ਸਵਾਲ ਫਿਰ ਖੜ੍ਹਾ ਹੈ ਕਿ ਆਖ਼ਰ ਪੀੜਤਾਂ ਨੂੰ ਇਨਸਾਫ਼ ਕਦੋਂ ਅਤੇ ਕੌਣ ਦਿਵਾਏਗਾ?

# ਬਲਾਤਕਾਰਾਂ ਵਿਰੁੱਧ ਖਾਲਸਾ ਪੰਥ ਆਵਾਜ਼ ਬੁਲੰਦ ਕਰੇ

**ਗੁਰਤੇਜ ਸਿੰਘ, ਸਾਬਕਾ ਆਈਏਐੱਸ**






ਬਲਾਤਕਾਰ ਸਬੰਧੀ ਪ੍ਰਤੀਕਾਤਮਕ ਤਸਵੀਰ

ਬਲਾਤਕਾਰ ਦੀ ਮਾਨਸਿਕਤਾ ਪਿੱਛੇ ਮੁੱਢਲਾ ਪ੍ਰਬਲ ਅਹਿਸਾਸ ਬੇਗ਼ਾਨਗੀ ਦੀ ਭਾਵਨਾ ਸੀ। ਕੁਝ ਲੋਕ ਆਪਣੇ ਸਨ; ਬਾਕੀ ਪਰਾਏ। ਪਰਾਇਆਂ ਨੂੰ ਹਰਾਉਣਾ, ਉਹਨਾਂ ਦੀ ਗਿਣਤੀ ਘਟਾਉਣਾ, ਉਹਨਾਂ ਨੂੰ ਆਰਥਿਕ ਤੌਰ ਉੱਤੇ ਤਬਾਹ ਕਰਕੇ ਸਦਾ ਲਈ ਗ਼ੁਲਾਮ ਬਣਾ ਲੈਣਾ, ਉਹਨਾਂ ਦੀਆਂ ਔਰਤਾਂ ਨੂੰ ਆਪਣੇ ਘਰੀਂ ਪਾ ਕੇ ਸਦਾ ਲਈ ਉਹਨਾਂ ਦਾ ਮੂਲ ਵਾਧੇ ਦਾ ਸੋਮਾ ਖ਼ਤਮ ਕਰ ਦੇਣਾ ਅਤੇ ਉਹਨਾਂ ਨੂੰ ਅਣਖ-ਰਹਿਤ ਹੀਣ ਭਾਵਨਾ ਦੀ ਡੂੰਘੀ ਖਾਈ ਵਿੱਚ ਸੁੱਟ ਦੇਣਾ ਹੀ ਪਰਮੋ-ਧਰਮ ਸੀ। ਯੂਰਪ ਵਿੱਚ ਇਹ ਵਿਚਾਰ ਘਟੋ-ਘੱਟ ਸੰਨ 1945 ਤੱਕ ਪੂਰਾ ਜੋਬਨ ਹੰਢਾਉਂਦਾ ਰਿਹਾ। ਜਰਮਨੀ ਉੱਤੇ ਕਬਜ਼ਾ ਕਰਨ ਵੇਲੇ ਕੇਵਲ ਬਰਲਨ ਵਿੱਚ ਸੋਵੀਅਤ ਫ਼ੌਜਾਂ ਨੇ ਦੱਸ ਲੱਖ ਬਲਾਤਕਾਰ ਕੀਤੇ, ਜਿਨ੍ਹਾਂ ਵਿੱਚੋਂ ਘਟੋ-ਘੱਟ ਇੱਕ ਲੱਖ ਅਭਾਗੀਆਂ ਔਰਤਾਂ ਨੇ ਖ਼ੁਦਕੁਸ਼ੀ ਕਰ ਕੇ ਆਪਣੇ ਗ੍ਰਹਿਣੇ ਇਸਤਰੀ ਜਾਮੇ ਤੋਂ ਮੁਕਤੀ ਪ੍ਰਾਪਤ ਕੀਤੀ। ਅਜੋਕੇ ਸਮਿਆਂ ਵਿੱਚ ਕੁਝ ਤਬਦੀਲੀ ਆਈ ਹੈ ਪਰ ਇਰਾਕ ਹਮਲੇ ਦੌਰਾਨ ਅਮਰੀਕੀ ਅਤੇ ਯੂਰਪੀ ਫ਼ੌਜਾਂ ਦੀ ਦਰਿੰਦਗੀ ਦੀਆਂ ਕਈ ਮਿਸਾਲਾਂ ਸਾਹਮਣੇ ਆਈਆਂ ਸਨ।

ਜਨਵਰੀ 2013 ਵਿੱਚ ਸਾਉਦੀ ਅਰਬ ਦੇ ਇੱਕ ਮੌਲਾਣੇ ਦੇ ਨਾਂਅ ਉੱਤੇ ਫ਼ਤਵਾ ਨਸ਼ਰ ਹੋਇਆ ਕਿ ਸੀਰੀਆ ਦੀਆਂ ਔਰਤਾਂ ਨਾਲ ਅਜਿਹਾ ਵਤੀਰਾ ਅਖ਼ਤਿਆਰ ਕਰਨਾ ਜਾਇਜ਼ ਹੈ। ਇਸ ਖ਼ਬਰ ਨੇ ਧਰਮ ਨੂੰ ਮੰਨਣ ਵਾਲ ਸਾਰੇ ਲੋਕਾਂ ਨੂੰ ਸੁੰਨ ਕਰ ਦਿੱਤਾ। ਭਲਾ ਹੋਇਆ ਕਿ ਤੀਜੇ ਕੁ ਦਿਨ ਇਹ ਆਖ ਦਿੱਤਾ ਗਿਆ ਕਿ ਇਹ ਫ਼ਤਵਾ ਜਾਅਲੀ ਸੀ।

ਕਈ ਹੋਰ ਸੱਭਿਆਤਾਵਾਂ ਨੇ ਵੀ ਵੱਖ-ਵੱਖ ਸਮਿਆਂ ਉੱਤੇ ਬਲਾਤਕਾਰ ਸਬੰਧੀ ਭਾਰਤੀ ਸੱਭਿਅਤਾ ਵਾਲੀ ਹੀ ਨੀਤੀ ਅਖ਼ਤਿਆਰ ਕੀਤੀ। ਸਪੱਸ਼ਟ ਹੈ ਕਿ ਇਹ ਮਸਲਾ ਧਰਮ ਜਾਂ ਸੰਸਕ੍ਰਿਤੀ ਨਾਲ ਸਬੰਧਿਤ ਨਹੀਂ, ਬਲਕਿ ਇਸ ਦੀ ਉਪਜ ਮਨੁੱਖ ਦੀ ਸੱਤਾ ਦੀ ਉਹ ਅਸੀਮ ਲਾਲਸਾ ਹੈ ਜੋ ਆਪਣੀ ਹੋਂਦ ਦਾ ਸਬੂਤ ਲੱਭਣ ਲਈ ਦੂਜਿਆਂ ਨੂੰ ਗ਼ੁਲਾਮ ਬਣਾ ਕੇ ਰੱਖਣਾ ਚਾਹੁੰਦੀ ਹੈ। ਆਪਣੀ ਉੱਤਮਤਾਈ ਦਾ ਏਹੋ ਸਬੂਤ ਕਈ ਸੱਭਿਆਤਾਵਾਂ ਨੂੰ ਕਾਫ਼ੀ ਜਾਪਦਾ ਹੈ। ਗੁਰੂ ਗ੍ਰੰਥ ਸਾਹਿਬ ਦਾ ਹਲੇਮੀ ਰਾਜ ਦਾ ਸੰਕਲਪ ਇਸ ਵਿਚਾਰਧਾਰਾ ਦੇ ਵੱਡੇ ਚਿੰਤਕ ਨੀਟਸ਼ੇ ਦੇ ਐਨ ਵਿਰੋਧ ਵਿੱਚ ਆ ਖੜ੍ਹਾ ਹੁੰਦਾ ਹੈ। ਗੁਰੂ ਗ੍ਰੰਥ ਅਨੁਸਾਰ ਤੱਦੀ ਨਹੀਂ, ਦਿਲ਼ੀ ਪਿਆਰ ਹੀ ਉੱਤਮਤਾਈ ਦਾ ਸਬੂਤ ਹੈ। ਝਗੜੇ ਦੇ ਮੂਲ ਕਾਮ ਨੂੰ ਹਰਾ ਕੇ ਹੀ ਆਤਮਕ ਉੱਨਤੀ ਸੰਭਵ ਹੈ:

ਹਰਿਹਾਂ ਮਹਾਂ ਬਿਖਾਦੀ ਘਾਤ ਪੂਰਨ ਗੁਰੁ ਪਾਈਐ ॥੧੬॥

ਸਿੱਖ ਸੱਭਿਅਤਾ ਦੀ ਇਸ ਕੁਕਰਮ ਪ੍ਰਤੀ ਪਹੁੰਚ ਬਿਲਕੁਲ ਵਿਲੱਖਣ ਹੈ। ਜਗਤ-ਜਨਨੀ ਦੀ ਪਤ ਢੱਕਣ ਦਾ ਪਹਿਲਾ ਯਤਨ ਗੁਰੂ ਨਾਨਕ ਪਾਤਸ਼ਾਹ ਨੇ ਮਨੁੱਖਤਾ ਉੱਤੇ ਅਸੀਮ ਰਹਿਮਤ ਕਰਦਿਆਂ ਬਾਬਰਬਾਣੀ ਰਾਹੀਂ ਕੀਤਾ। ਬਾਬਰ ਦੀਆਂ ਫ਼ੌਜਾਂ ਵੱਲੋਂ ਕੀਤੀ ਔਰਤਾਂ ਦੀ ਦੁਰਗਤ ਨੂੰ ਵੇਖ ਕੇ ਸਾਹਿਬਾਂ ਦਾ ਕੋਮਲ ਦਿਲ ਛਾਨਣੀ-ਛਾਨਣੀ ਹੋ ਗਿਆ। ਪਾਲਕੀਆਂ ਤੋਂ ਪੈਰ ਥੱਲੇ ਨਾ ਲਾਹੁਣ ਵਾਲੀਆਂ, ਗਰੀ-ਛੁਹਾਰੇ ਖਾਣ ਵਾਲੀਆਂ, ਮੋਤੀਆਂ ਦੀ ਮਾਲਾ ਪਹਿਨਣ ਵਾਲੀਆਂ, ਵੱਡੇ ਸੂਰਬੀਰਾਂ ਨਾਲ ਵਿਆਹੀਆਂ ਹੋਈਆਂ ਦਾ ਵੀ ਬੁਰਾ ਹਾਲ ਹੁੰਦਾ ਹਜ਼ੂਰ ਨੇ ਵੇਖਿਆ। ਬਾਕੀ ਜਨਤਾ, ਜਿਸ ਉਦਾਲੇ ਕੋਈ ਸੁਰੱਖਿਆ ਘੇਰਾ ਨਾ ਸੀ, ਦਾ ਤਾਂ ਬਣਨਾ ਹੀ ਕੀ ਸੀ। ਸਾਹਿਬਾਂ ਦੀ ਸੱਚੇ ਦੇ ਦਰ ਉੱਤੇ ਓਸ ਵੇਲੇ ਕੀਤੀ 'ਤੈਂ ਕੀ ਦਰਦ ਨ ਆਇਆ' ਦੀ ਪੁਕਾਰ ਨੇ ਮਾਨਵਤਾ ਦੇ ਇਤਿਹਾਸ ਨੂੰ ਨਵਾਂ ਮੋੜ ਦਿੱਤਾ। 'ਮਤ ਪੱਤ ਦਾ ਰਾਖਾ ਆਪ ਵਾਹਿਗੁਰੂ' ਖਾਲਸੇ ਦੀ ਖੜਗ ਲੈ ਕੇ ਸੰਸਾਰ ਦੇ ਇਤਿਹਾਸ ਵਿੱਚ ਉੱਤਰਿਆ; ਗੁਰੂ ਪਰਮੇਸਰ ਸਦਾ ਲਈ 'ਨਿਮਾਣਿਆਂ ਦਾ ਮਾਣ, ਨਿਤਾਣਿਆਂ ਦਾ ਤਾਣ, ਨਿਓਟਿਆਂ ਦੀ ਓਟ' ਦਾ ਜਾਮਾ ਧਾਰ ਪ੍ਰਗਟ ਹੋਇਆ।

ਇਸ ਕ੍ਰਿਸ਼ਮੇ ਦੀ ਉਪਜ ਉਹਨਾਂ ਨਿੱਗਰ ਸਿਧਾਂਤਾਂ ਵਿੱਚੋਂ ਹੋਈ ਸੀ ਜੋ ਕਿ ਗੁਰੂ ਨਾਨਕ ਦੇ ਪ੍ਰਚਾਰ ਦਾ ਧੁਰਾ ਸਨ, ਸਿੱਖੀ ਦਾ ਦਾਰੋਮਦਾਰ ਹਨ। ਅਕਾਲ ਪੁਰਖ ਨੇ ਆਪਣੇ-ਆਪ ਨੂੰ ਪ੍ਰਗਟ ਕਰਨ ਲਈ ਬ੍ਰਹਿਮੰਡ ਦੀ ਰਚਨਾ ਕੀਤੀ ਅਤੇ ਕਣ-ਕਣ ਦੇ ਵਿੱਚ ਸਮਾ ਕੇ ਆਕਾਰ ਬਣਾਏ। ਇਸ ਅਨੁਸਾਰ 'ਸਭਨਾ ਦਾ ਮਾਂ ਪਿਓ ਏਕ' ਹੋ ਗਿਆ ਅਤੇ 'ਨਾ ਕੋ ਬੈਰੀ ਰਹਿਆ ਨਾ ਬੇਗਾਨਾ'; ਸਭ ਭਰਾ ਹੋ ਗਏ। ਹੁਣ ਕਿਸੇ ਨੇ ਕਿਸੇ ਉੱਤੇ ਕੀ ਜਿੱਤ ਹਾਸਲ ਕਰਨੀ ਸੀ, ਕਿਸੇ ਨੇ ਕਿਸੇ ਨੂੰ ਗੁਲਾਮ ਬਣਾਉਣ ਵਾਸਤੇ ਕੀ ਯਤਨ ਕਰਨਾ ਸੀ, ਹੁਣ ਤਾਂ ਯੁੱਧ ਕੇਵਲ ਬਦੀ ਵਿਰੁੱਧ ਰਹਿ ਗਿਆ ਸੀ ਜਿਹੜਾ ਕਿ ਪਰਮ ਪਾਕੀਜ਼ਗੀ ਦੀ ਸੰਜੋਅ ਪਾ ਕੇ ਹੀ, ਨੇਕੀ ਦੀ ਕ੍ਰਿਪਾਨ ਲੈ ਕੇ ਹੀ ਲੜਿਆ ਜਾਣਾ ਸੀ। ਗੁਰੂ ਦੀ ਅਸੀਮ ਰਹਿਮਤ ਦਾ ਬੱਦਲ ਬਰਸਿਆ, ਯੋਧਿਆਂ ਦੇ ਕਿਰਦਾਰ ਬਦਲ ਗਏ, ਯੁੱਧਾਂ ਦੇ ਮਿਆਰ ਬਦਲ ਗਏ, ਮਾਨਵਤਾ ਦੇ ਆਧਾਰ ਬਦਲ ਗਏ। ਜ਼ਮਾਨੇ ਦੀ ਰੌਂਅ, ਆਉਣ ਵਾਲੇ ਸਮਿਆਂ ਦਾ ਸਿੰਘਨਾਦ ਬਣ ਗਿਆ ਕਿਸੇ ਫ਼ਕੀਰ ਦਾ ਬਚਨ, 'ਵੇਖ ਪਰਾਈਆਂ ਚੰਗੀਆਂ ਮਾਵਾਂ, ਧੀਆਂ, ਭੈਣਾਂ ਜਾਣੇ।'

ਸਰਹੰਦ ਦੀ ਫ਼ਤਹਿ ਤੋਂ ਬਾਅਦ ਓਥੇ ਰਾਜ ਕਰਦੇ ਕਬੀਲੇ ਦੀਆਂ ਬੇਗ਼ਮਾਂ ਨੂੰ ਪੁੱਛਿਆ ਗਿਆ ਕਿ ਉਹ ਕਿੱਥੇ ਜਾਣਾ ਚਾਹੁੰਦੀਆਂ ਹਨ। ਖ਼ਾਲਸੇ ਦੀ ਸੁਰੱਖਿਆ-ਛੱਤਰੀ ਅਧੀਨ ਉਹਨਾਂ ਨੂੰ ਕਸ਼ਮੀਰ ਵਿੱਚ ਰਾਜ ਕਰਦੇ ਉਹਨਾਂ ਦੇ ਰਿਸ਼ਤੇਦਾਰਾਂ ਕੋਲ ਭੇਜ ਦਿੱਤਾ ਗਿਆ। ਅਹਿਮਦ ਸ਼ਾਹ ਅਬਦਾਲੀ ਕੋਲੋਂ ਖੋਹੀਆਂ ਮਰਾਠਾ ਔਰਤਾਂ ਨੂੰ ਗੁਰੂ ਦੇ ਬਚਨ ਪਾਲਣ ਲਈ ਮਹਾਂਰਾਸ਼ਟਰ ਵਿੱਚ ਘਰ-ਘਰ ਪੁਚਾਇਆ ਗਿਆ। ਇਹ ਏਨਾਂ ਵੱਡਾ ਕਾਰਨਾਮਾ ਸੀ ਕਿ ਨਾ ਪਹਿਲਾਂ ਨਾ ਪਿੱਛੋਂ, ਸੰਸਾਰ ਦੇ ਤਖ਼ਤੇ ਉੱਤੇ ਕਦੇ ਵੀ ਨਾ ਵਾਪਰਿਆ। ਮਹਾਂਰਾਸ਼ਟਰ ਦੇ ਘਰਾਂ ਦੇ ਸਾਹਮਣੇ ਖੜ੍ਹੇ ਆਪਣੀਆਂ ਨਵੀਆਂ ਬਣਾਈਆਂ ਭੈਣਾਂ-ਧੀਆਂ ਨੂੰ ਵਿਦਾ ਕਰਨ ਲਈ ਖੀਸੇ ਫਰੋਲਦੇ ਸਿੰਘ ਮਾਨਵਤਾ ਦੀ ਸਾਕਾਰ ਮੂਰਤ ਹੋ ਨਿੱਬੜੇ।

ਇਸ ਪਾਵੇ ਨੂੰ ਪਹੁੰਚਾਣ ਲਈ ਗੁਰੂ-ਸਰੂਪਾਂ ਨੇ, ਗੁਰੂ ਸਰੂਪ ਖ਼ਾਲਸਾ ਪੰਥ ਨੇ ਅਨੇਕਾਂ ਘਾਲਣਾਵਾਂ ਘਾਲੀਆਂ, ਅਨੇਕਾਂ ਦ੍ਰਿਸ਼ਟਾਂਤਾਂ ਰਾਹੀਂ, ਪ੍ਰਵਚਨਾਂ ਰਾਹੀਂ, ਕਰਨੀਆਂ ਰਾਹੀਂ ਇਸ ਸੱਚ ਨੂੰ ਦ੍ਰਿੜ੍ਹ ਕਰਵਾਇਆ ਗਿਆ ਕਿ ਜਗਤ-ਜਨਨੀ ਦਾ ਅਪਮਾਨ ਹਰ ਹਾਲਤ ਵਿੱਚ ਅਸਹਿ ਹੈ। ਜਦੋਂ ਬਜਰੂੜ ਦੇ ਰੰਘੜਾਂ ਨੇ ਆਨੰਦਪੁਰ ਸਾਹਿਬ ਨੂੰ ਆ ਰਹੀ ਸੰਗਤ ਨੂੰ ਲੁੱਟਿਆ ਅਤੇ ਬੀਬੀਆਂ ਦੀ ਬੇਪਤੀ ਕੀਤੀ ਤਾਂ ਗੁਰੂ-ਨਿਆਂ ਤੁਰੰਤ ਹਰਕਤ ਵਿੱਚ ਆਇਆ। ਓਸੇ ਰਾਤ ਕਲਗੀਧਰ ਨੇ ਸਾਹਿਬਜ਼ਾਦਾ ਅਜੀਤ ਸਿੰਘ ਦੀ ਅਗਵਾਈ ਵਿੱਚ ਤੀਹ ਜਾਂਬਾਜ਼ਾਂ ਦਾ ਜਥਾ ਬਣਾਇਆ। ਅਗਲੀ ਸਵੇਰ ਪਹੁ ਫੁੱਟਣ ਤੋਂ ਪਹਿਲਾਂ ਇਹ ਜਥਾ ਬਜਰੂੜ ਦੀ ਜੂਹ ਵਿੱਚ ਸੀ। ਰੰਘੜਾਂ ਨੂੰ ਸਜ਼ਾਵਾਂ ਦਿੱਤੀਆਂ ਗਈਆਂ ਅਤੇ ਸੂਰਜ ਢਲਣ ਤੱਕ ਬਜਰੂੜ ਸਦੀਆਂ ਲਈ ਥੇਹ ਬਣ ਚੁੱਕਾ ਸੀ।

ਕਈ ਸ਼ੰਕਾਂਵਾਂ ਗੁਰੂ ਸਾਹਿਬਾਨ ਨੇ ਨਿਵਿਰਤ ਕੀਤੀਆਂ। ਬਾਣੀ ਵਿੱਚ ਬਾਰ-ਬਾਰ ਜ਼ਿਕਰ ਆਉਂਦਾ ਹੈ, "ਜੈਸਾ ਸੰਗੁ ਬਿਸੀਅਰ ਸਿਉ ਹੈ ਰੇ ਤੈਸੋ ਹੀ ਇਹੁ ਪਰ ਗ੍ਰਿਹੁ।' ਗੁਰੂ ਨਾਨਕ ਦੇ ਸਮੇਂ ਤੋਂ ਹੀ ਨਾਰੀ-ਸਤਿਕਾਰ ਸਿੱਖ-ਰਹਿਤ ਦਾ ਹਿੱਸਾ ਬਣ ਗਿਆ। ਦਸਵੇਂ ਜਾਮੇ ਵਿੱਚ ਜਦੋਂ ਨਾਨਕ ਨੇ ਖ਼ਾਲਸਾ ਪੰਥ ਸਾਜਿਆ ਤਾਂ ਔਰਤ-ਅਪਮਾਨ ਨੂੰ ਬੱਜਰ ਕੁਰਹਿਤ ਦੱਸਿਆ ਗਿਆ ਜੋ ਇਕੱਲਾ ਹੀ ਸਾਬਤ ਸੂਰਤ, ਸਾਬਤ ਸੀਰਤ ਸਿੱਖ ਨੂੰ ਗੁਰੂ ਤੋਂ ਬੇ-ਮੁਖ ਕਰਨ ਲਈ ਕਾਫ਼ੀ ਹੈ। ਇਸ ਪੱਖੋਂ ਆਖ਼ਰੀ ਸ਼ੰਕੇ ਨੂੰ ਸਾਹਿਬਾਂ ਨੇ ਖ਼ਾਲਸਾ ਦੇ ਦਰਬਾਰ ਵਿੱਚ ਅਤੇ ਖ਼ਾਲਸੇ ਦੀ ਮਾਨਸਿਕਤਾ ਵਿੱਚ ਸਦਾ ਲਈ ਦਫ਼ਨ ਕੀਤਾ। ਭਾਈ ਸੰਤੋਖ ਸਿੰਘ ਲਿਖਦੇ ਹਨ:

ਸਬ ਸਿਖਨ ਮਿਲ ਪੁਛਣ ਗੁਣਖਾਨੀ
ਸਗਲ ਤੁਰਕ ਭੁਗਵੈਂ ਹਿੰਦਵਾਨੀ,
ਸਿੱਖ ਬਦਲਾ ਲੈ ਭਲਾ ਜਨਾਵੈਂ
ਗੁਰ-ਸ਼ਾਸ਼ਤ੍ਰ ਕਿਉਂ ਵਰਜ ਹਟਾਵੈਂ?

ਆਪਣੇ ਅਕਾਲ ਰੂਪ 'ਚ ਟਿਕਾਣਾ ਕਰਕੇ ਮਾਨਵਤਾ ਦੀ ਅਗਵਾਈ ਕਰਦਿਆਂ ਹਜ਼ੂਰ ਨੇ ਫੁਰਮਾਇਆ:

ਹਮ ਲੇ ਜਾਨੋਂ ਪੰਥ ਉਚੇਰੇ
ਅਧੋਗਤੀ ਕੋ ਨਹੀਂ ਪਹੁੰਚਾਵਹਿੰ।

ਔਰਤ ਦਾ ਅਪਮਾਨ ਅਧਿਆਤਮਕ ਅਧੋਗਤੀ ਨੂੰ ਪਹੁੰਚੇ ਪਿਸ਼ਾਚਾਂ ਦਾ ਕਰਮ ਹੈ। ਖ਼ਾਲਸੇ ਨੇ ਮਨੁੱਖੀ ਆਤਮਕ ਗੌਰਵ ਦੀਆਂ ਅਨੇਕਾਂ ਟੀਸੀਆਂ ਸਰ ਕਰਨੀਆਂ ਹਨ। ਅਜਿਹੇ ਨੀਚ ਕਰਮਾਂ ਵਿੱਚ ਰੁਚੀ ਮਨੁੱਖ ਨੂੰ ਹੈਵਾਨਾਂ ਦੀ ਕਤਾਰ ਵਿੱਚ ਖੜ੍ਹਾ ਕਰ ਦਿੰਦੀ ਹੈ। ਗੁਰੂ ਨੂੰ ਇਹ ਸਿੱਖੀ ਦਾ ਨਿਰੋਧ ਦਿੱਸ ਆਇਆ?

ਇਸ ਵਾਰਤਾਲਾਪ ਤੋਂ ਬਾਅਦ ਨਾ ਕਦੇ ਖ਼ਾਲਸੇ ਨੇ ਮੁੜ ਕੇ ਵੇਖਿਆ, ਨਾ ਗੁਰੂ ਨੂੰ ਦੁਬਾਰਾ ਕੁਝ ਆਖਣ ਦੀ ਲੋੜ ਰਹੀ। ਬਾਕੀ ਸਦੀਆਂ ਦਾ ਇਤਿਹਾਸ ਸਾਹਿਬਾਂ ਦੇ ਬਚਨਾਂ ਉੱਤੇ ਅਮਲ ਦੀ ਕਹਾਣੀ ਕਹਿੰਦਾ ਹੈ। ਇੱਕ ਅਬਲਾ ਦੀ ਪੱਤ ਬਚਾਉਣ ਲਈ ਪੰਜ ਮਿਸਲਾਂ ਅਕਾਲ ਤਖ਼ਤ ਉੱਤੋਂ ਹੁਕਮ ਲੈ ਕੇ ਕਸੂਰ ਦੀਆਂ ਉਨ੍ਹਾਂ ਬਾਈ ਗੜ੍ਹੀਆਂ ਉੱਤੇ ਹਮਲਾ ਕਰ ਰਹੀਆਂ ਹਨ, ਜਿਨ੍ਹਾਂ ਕੋਲੋਂ ਅਹਿਮਦਸ਼ਾਹ ਅਬਦਾਲੀ ਵੀ ਨਜ਼ਰ ਬਚਾ ਕੇ ਨਿਕਲ ਜਾਂਦਾ ਹੁੰਦਾ ਸੀ। ਰਾਜਧਾਨੀ ਦਿੱਲੀ ਦੀ ਜੜ੍ਹ ਵਿੱਚ ਵੱਸਦੀ ਲੁਹਾਰੀ ਦੇ ਹਾਕਮ ਨੂੰ ਕੁਕਰਮ ਦੀ ਸਜ਼ਾ ਦੇਣ ਲਈ ਤਿੰਨ ਮਿਸਲਾਂ ਚੜ੍ਹਦੀਆਂ ਹਨ। ਚਾਰ ਦਰਿਆ ਪਾਰ ਕਰੇ ਲੁਹਾਰੀ ਪਹੁੰਚਦੀਆਂ ਹਨ। ਜ਼ਾਲਮ ਨੂੰ ਮੰਜੇ ਨਾਲ ਬੰਨ੍ਹ ਕੇ ਜਿਉਂਦਾ ਸਾੜਿਆ ਜਾਂਦਾ ਹੈ, ਪਰ ਦੁਖਾਂਤ ਦਾ ਅੰਤ ਅਜੇ ਨਹੀਂ ਹੁੰਦਾ, ਕਿਉਂਕਿ ਅਬਲਾ ਦਾ ਘਰ ਵਾਲਾ ਉਸ ਨੂੰ ਘਰ ਰੱਖਣ ਲਈ ਤਿਆਰ ਨਹੀਂ, ਉਹ ਮੁਸਲਮਾਨਾਂ ਦੇ ਰਹਿ ਆਈ ਹੈ। ਜਿਵੇਂ ਖ਼ਾਲਸੇ ਦਾ ਕਹਿਰ ਲੁਹਾਰੀ ਦੇ ਨਵਾਬ ਉੱਤੇ ਟੁੱਟਿਆ ਸੀ ਓਵੇਂ ਖ਼ਾਲਸੇ ਦੀ ਮਿਹਰ ਹੁਣ ਫ਼ਰਾਖ਼ਦਿਲੀ ਵਿੱਚ ਵਟ ਕੇ ਪੀੜਤ ਲੜਕੀ ਉੱਤੇ ਰੁਮਕੇ-ਰੁਮਕੇ ਬਰਸਦੀ ਹੈ। ਲੜਕੀ ਨੂੰ ਖ਼ਾਲਸੇ ਦੀ ਬੇਟੀ ਦਾ ਖ਼ਿਤਾਬ ਬਖ਼ਸ਼ਿਆ ਜਾਂਦਾ ਹੈ ਅਤੇ ਪਰ੍ਹੇ ਵਿੱਚ ਚਾਦਰ ਵਿਛਾ ਕੇ ਬੇਟੀ ਨੂੰ ਵਿਦਾ ਕਰਨ ਦਾ ਸ਼ਗਨ ਪਾਇਆ ਜਾਂਦਾ ਹੈ।

ਜਿਉਂ-ਜਿਉਂ ਇਹ ਸੋਨੇ, ਚਾਂਦੀ ਦਾ ਬੋਹਲ ਉੱਚਾ ਹੁੰਦਾ ਜਾਂਦਾ ਹੈ ਓਵੇਂ-ਓਵੇਂ ਪਰਿਵਾਰ ਦਾ ਵਿਰੋਧ ਘਟਦਾ ਜਾਂਦਾ ਹੈ। ਆਖ਼ਰ ਖ਼ਾਲਸੇ ਦੇ ਪਿਆਰ ਦੀ ਚਾਦਰ ਵਿੱਚ ਲਪੇਟੀ ਅਬਲਾ ਲਕਸ਼ਮੀ ਦਾ ਸਰੂਪ ਬਣ ਜਾਂਦੀ ਹੈ, ਜਿਸ ਨੂੰ ਘਰ ਰੱਖਣ ਤੋਂ ਕੋਈ ਇਨਕਾਰ ਨਹੀਂ ਸੀ ਕਰ ਸਕਦਾ।

ਅਨੇਕਾਂ ਐਸੀਆਂ ਮਿਸਾਲਾਂ ਹਨ ਜੋ ਸਿੱਖ ਇਤਿਹਾਸ ਦੇ ਹਰ ਮੋੜ ਉੱਤੇ ਚਾਨਣ ਮੁਨਾਰਿਆਂ ਵਾਂਗ ਰੌਸ਼ਨੀ ਵੰਡ ਰਹੀਆਂ ਹਨ। ਮਨੁੱਖਤਾ ਨੂੰ ਪਿਆਰ ਕਰਨ ਵਾਲਾ, ਸੱਭਿਅਤਾ ਨੂੰ ਚਰਮ-ਸੀਮਾ ਉੱਤੇ ਵੇਖਣ ਦਾ ਹਰ ਚਾਹਵਾਨ, ਮਨੁੱਖੀ ਕਿਰਦਾਰ ਨੂੰ ਸੱਚ ਦੇ ਐਨ ਨੇੜੇ ਵਿਚਰਦਾ ਵੇਖਣ ਵਾਲਾ ਹਰ ਮਨੁੱਖ ਖ਼ਾਲਸੇ ਦੇ ਅਜਿਹੇ ਕਾਰਨਾਮਿਆਂ ਉੱਤੇ ਮਾਣ ਕਰ ਸਕਦਾ ਹੈ। ਗੁਰੂ ਦੇ ਆਤਮਕ ਜਲਾਲ ਦੇ ਵਿਰਾਟ ਦਰਸ਼ਨ ਕਰਵਾਉਣ ਦੀ ਚਾਹ

ਬਾਕੀ ਸਫ਼ਾ 29 'ਤੇ

# ਮੈਂ ਟਰੰਪ ਨੂੰ ਜਾਣਦਾ ਹਾਂ !

**ਗੋਰੇ ਬੰਦੇ ਦਾ ਅਮਰੀਕਾ ਖੁਸ਼ਹਾਲ ਤੇ ਮਹਾਨ ਕਿਵੇਂ ਬਣਿਆ, ਜਿਸ ਨੂੰ ਟਰੰਪ ਬਹਾਲ ਕਰਨ ਦੇ ਸੁਪਨੇ ਲੈ ਰਿਹਾ ਹੈ। ਇਹਦਾ ਜੁਆਬ ਗ਼ੁਲਾਮਾਂ ਦੇ ਅਮਰੀਕਾ ਵਿਚ ਹੁੰਦੇ ਵਪਾਰ ਤੋਂ ਮਿਲ ਜਾਂਦਾ ਹੈ। ਅਫਰੀਕਾ ਤੋਂ ਗ਼ੁਲਾਮਾਂ ਨੂੰ ਸਮੁੰਦਰੀ ਜਹਾਜ਼ਾਂ ਵਿਚ ਲੱਦ ਕੇ ਅਮਰੀਕਾ ਦੇ ਅੱਡਿਆਂ ਵਿਚ ਵੇਚਿਆ ਜਾਂਦਾ। ਉਨ੍ਹਾਂ ਤੋਂ ਮੁਸ਼ੱਕਤ ਕਰਵਾਈ ਜਾਂਦੀ। ਗੋਰਾ ਬੰਦਾ ਖੁਸ਼ਹਾਲੀ ਵਿਚ ਰਹਿੰਦਾ ਤੇ ਗ਼ੁਲਾਮ ਪੀੜਤ। ਇਸ ਦੁਸ਼ਟ ਵਰਤਾਰੇ ਦੀ ਤਫ਼ਸੀਲ ਐਲੈਕਸ ਹੇਲੀ ਦੇ ਨਾਵਲ ਰੂਟਸ' (ਜਿਸ ਦਾ ਪੰਜਾਬੀ ਵਿਚ ਅਨੁਵਾਦ ਪ੍ਰਾਪਤ ਹੈ) ਤੋਂ ਮਿਲ ਜਾਂਦੀ ਹੈ। ਇਵੇਂ ਅਮਰੀਕਾ ਦਾ ਢਾਈ ਤਿੰਨ ਸਦੀਆਂ ਦਾ ਇਤਿਹਾਸ ਕਾਲੇ ਗ਼ੁਲਾਮਾਂ ਉੱਤੇ ਢਾਏ ਗਏ ਮਾਨਸਿਕ ਅਤੇ ਸਰੀਰਕ ਅਤਿਆਚਾਰਾਂ ਦਾ ਪੁਲੰਦਾ ਹੈ। ਅਮਰੀਕੀ ਨਾਵਲਕਾਰ ਵਿਲੀਅਮ ਫੌਕਨਰ ਦੇ ਨਾਵਲਾਂ ਵਿਚ ਅਜਿਹੇ ਦੁਸ਼ਟ ਵਰਤਾਰੇ ਦੀਆਂ ਅੰਤਰ-ਤੈਹਾਂ ਦੇ ਦਰਸ ਹੁੰਦੇ ਹਨ।**



ਪਲੇਅਬੁਆਇ ਟਰੰਪ ਦੀ ਇਕ ਪੁਰਾਣੀ ਤਸਵੀਰ।

**ਗੁਰਬਚਨ**



ਅਮਰੀਕਾ ਇਕ ਨਹੀਂ, ਦੋ ਮੁਲਕ ਹਨ। ਇਕ ਪੁਰਾਣਾ ਅਮਰੀਕਾ ਹੈ, ਜਿਸ ਨੇ ਅਫਰੀਕਾ ਤੋਂ ਗ਼ੁਲਾਮਾਂ ਦਾ ਵਪਾਰ ਕਰਕੇ, ਉਨ੍ਹਾਂ ਦੀ ਮੁਸ਼ੱਕਤ ਨਾਲ, ਖੁਸ਼ਹਾਲੀ ਪ੍ਰਾਪਤ ਕੀਤੀ। ਇਸ ਅਮਰੀਕਾ ਵਿਚ ਗੋਰੇ ਬੰਦੇ ਦੀ ਚੜ੍ਹਤ ਸੀ। ਨਵੰਬਰ 2016 ਵਾਲੀ ਚੋਣ ਵਿਚ ਇਸ ਅਮਰੀਕਾ ਨੇ ਹੀ ਡੋਨਲਡ ਟਰੰਪ ਨੂੰ ਪ੍ਰੈਜ਼ੀਡੈਂਟ ਬਣਾਇਆ।

ਦੂਜਾ (ਨਵਾਂ) ਅਮਰੀਕਾ ਅਕਸਰ ਪਿਛਲ-ਭੂਮੀ ਵਿਚ ਰਹਿੰਦਾ ਹੈ। ਇਹ ਜੀਣ-ਥੀਣ ਲਈ ਦਿਨ ਰਾਤ ਮਿਹਨਤ ਕਰਦਾ ਹੈ; ਨਸਲੀ ਭੇਦ-ਭਾਵ ਤੋਂ ਮੁਕਤ ਹੈ; ਆਵਾਸੀਆਂ ਨੂੰ ਹਿਕਾਰਤ ਨਾਲ ਨਹੀਂ ਦੇਖਦਾ। ਪੁਰਾਣੇ ਅਤੇ ਨਵੇਂ ਅਮਰੀਕਾ ਵਿਚਕਾਰ ਭੇੜ ਚਲਦੀ ਆ ਰਹੀ ਹੈ। ਇਸ ਭੇੜ ਦਾ ਸਦੀਆਂ ਪੁਰਾਣਾ ਇਤਿਹਾਸ ਹੈ। ਇਸ ਇਤਿਹਾਸ ਨੂੰ ਸਮਝਣ ਦੀ ਲੋੜ ਹੈ। ਉਸ ਤੋਂ ਪਹਿਲਾਂ ਟਰੰਪ ਨੂੰ ਸਮਝਣਾ ਜ਼ਰੂਰੀ ਹੈ।

ਜੂਨ 2015 ਵਿਚ ਟਰੰਪ ਨੇ ਆਪਣੇ ਉਮੀਦਵਾਰ ਹੋਣ ਦਾ ਐਲਾਨ ਕੀਤਾ ਤਾਂ ਮੈਨੂੰ ਵੀਹ ਸਾਲ ਪਹਿਲਾਂ ਵਾਲੀ ਆਪਣੀ ਨਿਊਯੌਰਕ ਲਟੋਰੀ ਯਾਦ ਆਈ। ਉਦੋਂ ਮੇਰਾ ਭਾਣਜਾ ਮੀਨੂ, ਜਿਸ ਕੋਲ ਉਦੋਂ ਮੈਂ ਰੁਕਿਆ ਹੋਇਆ ਸੀ, ਵਾਰ ਵਾਰ ਟਰੰਪ ਦਾ ਨਾਂ ਲੈ ਰਿਹਾ ਸੀ। ਉਹ ਮੈਨੂੰ ਨਿਊਯੌਰਕ ਘੁੰਮਾਉਣ ਤੁਰ ਪੈਂਦਾ ਤੇ ਰਾਹ ਵਿਚ ਟਰੰਪ ਬਾਰੇ ਬੋਲੀ ਜਾਂਦਾ। ਕੁਈਅਨ ਉਪ-ਨਗਰ ਤੋਂ ਹਡਸਨ ਦਰਿਆ ਦਾ ਪੁਲ ਪਾਰ ਕਰਕੇ ਮੀਨੂ ਦੀ ਕਾਰ ਮਨਹਾਟਨ (ਜਿੱਥੇ ਆਕਾਸ਼ ਛੂਹੰਦੀਆਂ ਇਮਾਰਤਾਂ ਦਾ ਅੰਤਹੀਣ ਸਿਲਸਿਲਾ ਹੈ) ਵਿਚ ਦਾਖ਼ਲ ਹੋਈ ਤਾਂ ਉਹ ਬੋਲਿਆ, "ਟਰੰਪ ਨੇ ਹਜ਼ਾਰਾਂ ਮਿਲੀਅਨ ਡਾਲਰ ਅਦਾ ਕਰਕੇ ਆਪਣੀ ਬੀਵੀ ਤੋਂ ਤਲਾਕ ਲਿਆ, ਹੁਣ ਨਵਾਂ ਵਿਆਹ ਕਰਵਾਇਆ।" (ਤਦ ਟਰੰਪ ਨੇ ਦੂਜਾ ਵਿਆਹ ਕਰਵਾਇਆ ਸੀ; ਫਿਰ ਇਸ ਤੋਂ ਵੀ ਛੁਟਕਾਰਾ ਪਾ ਕੇ ਹੁਣ ਵਾਲੀ ਬੀਵੀ ਨਾਲ ਵਿਆਹ ਕਰਵਾਇਆ।)

ਉਦੋਂ ਮੈ ਟਰੰਪ ਨੂੰ ਨਹੀਂ ਸੀ ਜਾਣਦਾ। ਮੈਨੂੰ ਲੱਗਾ ਟਰੰਪ ਕੋਈ ਪਲੇਅਬੁਆਏ ਕਿਸਮ ਦਾ ਮਨੁੱਖ ਹੈ- ਅਮੀਰ ਅਤੇ ਅੱਯਾਸ਼ ਜਿਸ ਬਾਰੇ ਮੇਰਾ ਭਾਣਜਾ ਗੱਲਾਂ ਕਰਕੇ ਲੁਤਫ਼ ਲੈ ਰਿਹਾ। ਮੀਨੂ ਨੇ ਨਿਊਯੌਰਕ ਦੇ ਮਾਫ਼ੀਆ ਡੌਨ ਗੋਟੀ ਦੀ ਵੀ ਗੱਲ ਕੀਤੀ ਜੋ ਉਦੋਂ ਜੇਲ੍ਹ ਵਿਚ ਸੀ। ਟਰੰਪ ਬਾਰੇ ਗੱਲਾਂ ਕਰਦਾ ਉਹ ਗੋਟੀ ਦੇ ਕਾਰਨਾਮੇ ਸੁਣਾਉਣ ਲੱਗਾ।

ਕਾਰ ਯੂਨਾਈਟਡ ਨੇਸ਼ਨਜ਼ ਦੀ ਬਾਈ ਮੰਜ਼ਲੀ ਇਮਾਰਤ ਪਾਰ ਕਰ ਗਈ। ਮੈਂ ਗਰਦਨ ਪਿਛਾਂਹ ਕਰਕੇ ਉਧਰ ਦੇਖਣ ਲੱਗਾ ਤਾਂ ਉਹ ਬੋਲਿਆ, "ਇਹ ਬਿਲਡਿੰਗ ਅੰਪਾਇਰ ਸਟੇਟ ਬਿਲਡਿੰਗ ਅੱਗੇ ਮਾਚਿਸ ਵਰਗੀ ਹੈ।" ਮੀਨੂ ਨੇ ਦੱਸਿਆ ਕਿ ਟਰੰਪ ਦਾ ਪਿਤਾ ਬੜਾ ਵੱਡਾ ਬਿਲਡਰ ਹੈ। ਅੱਧਾ ਨਿਊਯੌਰਕ ਉਹਨੇ ਉਸਾਰਿਆ। ਏਹੋ ਜਿਹੀਆਂ ਗੱਲਾਂ ਵਿਚ ਗੱਪ-ਮਸਾਲਾ ਦਾ ਹੋਣਾ ਸੁਭਾਵਿਕ ਹੈ। ਮੈਂ ਸੁਣਦਾ ਗਿਆ। ਕਾਰ ਹੌਲੀ ਕਰਕੇ ਮੀਨੂ ਬੋਲਿਆ: "ਅਹਿ ਦੇਖੋ ਟਰੰਪ ਟਾਵਰ। ਏਥੇ ਟਰੰਪ ਦਾ ਦਫ਼ਤਰ ਹੈ।" ਟਰੰਪ ਟਾਵਰ ਦੇ ਸਿਖਰ ਨੂੰ ਦੇਖਦਿਆਂ ਮੇਰੀ ਗਰਦਨ ਦਰਦ ਕਰਨ ਲੱਗੀ।

ਮੀਨੂ, ਟਰੰਪ ਦਾ ਖਹਿੜਾ ਨਹੀਂ ਸੀ ਛੱਡ ਰਿਹਾ। ਸ਼ਾਇਦ ਉਹ ਟਰੰਪ ਵਾਂਗ ਅਮੀਰ ਬਣਨ ਦੇ ਸੁਪਨੇ ਲੈ ਰਿਹਾ ਸੀ। (ਉਹਨੂੰ ਪਿੱਛੇ ਜਿਹੇ ਹੀ ਗਰੀਨ ਕਾਰਡ ਮਿਲਿਆ ਸੀ)। ਕਹਿਣ ਲੱਗਾ: "ਪਰਸੋਂ ਸੰਡੇ ਨੂੰ ਆਪਾਂ ਨਿਊ ਜਰਸੀ ਦੇ ਅਟਲਾਂਟਿਕ ਸਿਟੀ ਜਾਣਾ ਜਿੱਥੇ ਟਰੰਪ ਦੇ ਦੋ ਕੈਸੀਨੋ (ਜੂਆ ਘਰ) ਨੇ - ਇਕ ਕੈਸੀਨੋ ਦਾ ਨਾਂ ਤਾਜ ਮਹਲ ਰੱਖਿਆ।" ਕੈਸੀਨੋ ਦਾ ਬਿੰਬ ਮੇਰੀਆਂ ਅੱਖਾਂ ਅੱਗੇ ਮੰਡਰਾਣ ਲੱਗਾ। ਮੈਨੂੰ ਪਤਾ ਸੀ ਕੈਸੀਨੋ ਵਿਚ ਲੋਕ ਜੂਆ ਖੇਡਦੇ ਨੇ। ਘੰਟਿਆਂ ਤੱਕ ਮਸ਼ੀਨ ਵਿਚ ਡਾਲਰ ਦੇ ਸਿੱਕੇ ਪਾਉਂਦੇ ਰਹਿੰਦੇ ਹਨ। ਵਿਚ ਵਿਚਾਲੇ ਅਚਾਨਕ ਖੜਖੜ ਕਰਦੇ ਸਿੱਕਿਆਂ ਦਾ ਗੁੱਛਾ ਮਸ਼ੀਨ ਵਿਚੋਂ ਬਾਹਰ ਆਉਂਦਾ, ਜਿਸ ਨੂੰ ਦੇਖ ਖੇਡਣ ਵਾਲੇ ਖੁਸ਼ ਹੁੰਦੇ ਨੇ। ਅੰਤ ਜੇਬ੍ਹ ਖਾਲ੍ਹੀ ਕਰਕੇ ਵਾਪਿਸ ਆਉਂਦੇ ਨੇ।

ਅਸੀਂ ਟਰੰਪ ਦੀ ਚੋਣ ਰਣਨੀਤੀ ਵਲ ਪਰਤਦੇ ਹਾਂ। ਆਪਣੇ ਮੁਖ਼ਤਸਰ ਭਾਸ਼ਣਾਂ ਵਿਚ ਉਹ ਸਮਰਥਕਾਂ ਨੂੰ ਪੁਰਾਣੇ ਜ਼ਮਾਨੇ ਦੇ ਅਮਰੀਕਾ ਨੂੰ ਬਹਾਲ ਕਰਨ ਦੇ ਸਬਜ਼ ਬਾਗ਼ ਦਿਖਾਂਦਾ ਰਿਹਾ। ਉਹਨੇ ਨਾਅਰਾ ਉਛਾਲਿਆ: ਅਮਰੀਕਾ ਨੂੰ ਮਹਾਨ ਬਣਾਓ (Make America Great। ਬਰਾਕ ਓਬਾਮਾ ਨੇ ਕਿਹਾ, "ਅਮਰੀਕਾ ਤਾਂ ਪਹਿਲਾਂ ਹੀ ਮਹਾਨ ਹੈ।" ਟਰੰਪ ਬਰਾਕ ਓਬਾਮਾ ਵਾਲੇ ਅਮਰੀਕਾ ਨੂੰ ਨਿਮਨ ਸਮਝਦਾ ਸੀ ਤੇ ਅਮਰੀਕਾ ਨੂੰ ਮਹਾਨ ਬਨਾਣ ਵਾਲਾ ਏਜੰਡਾ ਉਭਾਰੀ ਜਾ ਰਿਹਾ ਸੀ। ਨਿਊਯੌਰਕ ਵਿਚ ਵਾਸਾ ਕਰਦੀ (ਨੋਬੇਲ ਐਵਾਰਡ ਨਾਲ ਆਭੂਸ਼ਿਤ) ਅਫਰੀਕੀ ਮੂਲ ਦੀ ਨਾਵਲਕਾਰ ਟੋਨੀ ਮੌਰੀਸਨ ਨੇ ਕਿਹਾ ਕਿ ਅਸਲ ਵਿਚ ਟਰੰਪ ਕਹਿ ਰਿਹਾ ਹੈ: ਗੋਰੇ ਬੰਦੇ ਵਾਲਾ ਅਮਰੀਕਾ ਮਹਾਨ ਬਣਾਓ।

ਟਰੰਪ ਦੀ ਨਿਗ੍ਹਾ ਵਿਚ ਅਮਰੀਕਾ ਉਦੋਂ ਮਹਾਨ ਸੀ ਜਦ ਗੋਰੇ ਬੰਦੇ ਦੀ ਚੜ੍ਹਤ ਸੀ ਤੇ ਅਫਰੀਕੀ ਮੂਲ ਦੇ ਕਾਲੇ ਵਾਸੀ ਗ਼ੁਲਾਮ ਸਨ। ਸੰਨ 1861 ਵਾਲੀ ਖਾਨਾਜੰਗੀ ਤੋਂ ਬਾਅਦ ਗੁਲਾਮੀ ਦੀ ਪ੍ਰਥਾ ਖਤਮ ਹੋਈ, ਤਦ ਵੀ ਅਫਰੀਕੀ ਮੂਲ ਦੇ ਵਾਸੀਆਂ ਨੂੰ ਬਰਾਬਰੀ ਦੇ ਮਨੁੱਖੀ ਅਧਿਕਾਰ ਪ੍ਰਾਪਤ ਨਹੀਂ ਸਨ। ਕਰੜੀ ਜੱਦੋਜਹਿਦ ਅਤੇ ਅਨੇਕ ਰੋਕ-ਵਿਰੋਧ ਤੋਂ ਬਾਅਦ ਤਬਦੀਲੀ ਆਈ। ਬਰਾਕ ਓਬਾਮਾ ਦੇ ਅਮਰੀਕਾ ਦੇ ਪ੍ਰੈਜ਼ੀਡੈਂਟ ਬਣਨ ਨਾਲ ਇਹ ਤਬਦੀਲੀ ਸਿਖਰ ਉੱਤੇ ਪਹੁੰਚੀ।

ਸਾਲ 2016 ਦੀਆਂ ਚੋਣਾਂ ਵਿਚ ਟਰੰਪ ਨੇ ਅਮਰੀਕਾ ਨੂੰ ਪੁੱਠੇ-ਪੈਰੀਂ ਤੋਰਨ ਦਾ ਬੀੜਾ ਚੁੱਕਿਆ। ਅਤੇ ਪ੍ਰੈਜ਼ੀਡੈਂਟ ਬਣਨ ਤੋਂ ਬਾਅਦ ਅਮਰੀਕੀ ਸਿਆਸਤ ਵਿਚ ਖਲਲ ਪੈਦਾ ਕਰ ਦਿੱਤਾ। ਇਸ ਖਲਲ ਦੀ ਮਾਰ ਉੱਥੇ ਵਸਦੇ ਆਵਾਸੀ ਸਹਿਣ ਕਰ ਰਹੇ ਹਨ ਅਤੇ ਉਹਦੀਆਂ ਗਤੀਰੋਧਕ ਨੀਤੀਆਂ ਵਿਰੁੱਧ ਪ੍ਰਤਿਰੋਧੀ ਆਵਾਜ਼ਾਂ ਬੁਲੰਦ ਹੋ ਰਹੀਆਂ ਹਨ।

ਅਜਿਹੀ ਰਾਜਨੀਤੀ ਦੀਆਂ ਜੜ੍ਹਾਂ ਪੰਜ ਸੌ ਸਾਲ ਪੁਰਾਣੀਆਂ ਹਨ, ਜਦ ਬਸਤੀਵਾਦੀ ਦੌਰ ਦਾ ਆਰੰਭ ਹੋਇਆ। ਸਾਲ 1492 ਵਿਚ ਕੋਲੰਬਸ ਸਪੇਨ ਦੇ ਪਾਤਸ਼ਾਹ ਦੀ ਮਦਦ ਨਾਲ ਕੁਝ ਸਾਥੀਆਂ ਸਮੇਤ ਨਿੱਕੇ ਸਮੁੰਦਰੀ ਜਹਾਜ਼ ਰਾਹੀਂ ਇੰਡੀਆ ਦੀ ਤਲਾਸ਼ ਕਰਦਾ ਇਕ ਨਵੀਂ ਧਰਤੀ ਦੇ ਕਿਨਾਰੇ ਜਾ ਪੁੱਜਾ। ਨਵੀਂ ਭੋਇੰ ਦੇ ਵਾਸੀਆਂ ਨੇ ਕੋਲੰਬਸ ਅਤੇ ਉਹਦੇ ਸਾਥੀਆਂ ਦਾ ਸੁਆਗਤ ਕੀਤਾ, ਜਿਵੇਂ ਮਹਿਮਾਨਾਂ ਦਾ ਕਰੀਦਾ ਹੈ।

ਕੋਲੰਬਸ ਨੇ ਨਵੀਂ ਭੋਇੰ ਉੱਤੇ ਕਬਜ਼ੇ ਦਾ ਰਾਹ ਖੋਲ੍ਹ ਦਿੱਤਾ ਸੀ। ਆਉਂਦੇ ਸਮੇਂ ਵਿਚ ਯੌਰਪੀ ਬੰਦੇ ਨੇ ਇਕ ਪੂਰੇ ਦਾ ਪੂਰਾ ਮਹਾਂਦੀਪ ਬੰਦੂਕ ਅਤੇ ਅਸਲੇ ਦੇ ਜ਼ੋਰ ਨਾਲ ਹਥਿਆ ਲਿਆ। (ਬੰਦੂਕ ਦੀ ਤਾਕਤ ਅੱਗੇ ਮੂਲ ਵਾਸੀਆਂ ਦੇ ਲੱਕੜ ਦੇ ਤੀਰ ਨਿਕੰਮੇ ਸਨ। ਉਨ੍ਹਾਂ ਨੇ ਲੋਹਾ ਹੀ ਨਹੀਂ ਦੇਖਿਆ ਸੀ।) ਜਿਨ੍ਹਾਂ ਨੇ ਵਿਰੋਧ ਕੀਤਾ ਉਨ੍ਹਾਂ ਦਾ ਤਹਿਸ-ਨਹਿਸ ਕਰ ਦਿੱਤਾ ਗਿਆ। ਨਵਾਂ ਮੁਲਕ ਵਸ ਗਿਆ, ਗੋਰੇ ਯੌਰਪੀ ਬੰਦੇ ਦਾ ਮੁਲਕ। ਨਾਂ ਰੱਖਿਆ: ਅਮਰੀਕਾ। ਇਸ ਸਭ ਕੁਝ ਦਾ ਖੁਲਾਸਾ ਅਮਰੀਕੀ ਇਤਿਹਾਸਕਾਰ ਰੋਨਲਡ ਰਾਈਟ ਨੇ ਆਪਣੀ ਕਿਤਾਬ ਸਟੋਲਨ ਕਾਂਟੀਨੈਂਟਸ' ਵਿਚ ਕੀਤਾ ਹੈ।

ਗੋਰੇ ਬੰਦੇ ਦਾ ਅਮਰੀਕਾ ਖੁਸ਼ਹਾਲ ਤੇ ਮਹਾਨ ਕਿਵੇਂ ਬਣਿਆ, ਜਿਸ ਨੂੰ ਟਰੰਪ ਬਹਾਲ ਕਰਨ ਦੇ ਸੁਪਨੇ ਲੈ ਰਿਹਾ ਹੈ। ਇਹਦਾ ਜੁਆਬ ਗ਼ੁਲਾਮਾਂ ਦੇ ਅਮਰੀਕਾ ਵਿਚ ਹੁੰਦੇ ਵਪਾਰ ਤੋਂ ਮਿਲ ਜਾਂਦਾ ਹੈ। ਅਫਰੀਕਾ ਤੋਂ ਗ਼ੁਲਾਮਾਂ ਨੂੰ ਸਮੁੰਦਰੀ ਜਹਾਜ਼ਾਂ ਵਿਚ ਲੱਦ ਕੇ ਅਮਰੀਕਾ ਦੇ ਅੱਡਿਆਂ ਵਿਚ ਵੇਚਿਆ ਜਾਂਦਾ। ਉਨ੍ਹਾਂ ਤੋਂ ਮੁਸ਼ੱਕਤ ਕਰਵਾਈ ਜਾਂਦੀ। ਗੋਰਾ ਬੰਦਾ ਖੁਸ਼ਹਾਲੀ ਵਿਚ ਰਹਿੰਦਾ ਤੇ ਗ਼ੁਲਾਮ ਪੀੜਤ। ਇਸ ਦੁਸ਼ਟ ਵਰਤਾਰੇ ਦੀ ਤਫ਼ਸੀਲ ਐਲੈਕਸ ਹੇਲੀ ਦੇ ਨਾਵਲ ਰੂਟਸ' (ਜਿਸ ਦਾ ਪੰਜਾਬੀ ਵਿਚ ਅਨੁਵਾਦ ਪ੍ਰਾਪਤ ਹੈ) ਤੋਂ ਮਿਲ ਜਾਂਦੀ ਹੈ। ਇਵੇਂ ਅਮਰੀਕਾ ਦਾ ਢਾਈ ਤਿੰਨ ਸਦੀਆਂ ਦਾ ਇਤਿਹਾਸ ਕਾਲੇ ਗ਼ੁਲਾਮਾਂ ਉੱਤੇ ਢਾਏ ਗਏ ਮਾਨਸਿਕ ਅਤੇ ਸਰੀਰਕ ਅਤਿਆਚਾਰਾਂ ਦਾ ਪੁਲੰਦਾ ਹੈ। ਅਮਰੀਕੀ ਨਾਵਲਕਾਰ ਵਿਲੀਅਮ ਫੌਕਨਰ ਦੇ ਨਾਵਲਾਂ ਵਿਚ ਅਜਿਹੇ ਦੁਸ਼ਟ ਵਰਤਾਰੇ ਦੀਆਂ ਅੰਤਰ-ਤੈਹਾਂ ਦੇ ਦਰਸ ਹੁੰਦੇ ਹਨ।

ਡੋਨਲਡ ਟਰੰਪ ਆਵਾਸੀਆਂ ਨੂੰ ਅਮਰੀਕਾ ਦੀਆਂ ਅੰਦਰੂਨੀ ਸਮੱਸਿਆਵਾਂ ਦੀ ਜੜ੍ਹ ਕਹਿੰਦਾ। ਉਹ ਗੁਆਂਢੀ ਮੁਲਕ ਮੈਕਸਿਕੋ ਅਤੇ ਆਪਣੇ ਦੇਸ਼ ਵਿਚਕਾਰ ਅਰਬਾਂ ਡਾਲਰਾਂ ਦਾ ਖਰਚ ਕਰਕੇ ਕੰਧ ਖੜੀ ਕਰਨ ਦੀ ਅੜੀ ਕਰ ਰਿਹਾ ਹੈ ਤਾਂ ਜੋ ਮਜ਼ਦੂਰੀ ਕਰਨ ਆਉਂਦੇ ਮੈਕਸਿਕੀ, ਅਮਰੀਕਾ ਵਿਚ ਦਾਖਲ ਨਾ ਹੋ ਸਕਣ। ਉਹ ਭੁੱਲ ਜਾਂਦਾ ਕਿ ਅਮਰੀਕਾ ਦੀ ਕੁੱਲ ਆਬਾਦੀ, ਗੋਰਿਆਂ ਸਮੇਤ, ਆਵਾਸੀਆਂ ਦੀ ਹੈ। ਉਹਨੂੰ ਏਸ਼ੀਆ ਅਫਰੀਕਾ ਤੋਂ ਆਏ ਆਵਾਸੀ ਹੀ ਨਾਪਸੰਦ ਹਨ।

ਟਰੰਪ ਦੇ ਪੁਰਖੇ ਜਰਮਨੀ ਤੋਂ 19ਵੀਂ ਸਦੀ ਦੇ ਅੱਧ ਵਿਚ ਅਮਰੀਕਾ ਪੁੱਜੇ। ਉਨ੍ਹਾਂ ਨਿਊਯੌਰਕ ਵਿਚ ਡੇਰੇ ਲਗਾ ਲਏ। ਇਮਾਰਤਾਂ ਉਸਾਰਨ ਦਾ ਕੰਮ ਸ਼ੁਰੂ ਕਰ ਦਿੱਤਾ। ਨਿਊਯੌਰਕ ਦੀਆਂ ਆਕਾਸ਼ ਛੂੰਹਦੀਆਂ ਇਮਾਰਤਾਂ ਦੀਆਂ ਕਤਾਰਾਂ ਜੋ ਹਨ, ਇਨ੍ਹਾਂ ਦੀ ਅਸਲੀਅਤ ਬਾਰੇ ਡਿਸਕਵਰੀ ਚੈਨਲ ਵਿਚ ਦਸਤਾਵੇਜ਼ੀ ਫਿਲਮ ਦਿਖਾਈ ਜਾ ਚੁੱਕੀ ਹੈ। ਉਸਾਰੀ ਕਰਨ ਵਾਲਿਆਂ ਵਿਚ ਕਾਲੇ ਮਜ਼ਦੂਰਾਂ ਦੀ ਭਾਰੀ ਗਿਣਤੀ ਹੁੰਦੀ ਸੀ। ਉਨ੍ਹਾਂ ਤੋਂ ਵਗਾਰ ਕਰਵਾਈ ਜਾਂਦੀ। ਉਨ੍ਹਾਂ ਨਾਲ ਜਿਵੇਂ ਜੋ ਵਿਹਾਰ ਹੁੰਦਾ, ਇਹਦਾ ਪਤਾ ਮੈਨੂੰ ਸਾਲ 1999 ਵਿਚ ਲੱਗਾ। ਇਕ ਦਿਨ ਮਨਹਾਟਨ ਦੇ ਐਵੇਨਿਊ ਗਾਹੁੰਦਿਆਂ ਮੈਂ ਸ਼ਾਮ ਦੇ ਅਖ਼ਬਾਰ ਵਿਚ ਖ਼ਬਰ ਪੜ੍ਹੀ ਕਿ ਉਸੇ ਦਿਨ ਇਕ ਪੁਰਾਣੀ ਇਮਾਰਤ ਨੂੰ ਢਾਹ ਕੇ ਨਵੀਂ ਦੀ ਉਸਾਰੀ ਵੇਲੇ ਖੋਦਾਈ ਕਰਦਿਆਂ ਅੱਧੀ ਦਰਜਨ ਤੋਂ ਵੱਧ ਮਨੁੱਖੀ ਪਿੰਜਰ ਪ੍ਰਾਪਤ ਹੋਏ ਹਨ। ਕੁਝ ਪਿੰਜਰ ਬਜ਼ੁਰਗਾਂ ਅਤੇ ਔਰਤਾਂ ਦੇ ਸਨ। ਪਤਾ ਲੱਗਾ ਕਿ ਵਗਾਰ ਕਰਦਿਆਂ ਕਾਲੇ ਗ਼ੁਲਾਮਾਂ ਦੀ ਮੌਤ ਹੋ ਜਾਂਦੀ ਤਾਂ ਉਨ੍ਹਾਂ ਨੂੰ ਉੱਥੇ ਹੀ ਦਫ਼ਨਾ ਦਿੱਤਾ ਜਾਂਦਾ ਸੀ।

12 ਜਨਵਰੀ ਦੇ ਨਿਊ ਯੌਰਕਰ' ਵਿਚ ਦਰਜਨਾਂ ਮਿਸਾਲਾਂ ਦੇ ਕੇ ਇਕ ਪੱਤਰਕਾਰ ਨੇ ਟਰੰਪ ਦੀਆਂ ਰਗ਼ਾਂ ਵਿਚ ਨਸਲੀ ਖ਼ੂਨ ਦੀ ਨਿਸ਼ਾਨਦੇਹੀ ਕੀਤੀ ਹੈ। ਇਕ ਮਿਸਾਲ ਇਹ ਹੈ ਕਿ ਟਰੰਪ ਜਦ ਦੂਜੀ ਬੀਵੀ ਨਾਲ ਅਟਲਾਂਟਿਕ ਸਿਟੀ ਵਿਚ ਆਪਣੇ ਕੈਸੀਨੋ ਦਾ ਦੌਰਾ ਕਰਨ ਜਾਂਦਾ ਤਾਂ ਕੈਸੀਨੋ ਦੇ ਮੈਨੇਜਰ ਕਾਲੇ ਵਰਕਰਾਂ ਨੂੰ ਟਰੰਪ ਦੰਪਤੀ ਦੀਆਂ ਨਜ਼ਰਾਂ ਤੋਂ ਦੂਰ ਰਹਿਣ ਦੀ ਹਦਾਇਤ ਦਿੰਦੇ। ਦੋ ਹਫ਼ਤੇ ਪਹਿਲਾਂ ਟਰੰਪ ਨੇ ਆਪਣੇ ਨਸਲੀ ਹੋਣ ਦਾ ਪ੍ਰਮਾਣ ਤਦ ਦਿੱਤਾ ਜਦ ਉਹਨੇ ਦੋ ਅਫਰੀਕੀ ਮੁਲਕਾਂ ਨੂੰ ਹਿਕਾਰਤ ਨਾਲ ਢੂਆ-ਨਲੀ ਮੁਲਕ' (shithole countries) ਕਿਹਾ।

**ਮੈਨੂੰ ਟਰੰਪ ਬਾਰੇ ਹੋਰ ਜਾਣਨ ਦੀ ਜ਼ਰੂਰਤ ਨਹੀਂ ਰਹੀ।**

## ਟਰੰਪ ਦੇ ਰਾਜਕਾਲ ਦੌਰਾਨ ਸਿੱਖਾਂ, ਅਰਬਾਂ ਤੇ ਹੋਰਨਾਂ ਭਾਈਚਾਰਿਆਂ ਵਿਰੁੱਧ ਨ਼ਫਰਤੀ ਅਪਰਾਧਾਂ 'ਚ ਵਾਧਾ

**ਵਾਸ਼ਿੰਗਟਨ/ਨਿਊਜ਼ ਬਿਊਰੋ:** ਰਾਸ਼ਟਰਪਤੀ ਡੋਨਲਡ ਟਰੰਪ ਦੇ ਕਾਰਜਕਾਲ ਨੂੰ ਇਕ ਸਾਲ ਮੁਕੰਮਲ ਹੋਇਆ ਹੈ ਪਰ ਦੱਖਣ ਏਸ਼ਿਆਈ, ਮੁਸਲਮਾਨਾਂ, ਸਿੱਖਾਂ, ਹਿੰਦੂਆਂ, ਮੱਧ ਪੂਰਬ ਅਤੇ ਅਰਬ ਭਾਈਚਾਰਿਆਂ ਵਿਰੁੱਧ ਅਮਰੀਕਾ 'ਚ ਨ਼ਫਰਤੀ ਹਿੰਸਾ ਦੇ ਮਾਮਲਿਆਂ 'ਚ ਚੋਖਾ ਵਾਧਾ ਹੋਇਆ ਹੈ।

ਸਾਊਥ ਏਸ਼ੀਅਨ ਅਮਰੀਕਨਜ਼ ਲਿਵਿੰਗ ਟੂਗੈਦਰ (ਐਸਏਏਐਲਟੀ) ਸੰਸਥਾ ਨੇ ਆਪਣੀ ਰਿਪੋਰਟ 'ਚ ਕਿਹਾ ਕਿ 9 ਨਵੰਬਰ 2016 ਤੋਂ 7 ਨਵੰਬਰ 20 17 ਦਰਮਿਆਨ ਨ਼ਫਰਤੀ ਹਿੰਸਾ ਅਤੇ ਗੋਰਿਆਂ ਦੇ ਦਬਦਬੇ ਦੀਆਂ 302 ਘਟਨਾਵਾਂ ਵਾਪਰੀਆਂ।

ਰਿਪੋਰਟ ਮੁਤਾਬਕ ਇਹ ਪਿਛਲੇ ਅਧਿਐਨਾਂ ਨਾਲੋਂ 45 ਫ਼ੀਸਦੀ ਦਾ ਵਾਧਾ ਹੈ। ਇਸ 'ਚੋਂ 82 ਫ਼ੀਸਦੀ ਯਾਨੀ 248 ਮਾਮਲੇ ਮੁਸਲਮਾਨ ਵਿਰੋਧੀ ਸਨ। ਹਿੰਸਾ ਦੇ ਪੰਜ ਮਾਮਲਿਆਂ 'ਚੋਂ ਇਕ ਨੇ ਰਾਸ਼ਟਰਪਤੀ ਟਰੰਪ ਦੀ ਨੀਤੀ ਜਾਂ ਉਸ ਦੇ ਪ੍ਰਚਾਰ ਨਾਅਰੇ ਦਾ ਹਵਾਲਾ ਦਿੱਤਾ।

ਸੰਸਥਾ ਦੇ ਕਾਰਜਕਾਰੀ ਡਾਇਰੈਕਟਰ ਸੁਮਨ



ਰਘੂਨਾਥਨ ਨੇ ਦੋਸ਼ ਲਾਇਆ ਕਿ ਟਰੰਪ ਪ੍ਰਸ਼ਾਸਨ ਨੇ ਇਸਲਾਮ ਦਾ ਡਰ ਦਿਖਾ ਕੇ ਮੁਸਲਮਾਨਾਂ ਲਈ ਨ਼ਫਰਤ ਅਤੇ ਭੈਅ ਦਾ ਮਾਹੌਲ ਪੈਦਾ ਕੀਤਾ। ਉਨ੍ਹਾਂ ਕਿਹਾ ਕਿ ਅੰਨ੍ਹੇਵਾਹ ਗੋਲੀਬਾਰੀ, ਮਸਜਿਦਾਂ ਨੂੰ ਅੱਗ, ਘਰਾਂ ਤੇ ਕਾਰੋਬਾਰਾਂ 'ਚ ਭੰਨ-ਤੋੜ ਅਤੇ ਸਕੂਲਾਂ 'ਚ ਨੌਜਵਾਨਾਂ ਨੂੰ ਤੰਗ ਕਰਨ ਜਿਹੇ ਮਾਮਲੇ ਬੀਤੇ ਇਕ ਵਰ੍ਹੇ ਦੌਰਾਨ ਸਾਹਮਣੇ ਆਏ।

ਰਘੂਨਾਥਨ ਮੁਤਾਬਕ ਜੇਕਰ ਮੁਲਕ ਨੇ ਧਾਰਮਿਕ ਆਜ਼ਾਦੀ ਦੇ ਉੱਚ ਮਿਆਰ ਕਾਇਮ ਰੱਖਣੇ ਹਨ ਤਾਂ ਉਨ੍ਹਾਂ ਨੂੰ ਗੋਰਿਆਂ ਦੇ ਦਬਦਬੇ ਵਾਲੀ ਨੀਤੀ ਤੋਂ ਉਪਰ ਉਠਣਾ ਹੋਵੇਗਾ। ਨ਼ਫਰਤੀ ਜੁਰਮ ਦੀਆਂ ਦਰਜ 213 ਵਾਰਦਾਤਾਂ 'ਚੋਂ 28 ਫ਼ੀਸਦੀ ਹਮਲੇ ਔਰਤਾਂ ਵਿਰੁੱਧ ਹੋਏ ਹਨ। ਹਿਜਾਬ ਪਹਿਨਣ ਵਾਲੀਆਂ 63 ਫ਼ੀਸਦੀ ਔਰਤਾਂ ਸ਼ਿਕਾਰ ਬਣੀਆਂ।

## ਭਾਰਤੀ-ਅਮਰੀਕੀ ਮਾਂ-ਪੁੱਤ ਦਾ ਭੇਦ ਭਰੇ ਢੰਗ ਨਾਲ ਕਤਲ

**ਵਾਸ਼ਿੰਗਟਨ, ਨਿਊਜ਼ ਬਿਊਰੋ,** ਇੱਥੋਂ ਦੇ ਵਰਜੀਨੀਆ ਦੇ ਅਰਧ-ਸ਼ਹਿਰੀ ਖਿੱਤੇ ਦੇ ਇਕ ਮਕਾਨ 'ਚ ਇਕ ਭਾਰਤੀ-ਅਮਰੀਕੀ ਔਰਤ ਅਤੇ ਉਸ ਦੇ ਪੁੱਤਰ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਮ੍ਰਿਤਕਾਂ ਦੀ ਪਛਾਣ ਮਾਲਾ ਮਨਵਨੀ (65 ਸਾਲ) ਤੇ ਉਸ ਦੇ ਪੁੱਤਰ ਰਿਸ਼ੀ ਮਨਵਨੀ (32 ਸਾਲ) ਵੱਜੋਂ ਹੋਈ ਹੈ। ਪੁਲੀਸ ਵੱਲੋਂ ਹਤਿਆਰੇ ਦੀ ਪੈੜ ਨੱਪਣ ਲਈ ਇਕ ਵੱਡਾ ਖੋਜ ਆਪਰੇਸ਼ਨ ਆਰੰਭਿਆ ਗਿਆ ਹੈ। ਪੁਲੀਸ ਨੂੰ ਬੁੱਧਵਾਰ ਨੂੰ ਘਟਨਾ ਦਾ ਪਤਾ ਉਸ ਵੇਲੇ ਲੱਗਾ ਜਦ ਮ੍ਰਿਤਕਾਂ 'ਚੋਂ ਇਕ ਦੇ ਸਹਿਕਰਮੀ ਨੇ ਫੋਨ ਕਰਕੇ ਪੁਲੀਸ ਨੂੰ ਜਾਣਕਾਰੀ ਦਿੱਤੀ ਕਿ ਉਹ ਇਸ ਹਫ਼ਤੇ ਤੋਂ ਕੰਮ 'ਤੇ ਨਹੀਂ ਆ ਰਿਹਾ। ਇਸ ਤੋਂ ਬਾਅਦ ਪੁਲੀਸ ਨੇ ਜਦ ਘਰ ਜਾ ਕੇ ਦੇਖਿਆ ਤਾਂ ਦੋਵੇਂ ਮ੍ਰਿਤਕ ਪਾਏ ਗਏ। ਲੂਡੋਨ ਕਾਊਂਟੀ ਸ਼ੈਰਿਫ਼ ਦੇ ਦਫ਼ਤਰ ਮੁਤਾਬਿਕ ਦੋਵਾਂ ਨੂੰ ਬੰਦੂਕ ਦੀ ਗੋਲੀ ਨਾਲ ਹਲਾਕ ਕੀਤਾ ਗਿਆ ਹੈ। ਪੁਲੀਸ ਦਾ ਕਹਿਣਾ ਹੈ ਕੇ ਇਹ ਜਾਰੀ ਰਹਿਣ ਵਾਲਾ ਵਰਤਾਰਾ ਨਹੀਂ ਜਾਪਦਾ ਕਿਉਂਕਿ ਹਤਿਆਰੇ ਦਾ ਘਟਨਾ ਤੋਂ ਬਾਅਦ ਫ਼ਿਲਹਾਲ ਕੋਈ ਅਤਾ-ਪਤਾ ਨਹੀਂ ਹੈ। ਇਸ ਲਈ ਆਮ ਲੋਕਾਂ ਦੀ ਜਾਨ ਨੂੰ ਕੋਈ ਖ਼ਤਰਾ ਨਹੀਂ ਹੈ। ਘਰ ਵਿੱਚ ਬਸ ਦੋਵੇਂ ਮਾਂ-ਪੁੱਤ ਹੀ ਰਹਿ ਰਹੇ ਸਨ।



# PANNU'S
## LEGAL SERVICES

G.S. Pannu (Immigration Consultant, LDA)

ivisapass@gmail.com • FAX 510.279.7624

510.677.5200

**IMMIGRATION**
★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT

**STUDENT VISA** (EDUCATE YOUR CHILDREN IN USA)

**DIVORCE**
★ CHILD SUPPORT ★ CHILD VISITATION ★ CHILD CUSTODY ★ MODIFICATION

# PANNU'S
## PASSPORT & VISA SERVICES

indiavisa123@gmail.com • FAX 510.279.7624



M.K. Pannu (Owner)

**VISA IN ONE DAY**



Indian Passport | India Visa in 1 Day | OCI | US Passport

Power of Attorney & Other Services

**510.677.8440**

40757, Grimmer Blvd. FREMONT CA-94538 | 3810 Eau Claire Ave, Ceres, MODESTO/CERES CA-95307 | 220 Bush St/Montgomery St. #445 SAN FRANCISCO (OPPOSITE INDIA VISA CENTER)



Serving Around the World Community Since 1994
We Specialize to Asia, Europe, Middle East, Africa, Australia & etc.

Special fares to :
**SFO TO DEL**
**LAX TO DEL**




Special fares to **Amritsar & Delhi**

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com

**Or Call (818) 762-9236**

15549 Devonshire St., Ste. 206 Mission Hills, CA 91345





Raja Sweets & Catering — Authorized Caterer for Major 5-Star Hotels — ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

Follow us on:

Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

**1-866-FOR-RAJA** (367-7252)
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders






ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

## ਧਾਹਾਂ ਮਾਰਦਿਆਂ ਲਾੜੇ ਲੈਣ ਫੇਰੇ...

### ਬਿਹਾਰ ਦੇ 'ਪਕੜੂਆ ਵਿਆਹਾਂ' ਦਾ ਅਜੀਬ ਦਸਤੂਰ

**ਪਟਨਾ/ਬਿਊਰੋ ਨਿਊਜ਼:** ਸੁਣਨ-ਪੜ੍ਹਨ ਨੂੰ ਭਾਵੇਂ ਇਹ ਗੱਲ ਅਜੀਬ ਲੱਗੇ ਪਰ ਬੀਤੇ ਵਰ੍ਹੇ ਬਿਹਾਰ ਅੰਦਰ 3400 ਨੌਜਵਾਨਾਂ ਨੂੰ ਜਬਰੀ ਵਿਆਹ ਲਈ ਅਗਵਾ ਕੀਤਾ ਗਿਆ ਹੈ। ਬਿਹਾਰ ਦੀ ਸਥਾਨਕ ਬੋਲੀ 'ਚ ਅਜਿਹੇ ਵਿਆਹਾਂ ਨੂੰ 'ਪਕੜੂਆ ਵਿਆਹ' ਕਿਹਾ ਜਾਂਦਾ ਹੈ।

ਪੁਲੀਸ ਦੇ ਅਧਿਕਾਰੀਆਂ ਨੇ ਦੱਸਿਆ, 'ਪਕੜੂਆ ਵਿਆਹ ਦਾ ਰੁਝਾਨ ਬਿਹਾਰ ਵਿੱਚ ਤੇਜ਼ੀ ਨਾਲ ਵੱਧ ਰਿਹਾ ਹੈ। ਸੂਬੇ 'ਚ ਅਜਿਹੇ ਜਬਰੀ ਵਿਆਹਾਂ ਲਈ ਤਕਰੀਬਨ 3405 ਨੌਜਵਾਨਾਂ ਨੂੰ ਅਗਵਾ ਕੀਤਾ ਗਿਆ ਹੈ। ਪਕੜੂਆ ਵਿਆਹਾਂ ਦੇ ਨੌਜਵਾਨਾਂ ਨੂੰ ਬੰਦੂਕ ਦਿਖਾ ਕੇ ਜਾਂ ਉਸ ਨੂੰ ਤੇ ਉਸ ਦੇ ਪਰਿਵਾਰ ਨੂੰ ਮਾਰਨ ਦੀਆਂ ਧਮਕੀਆਂ ਦੇ ਕੇ ਅਜਿਹੇ ਵਿਆਹ ਕਰਾਏ ਜਾਂਦੇ ਹਨ।' ਪਿਛਲੇ ਮਹੀਨੇ ਪਟਨਾ ਦੇ ਪਿੰਡ ਵਿੱਚ ਇੱਕ ਇੰਜਨੀਅਰ ਨੌਜਵਾਨ ਦਾ ਕੀਤਾ ਗਿਆ ਪਕੜੂਆ ਵਿਆਹ ਕੌਮੀ ਪੱਧਰ 'ਤੇ ਖ਼ਬਰਾਂ ਦੀਆਂ ਸੁਰਖੀਆਂ ਬਣਿਆ ਰਿਹਾ ਸੀ, ਜਦੋਂ ਉਸ ਨੇ ਆਪਣੇ ਨਾਲ ਜਬਰੀ ਵਿਆਹੀ ਲੜਕੀ ਨੂੰ ਨਾਲ ਰੱਖਣ ਤੋਂ ਇਨਕਾਰ ਕਰ ਦਿੱਤਾ ਸੀ। ਸਰਕਾਰੀ ਅੰਕੜਿਆਂ ਅਨੁਸਾਰ ਸੂਬੇ 'ਚ ਸਾਲ 2016 ਅੰਦਰ 3070, 2015 'ਚ 3000 ਅਤੇ 2014 'ਚ 2526 ਪਕੜੂਆ ਵਿਆਹ ਕੀਤੇ ਗਏ ਹਨ। ਪੁਲੀਸ ਅਨੁਸਾਰ ਸੂਬੇ ਅੰਦਰ ਰੋਜ਼ਾਨਾ ਔਸਤਨ ਨੌਂ ਪਕੜੂਆ ਵਿਆਹ ਹੁੰਦੇ ਹਨ। ਪਕੜੂਆਂ ਵਿਆਹਾਂ ਦੇ ਵੱਧ ਰਹੇ ਰੁਝਾਨ ਨੂੰ ਧਿਆਨ 'ਚ ਰੱਖਦਿਆਂ ਸੂਬਾ ਪੁਲੀਸ ਨੇ ਸਭ ਜ਼ਿਲ੍ਹਿਆਂ ਦੇ ਐੱਸਪੀਜ਼ ਨੂੰ ਹਦਾਇਤ ਕੀਤੀ ਹੈ ਕਿ ਉਹ ਹੁਣ ਸ਼ੁਰੂ ਹੋਣ ਵਾਲੇ ਵਿਆਹਾਂ ਦੇ ਸੀਜ਼ਨ 'ਚ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਚੌਕਸ ਰਹਿਣ।

ਸਮਾਜ ਸੇਵੀ ਮਹਿੰਦਰ ਯਾਦਵ ਨੇ ਕਿਹਾ ਕਿ ਪਕੜੂਆ ਵਿਆਹਾਂ ਲਈ ਅਗਵਾ ਕਰਨਾ ਬਿਹਾਰ 'ਚ ਆਮ ਗੱਲ ਹੈ। ਇਹ ਸਿਲਸਿਲਾ ਪਿਛਲੇ ਕਈ ਸਾਲਾਂ ਤੋਂ ਚੱਲ ਰਿਹਾ ਹੈ। ਚਿੰਤਾ ਦੀ ਗੱਲ ਅਜਿਹੇ ਵਿਆਹਾਂ ਦੇ ਰੁਝਾਨ 'ਚ ਲਗਾਤਾਰ ਵਾਧਾ ਹੋਣਾ ਹੈ। ਉਸ ਨੇ ਦੱਸਿਆ ਇਸ ਸਮਾਜਕ ਸਮੱਸਿਆ ਦਾਜ ਦੀ ਮੰਗ ਕਾਰਨ ਹੋਂਦ 'ਚ ਆਈ ਹੈ। ਲੜਕੀਆਂ ਦੇ ਪਰਿਵਾਰਾਂ ਵਾਲੇ ਯੋਗ ਨੌਜਵਾਨਾਂ ਨੂੰ ਜਬਰੀ ਵਿਆਹਾਂ ਲਈ ਅਗਵਾ ਕਰ ਲੈਂਦੇ ਹਨ। ਇੱਥੋਂ ਤੱਕ ਕੌਮੀ ਅਪਰਾਧ ਰਿਕਾਰਡ ਬਿਊਰੋ ਅਨੁਸਾਰ ਬਿਹਾਰ ਅੰਦਰ 18 ਸਾਲ ਤੱਕ ਦੇ ਲੜਕਿਆਂ ਨੂੰ ਅਗਵਾ ਕਰਨ ਦੀਆਂ ਘਟਨਾਵਾਂ ਦੇਸ਼ 'ਚ ਸਭ ਤੋਂ ਵੱਧ ਹਨ।

# 'ਕਰੇਜ਼ੀ' ਨੌਜਵਾਨ ਦੀ ਹੁਸ਼ਿਆਰਪੁਰ ਤੋਂ ਹਾਲੀਵੁੱਡ ਵੱਲ ਪੁਲਾਂਘ...

## 'ਦ ਬਲੈਕ ਪ੍ਰਿੰਸ' ਤੋਂ ਬਾਅਦ 'ਬੇਅਰਫੁੱਟ ਵਾਰੀਅਰਜ਼' ਨਾਲ ਹਾਜ਼ਰ ਹੋਣਗੇ ਕਵੀ ਰਾਜ

**ਜੈਸਮੀਨ ਸਿੰਘ**

ਭਾਰਤੀ ਮੂਲ ਦੇ ਐਕਟਰ, ਲੇਖਕ ਤੇ ਡਾਇਰੈਕਟਰ ਕਵੀ ਰਾਜ ਬਾਰੇ ਜੋ ਕੁੱਝ ਸਮਾਂ ਪਹਿਲਾਂ ਸ਼ਾਇਦ ਬਹੁਤੇ ਪੰਜਾਬੀਆਂ ਨੂੰ ਪਤਾ ਨਹੀਂ ਸੀ ਕਿ ਪੰਜਾਬੀ ਮੂਲ ਦਾ ਕੋਈ ਬੰਦਾ ਹਾਲੀਵੁੱਡ ਵਿਚ ਕੰਮ ਕਰਦਾ ਹੈ ਪਰ ਪੰਜਾਬ ਦੇ ਇਤਿਹਾਸ ਨੂੰ ਪਰਦੇ ਤੇ ਰੂਪਮਾਨ ਕਰਦੀ ਫਿਲਮ ਬਲੈਕ ਪ੍ਰਿੰਸ' ਨੇ ਸ਼ਾਇਦ ਹੀ ਕੋਈ ਪੰਜਾਬੀ ਬਚਿਆ ਹੋਵੇਗਾ, ਜਿਸ ਦੇ ਘਰ ਵਿਚ ਕਵੀ ਰਾਜ ਦੀ ਚਰਚਾ ਨਹੀਂ ਕਰਵਾਈ। ਬਲੈਕ ਪ੍ਰਿੰਸ' ਰਾਹੀਂ ਕਵੀ ਰਾਜ ਨੇ ਸਾਬਤ ਕੀਤਾ ਕਿ ਪੰਜਾਬੀ ਦਰਸ਼ਕਾਂ ਨੂੰ ਕਿਸੇ ਗੰਭੀਰ ਮੁੱਦੇ 'ਤੇ ਵੀ ਚੰਗੀ ਫਿਲਮ ਵਿਖਾਈ ਜਾ ਸਕਦੀ ਹੈ ਤੇ ਦਰਸ਼ਕ ਉਸ ਨੂੰ ਵੇਖਣਾ ਵੀ ਪਸੰਦ ਕਰਦੇ ਹਨ।

ਹੁਣ ਕਵੀਰਾਜ ਇਕ ਨਵੀਂ ਤਰ੍ਹਾਂ ਦੀ ਕਹਾਣੀ ਲੈ ਕੇ ਆਪਣੇ ਦਰਸ਼ਕਾਂ ਸਾਹਮਣੇ ਹੋਣਗੇ। ਉਹ ਆਪਣੀ ਫਿਲਮ ਬੇਅਰਫੁੱਟ ਵਾਰੀਅਰਜ਼ ਰਾਹੀਂ ਇਕ ਵਾਰੀ ਫਿਰ ਆਪਣੀ ਡਾਇਰੈਕਸ਼ਨ ਦੇ ਕਮਾਲ ਵਿਖਾਉਣਗੇ। ਇਹ ਫਿਲਮ ਹਾਕੀ ਤੇ ਫੁੱਟਬਾਲ ਦੇ ਖਿਡਾਰੀਆਂ ਬਾਰੇ ਹੈ, ਖੇਡ ਇਕ ਵਿਸ਼ੇ ਦੇ ਤੌਰ 'ਤੇ ਜਿਨ੍ਹਾਂ ਦੀ ਪਹਿਲੀ ਪਸੰਦ ਹੁੰਦੀ ਸੀ।

ਉਹ ਇਸ ਫਿਲਮ ਬਾਰੇ ਮੁਸਕਰਾਉਂਦੇ ਹੋਏ ਕਹਿੰਦੇ ਨੇ ,ਇਹ ਫਿਲਮ ਅਸਲੀਅਤ ਤੇ ਕਲਪਨਾ ਦਾ ਸੁਮੇਲ ਹੈ। ਇਹ 1948 ਦੀ ਉਲੰਪਿਕ ਵਿਚ ਵਾਪਰੀ ਇਕ ਅਸਲੀ ਕਹਾਣੀ 'ਤੇ ਅਧਾਰਤ ਹੈ। ਭਾਰਤ ਉਥੇ ਫਰਾਂਸ ਤੋਂ ਫੁੱਟਬਾਲ ਵਿਚ ਭਾਵੇਂ 2-1 ਨਾਲ ਹਾਰ ਗਿਆ ਸੀ ਪਰ ਭਾਰਤੀ ਟੀਮ ਨੇ ਚੰਗੀ ਖੇਡ ਦਾ ਮੁਜ਼ਾਹਰਾ ਕਰਕੇ ਲੋਕਾਂ ਦੇ ਦਿਲ ਜਿੱਤ ਲਏ। ਇਸ ਸਦਕਾ ਹੀ ਉਸ ਨੂੰ 1950 ਦੀ ਉਲੰਪਿਕ ਖੇਡਣ ਦਾ ਮੌਕਾ ਮਿਲਿਆ ਪਰ ਨੰਗੇ ਪੈਰ ਹੋਣ ਕਰਕੇ ਉਹ ਖੇਡ ਨਹੀਂ ਸਕੇ।

ਉਹ ਕਹਿੰਦੇ ਨੇ ਕਿ ਮੇਰੀ ਫਿਲਮ ਮੰਨਾ ਸਿੰਘ ਨਾਂ ਦੇ ਕਲਪਨਿਕ ਹੀਰੋ ਦੁਆਲੇ ਘੁੰਮਦੀ ਹੈ ਪਰ ਇਸ ਵਿਚ ਸਾਰਾ ਕੁੱਝ ਕਾਲਪਨਿਕ ਨਹੀਂ।

ਕਵੀ ਰਾਜ ਇਸ ਫਿਲਮ ਦੀ ਸ਼ੂਟਿੰਗ ਪੰਜਾਬ ਵਿਚ ਕਰ ਰਹੇ ਹਨ। ਇਸ ਵਿਚ ਰਾਜਪਾਲ ਯਾਦਵ, ਸੀਨ ਫੇਰਿਸ, ਯੋਗਰਾਜ ਸਿੰਘ ਅਤੇ ਹੋਰ ਕਲਾਕਾਰ ਕੰਮ ਕਰ ਰਹੇ ਹਨ। ਪੰਜਾਬ ਵਿਚ ਸ਼ੂਟਿੰਗ ਕਰਨ ਬਾਰੇ ਜਦੋਂ ਉਨ੍ਹਾਂ



ਨਾਲ ਹਾਲੀਵੁੱਡ ਤੇ ਪੰਜਾਬ ਵਿਚ ਸ਼ੂਟਿੰਗ ਦੇ ਫਰਕ ਬਾਰੇ ਗੱਲ ਕੀਤੀ ਗਈ ਤਾਂ ਉਹ ਹੱਸਦੇ ਹੋਏ ਕਹਿੰਦੇ ਨੇ ਕਿ ਹਾਲੀਵੁੱਡ 'ਚ ਕੰਮ ਕਰਦੇ ਸਮੇਂ ਮੈਂ ਇਕ ਬੰਦੇ ਤੋਂ ਦਸ ਜਣਿਆਂ ਦਾ ਕੰਮ ਲੈਂਦਾ ਹਾਂ ਪਰ ਇੱਥੇ ਮੈਂ ਦਸਾਂ ਤੋਂ ਇਕ ਦਾ ਕੰਮ ਲਵਾਂਗਾ।

ਕਵੀ ਰਾਜ ਕਹਿੰਦੇ ਨੇ ਕਿ ਇਹ ਚੰਗੀ ਗੱਲ ਹੈ ਕਿ ਖੇਡਾਂ 'ਤੇ ਬਹੁਤ ਸਾਰੀਆਂ ਫਿਲਮਾਂ ਬਣ ਰਹੀਆਂ ਹਨ। ਖੇਡ ਜ਼ਿੰਦਗੀ ਦਾ ਹਿੱਸਾ ਬਣਨੀ ਚਾਹੀਦੀ ਹੈ। ਭਾਰਤ ਵਿਚ ਬਹੁਤੇ ਮਾਪੇ ਬੱਚਿਆਂ ਨੂੰ ਖੇਡਾਂ ਦੀ ਥਾਂ ਪੜ੍ਹਾਈ ਵਿਚ ਡਿਗਰੀ ਕਰਨ ਲਈ ਹੀ ਪ੍ਰੇਰਦੇ ਹਨ। ਪਰ ਮੇਰਾ ਮੰਨਣਾ ਹੈ ਕਿ ਇਕ ਚੰਗੇ ਸਰੀਰ ਵਿਚ ਹੀ ਇਕ ਚੰਗਾ ਮਨ ਹੋ ਸਕਦਾ ਹੈ। ਇਸ ਬਾਰੇ ਉਹ ਆਪਣੀ ਮਿਸਾਲ ਦਿੰਦੇ ਹਨ । ਮੈਂ ਹਾਕੀ ਤੇ ਫੁੱਟਬਾਲ ਦੋਵੇਂ ਖੇਡਦਾ ਸੀ ਤੇ ਪੜ੍ਹਾਈ ਵਿਚ ਵੀ ਚੰਗਾ ਸੀ। ਉਹ ਬੜੇ ਮਾਣ ਨਾਲ ਇਹ ਦੱਸਦੇ ਹਨ। ਜਦੋਂ ਉਨ੍ਹਾਂ ਨੇ ਆਪਣੇ ਦੋਸਤਾਂ ਨੂੰ ਹਾਲੀਵੁੱਡ 'ਚ ਜਾਣ ਬਾਰੇ ਦੱਸਿਆ ਸੀ ਤਾਂ ਉਹ ਉਨ੍ਹਾਂ ਨੂੰ ਕਰੇਜ਼ੀ' ਕਹਿੰਦੇ ਸੀ। ਉਨ੍ਹਾਂ ਨੇ ਵੀ ਆਪਣੇ ਦਿਲ ਵਿਚ ਠਾਣ ਲਿਆ ਸੀ ਕਿ ਜੇ ਉਹ ਉਨ੍ਹਾਂ ਨੂੰ ਕਰੇਜ਼ੀ' ਕਹਿਦੇ ਹਨ ਤਾਂ ਉਹ ਵੀ ਹੁਣ ਕਰੇਜ਼ੀ' ਬਣ ਕੇ ਦਿਖਾਉਣਗੇ।

ਕਵੀ ਰਾਜ ਪਹਿਲੇ ਅਜਿਹੇ ਦੱਖਣੀ ਏਸ਼ੀਆਈ ਹਨ ਜਿਨ੍ਹਾਂ ਨੂੰ ਟੀ ਵੀ ਲੜੀਵਾਰ ਸੇਂਟ ਐਲਸਵੇਅਰ 'ਚ ਕੰਮ ਕਰਨ ਦਾ ਮੌਕਾ ਮਿਲਿਆ। ਉਨ੍ਹਾਂ ਨੇ 200 ਨਾਟਕਾਂ ਵਿਚ ਕੰਮ ਕੀਤਾ। ਉਨ੍ਹਾਂ ਨੇ ਦ ਏ ਟੀਮ', ਸਟਾਰ ਟਰੈਕ' : ਦ ਨੈਕਸਟ ਜਨਰੇਸ਼ਨ' ਵਿਚ ਗੈਸਟ ਕਲਾਕਾਰ ਦੇ ਤੌਰ 'ਤੇ ਵੀ ਕੰਮ ਕੀਤਾ। ਕਵੀਰਾਜ ਕਹਿੰਦੇ ਨੇ ਕਿ ਮੈਂ ਦਾਰਾ ਸਿੰਘ ਦੀਆਂ ਫਿਲਮਾਂ ਬਹੁਤ ਦੇਖਦਾ ਸੀ। ਮੈਂ ਹਮੇਸ਼ਾ ਹਾਲੀਵੁੱਡ ਐਕਟਰਾਂ ਤੋਂ ਪ੍ਰਭਾਵਤ ਰਿਹਾ ਹਾਂ।"

ਹੁਸ਼ਿਆਰਪੁਰ ਦੇ ਜੰਮਪਲ ਕਵੀਰਾਜ ਪੰਜਾਬ ਵਿਚ ਛੇਤੀ ਹੀ ਐਕਟਿੰਗ ਅਕੈਡਮੀ ਖੋਲ੍ਹਣ ਦੀ ਇੱਛਾ ਰੱਖਦੇ ਹਨ।

('ਦ ਟ੍ਰਿਬਿਊਨ ਤੋਂ ਧੰਨਵਾਦ ਸਹਿਤ)







ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ

ਪੰਜਾਬੀ ਢਾਬਾ

Now Open

Indiana

1480 N State Road 1, Cambridge City, IN 47327. 70

Diesel/Gas

Exit 137

ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ !

ਸਹੂਲਤਾਂ

- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.



Free Buffet
over 100 gallons

open 6am to midnight

Phone: 765-478-6300

ਉੱਘੇ ਸਿੱਖ ਵਿਦਵਾਨ ਭਾਈ ਅਜਮੇਰ ਸਿੰਘ
ਦੀਆਂ ਬੇਹੱਦ ਪੜ੍ਹਣ ਯੋਗ ਪੁਸਤਕਾਂ

ਹੁਣ ਅਮਰੀਕਾ ਵਿੱਚ ਘਰ ਬੈਠੇ ਪ੍ਰਾਪਤ ਕਰ ਸਕਦੇ ਹੋ:




ਕੀਮਤ ਇੱਕ ਪੁਸਤਕ : 20 ਡਾਲਰ (ਡਾਕ ਖਰਚੇ ਸਮੇਤ)
ਸਾਰੀਆਂ ਪੁਸਤਕਾਂ ਦਾ ਸੈੱਟ : 100 ਡਾਲਰ (ਡਾਕ ਖਰਚੇ ਸਮੇਤ)

ਹੋਰ ਜਾਣਕਾਰੀ ਸੰਪਰਕ ਕਰੋ :
ਤਜਿੰਦਰ ਸਿੰਘ 916-529-7877
ਜਸਜੀਤ ਸਿੰਘ ਫੋਨ :510 875 3279

ਜ਼ਿੰਦਗੀ ਨੂੰ ਸੁਹਾਵਣੀ ਬਣਾਓ
'ਦ ਕੰਪਨੀ ਯੂ ਕੀਪ'
ਦੇ ਨਾਲ !

NEW YORK LIFE
www.newyorklife.com

1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।



Open Enrollment for Healthcare Starts November 1,2017 to January 31, 2018.



COVERED CALIFORNIA

ਸਿਮਰਨ ਕੌਰ ਅਟਵਾਲ
ਏਜੰਟ
ਲਾਇਸੰਸ # OE17073

ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com

ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ
ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!

Website Design & Development

- ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
- ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।

Basic web packages are availables on comparatively economical rates
We work as per your requirement and charge only according to work

SERVICES
- ✓WEB DEVELOPMENT
- ✓WEB DESIGNING
- ✓WEB RE-DESIGN
- ✓LOGO DESIGN
- ✓SEO SERVICES
- ✓TECHNICAL SUPPORT



ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।

+91-94640-83029
+91-95699-98747
Web Media Art
info@webmediaart.com
www.webmediaart.com

Personalized Service-Committed To Quality

Solutions Financial
Mortgage Company

Purchase & Refinance
Your Home Loans



ਆਪਣਾ ਘਰ ਖਰੀਦਣ ਜਾਂ ਘਰ ਉਪਰ ਲੋਨ
ਰੀਫਾਇਨਾਂਸ ਕਰਾਉਣ ਲਈ ਸੰਪਰਕ ਕਰੋ

Cell 312-608-0006

1701 E. Lake Avenue #280,
Glenview, IL 60025- Office: 847-834-0100 Fax: 847-834-0106

AMRIK P. SINGH
Mortgage Loan Originator
NMLS # 232904

Illinois Residential Mortgage Licensee.

Email: asingh@solutionsfn.com
Web: www.solutionsfn.com

ਧਾਰਮਿਕ ਅਜ਼ਾਦੀਆਂ ਦੇ ਪਹਿਰੇਦਾਰ ਸਿੱਖ ਧਰਮ ਦੇ 6ਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੀ ਇਤਿਹਾਸਕ ਦੇਣ
ਮੁਗਲ ਬਾਦਸ਼ਾਹ ਵਲੋਂ ਕਿਲ੍ਹੇ 'ਚ ਕੈਦ ਕੀਤੇ 52 ਹਿੰਦੂ ਰਾਜਿਆਂ ਦੀ ਬਿਨਾਂ ਸ਼ਰਤ ਮੁਕਤੀ

# ਸਿੱਖ ਰਿਲੀਜੀਅਸ ਸੁਸਾਇਟੀ, ਗੁਰਦੁਆਰਾ ਸਾਹਿਬ ਪੈਲਾਟਾਈਨ

**1280 WINNETKA ST. PALATINE IL 60067, Contact : (847) 358-1117**

## ਬੰਦੀ ਛੋੜ ਦਿਵਸ ਦੀਆਂ ਲੱਖ ਲੱਖ ਵਧਾਈਆਂ

ਪੈਲਾਟਾਇਨ ਗੁਰਦੁਆਰਾ ਸਾਹਿਬ ਵਿਖੇ ਸਿੱਖ ਰਿਲੀਜੀਅਸ ਸੁਸਾਇਟੀ ਵੱਲੋਂ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ 1 ਫੱਗਣ ੫੪੯ (12 ਫਰਵਰੀ, 2018) ਦਿਨ ਸੋਮਵਾਰ ਨੂੰ ਬੰਦੀ ਛੋੜ ਦਿਵਸ ਮਨਾਇਆ ਜਾ ਰਿਹਾ ਹੈ। ਪ੍ਰਬੰਧਕਾਂ ਵੱਲੋਂ ਸ਼ਿਕਾਗੋ ਦੀਆਂ ਸਮੂਹ ਸਿੱਖ ਸੰਗਤਾਂ ਨੂੰ ਵੱਧ ਤੋਂ ਵੱਧ ਹਾਜ਼ਰੀਆਂ ਭਰਨ ਦੀ ਸਨਿਮਰ ਬੇਨਤੀ ਕੀਤੀ ਜਾਂਦੀ ਹੈ। ਛੇਵੇਂ ਪਾਤਿਸ਼ਾਹ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਗਵਾਲੀਅਰ ਦੇ ਕਿਲ੍ਹੇ ਵਿਚੋਂ ਰਿਹਾਈ ਹੋਣ ਤੇ ਸੰਗਤਾਂ ਵੱਲੋਂ ਖ਼ੁਸ਼ੀਆਂ ਮਨਾਈਆਂ ਗਈਆਂ ਸਨ। ਗੁਰੂ ਸਾਹਿਬ ਨੇ ਆਪਣੇ ਨਾਲ ਕਿਲੇ ਵਿਚੋਂ 52 ਹਿੰਦੂ ਰਾਜਿਆਂ ਦੀ ਵੀ ਰਿਹਾਈ ਕਰਵਾਈ ਸੀ।



ਸੋਮਵਾਰ 12 ਫਰਵਰੀ, 2018 ਨੂੰ ਸ਼ਾਮ 6:00 ਵਜੇ ਤੋਂ 8:30 ਵਜੇ ਤੱਕ ਸ਼ਬਦ ਕੀਰਤਨ ਦੇ ਵਿਸ਼ੇਸ਼ ਦੀਵਾਨ ਸਜਾਏ ਜਾਣਗੇ ਜਿਸ ਵਿਚ ਗੁਰਦੁਆਰਾ ਸਾਹਿਬ ਹੈਡ ਗ੍ਰੰਥੀ ਭਾਈ ਪਰਮਿੰਦਰਜੀਤ ਸਿੰਘ ਤੇ ਕੀਰਤਨੀ ਜਥਾ ਭਾਈ ਰਾਜਿੰਦਰ ਸਿੰਘ ਜਲੰਧਰ ਵਾਲਿਆਂ ਦਾ ਜਥਾ ਹਾਜਰੀ ਭਰੇਗਾ। ਐਤਵਾਰ 18 ਫਰਵਰੀ, 2018 ਨੂੰ ਵੀ ਬੰਦੀ ਛੋੜ ਦਿਵਸ ਸਬੰਧੀ ਸਵੇਰੇ 9:00 ਵਜੇ ਤੋਂ 1:30 ਵਜੇ ਤੱਕ ਦੀਵਾਨ ਸਜਾਏ ਜਾਣਗੇ। ਇਸ ਦੇ ਨਾਲ ਹੀ 12 ਫਰਵਰੀ ਨੂੰ ਦਮਦਮੀ ਟਕਸਾਲ ਦੇ 14ਵੇਂ ਮੁੱਖੀ ਸ਼ਹੀਦ ਸੰਤ ਬਾਬਾ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਜਨਮ ਦਿਨ ਮਨਾਇਆ ਜਾਵੇਗਾ।

SIKH Religious Society
PALATINE GURDWARA

**ਦਾਸਰੇ : ਸਮੂਹ ਸੇਵਾਦਾਰ ਗੁਰਦੁਆਰਾ ਸਾਹਿਬ ਪੈਲਾਟਾਈਨ**

**1280 Winnetka Street, Palatine, IL 60067 Ph: (847) 358-1117**

Website: www.srschicago.org Email: contactus@srschicago.org

---

CHAAT BHAVAN RESTAURANT

# CHAAT BHAVAN®

**Best Name for Indian Vegetarian Food**

DINE IN • TAKE OUT • CATERING • DELIVERY



ਵਿਆਹ ਸ਼ਾਦੀ,
ਬਰਥ ਡੇ ਪਾਰਟੀ,
ਐਨਵਰਸਰੀ ਜਾਂ ਹੋਰ
ਕਿਸੇ ਵੀ ਕਿਸਮ ਦੀ
ਕੇਟਰਿੰਗ ਲਈ ਸਦਾ
ਸਾਨੂੰ ਯਾਦ ਰੱਖੋ।

FOR CATERING INQUIRIES:
**408.472.0229**

*Catering*

**FULL SERVICE CATERING FOR YOUR SPECIAL EVENT**

from 50 to upto 10,000 guests.

*Setup a Tasting Appointment Today!*

| 5355 MOWRY AVENUE • FREMONT | 976 E. EL CAMINO REAL • SUNNYVALE | 4112 GRAFTON ST • DUBLIN |
|---|---|---|
| 510.795.1100 | 408.795.1100 | 925.829.1700 |

**WWW.CHAATBHAVAN.COM**


Watch Your Favorite Channel
FREE PREVIEW
jus punjabi
AJJ DA MUDDA
Daily Dose
KHIDI DUPEHAR
PRIME TIME NEWS
Kitty Party
Sadde Jalwe
AMERICAN VISION
FIRELINE
Ithaas De Panne
The 1st American-Punjabi Television Channel
WATCH jus punjabi ON CHANNEL 736 ON
dish | sling TELEVISION
for advertisement & more information call: +1-718-752-9290 x 202
www.jusbroadcasting.com


TRANS-ALLIANCE
TOGETHER WE SAVE
SAVE UPTO 24¢
PER GALLON ON DIESEL
TRANS-ALLIANCE
KHALSA FUEL CARD
1243 6756 7698 3421
TRANS EXPRESS
FUEL CARD
Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.
FACTORING
Fleet One introduces aggressive factoring program for Trans-Alliance members. We can beat any price to get your piece of business.
ਪੰਜਾਬੀ ਵਿਚ ਜਾਣਕਾਰੀ ਲਈ 1.855.641.6955
888.795.7035
sales@trans-alliance.com
www.trans-alliance.com
PETRO
Stopping Centers
TA
TravelCenters of America
Loves
Travel Stops & Country Stores

# ਸਿੱਖਾਂ ਦੀ ਆਜ਼ਾਦ ਹਸਤੀ ਨੂੰ ਦਬਾਉਣ ਲਈ ਜਗਤਾਰ ਜੌਹਲ ਨੂੰ ਹਿਰਾਸਤ ਵਿਚ ਲਿਆ

## • ਅਦਾਲਤਾਂ ਦੇ ਜੱਜ ਵੀ ਹਿੰਦੂਤਵੀ ਤਾਕਤਾਂ ਦੇ ਗੁਲਾਮ • ਦਿੱਲੀ ਸਰਕਾਰ ਘੱਟ ਗਿਣਤੀਆਂ ਨੂੰ ਦੇਣਾ ਚਾਹੁੰਦੀ ਹੈ ਮੁੱਖਧਾਰਾ' ਵਿਚ ਗੋਤੇ

**ਸ਼ਿਕਾਗੋ/ਬਿਊਰੋ ਨਿਊਜ਼:** ਅਮਰੀਕੀ ਸਿੱਖ ਕੌਂਸਲ ਨੇ ਮਨੁੱਖੀ ਅਧਿਕਾਰ ਕਾਰਕੁਨ ਜਗਤਾਰ ਸਿੰਘ ਜੱਗੀ ਜੌਹਲ ਨੂੰ ਭਾਰਤ ਸਰਕਾਰ ਵੱਲੋਂ ਇੱਕ ਸ਼ੱਕੀ ਅਤਿਵਾਦੀ ਦੇ ਤੌਰ 'ਤੇ ਗੈਰ ਕਾਨੂੰਨੀ ਵਿਰਾਸਤ ਵਿਚ ਰੱਖਣ 'ਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਟਾਈਮਜ਼ ਆਫ ਇੰਡੀਆ ਦੀ ਇਕ ਰਿਪੋਰਟ ਅਨੁਸਾਰ ਜੱਗੀ ਨੂੰ ਕਾਨੂੰਨੀ ਦਾਅ ਪੇਚਾਂ ਦੀ ਆੜ ਹੇਠ ਗੈਰ ਕਾਨੂੰਨੀ ਹਿਰਾਸਤ ਵਿਚ ਰੱਖਿਆ ਜਾ ਰਿਹਾ ਹੈ ਤਾਂ ਜੋ ਉਸ ਤੇ ਹੋਰ ਤਸ਼ੱਦਦ ਕਰਕੇ ਉਸ ਤੋਂ ਕੁੱਝ ਹੋਰ ਜਾਣਕਾਰੀ ਪ੍ਰਾਪਤ ਕੀਤੀ ਜਾ ਸਕੇ। ਰਿਪੋਰਟ ਵਿਚ ਦੱਸਿਆ ਗਿਆ ਕਿ ਭਾਰਤ ਸਰਕਾਰ ਪੰਜਾਬ ਵਿਚ ਸਿੱਖਾਂ ਨੂੰ ਦਬਾਉਣ ਲਈ ਹਰ ਹੀਲਾ ਵਰਤ ਰਹੀ ਹੈ। ਪੰਜਾਬ ਦੁਨੀਆ ਵਿਚ ਸਭ ਤੋਂ ਵੱਧ ਸ਼ਰਾਬ ਦੀ ਵਰਤੋਂ ਕਰਨ ਵਾਲਾ ਸੂਬਾ ਹੈ। ਸਾਰੀ ਕੌਮਾਂਤਰੀ ਸਰਹੱਦ 'ਤੇ ਤਾਰ ਲੱਗੀ ਹੋਈ ਹੈ। ਸੂਬੇ ਦੀ 15 ਤੋਂ 45 ਸਾਲ ਦੀ ਉਮਰ ਦੇ 74.5 ਫੀਸਦੀ ਬੰਦੇ ਨਸ਼ੇ ਕਰਦੇ ਹਨ। ਪੰਜਾਬ ਵਿਚ ਬਾਕੀ ਦੇਸ਼ ਦੇ ਮੁਕਾਬਲੇ ਸਭ ਤੋਂ ਵੱਧ ਕੈਂਸਰ ਦੇ ਮਰੀਜ਼ ਹਨ। ਪਾਣੀ ਦਾ ਪੱਧਰ ਬਹੁਤ ਖਤਰਨਾਕ ਤੇਜ਼ੀ ਨਾਲ ਘਟਦਾ ਜਾ ਰਿਹਾ ਹੈ। ਸੂਬੇ ਵਿਚ ਅਣਜੰਮੀਆਂ ਕੁੜੀਆਂ ਨੂੰ ਮਾਰਨ ਦੀ ਦਰ ਸਭ ਤੋਂ ਜ਼ਿਆਦਾ ਹੈ। ਫੌਜ ਚੋਂ ਸਿੱਖਾਂ ਦਾ ਭਰਤੀ ਕੋਟਾ ਬਹੁਤ ਜ਼ਿਆਦਾ ਘਟਾ ਦਿੱਤਾ ਗਿਆ ਹੈ। 1947 ਤੋਂ ਲੈ ਕੇ ਹੁਣ ਤੱਕ ਕੇਂਦਰ ਸਰਕਾਰ ਨੇ ਸੂਬ ਦੇ ਬਿਜਲੀ ਤੇ ਪਾਣੀ 'ਤੇ ਵੱਡੇ ਪੱਧਰ 'ਤੇ ਡਾਕਾ ਮਾਰ ਕੇ ਹੋਰ ਰਾਜਾਂ ਨੂੰ ਦਿੱਤਾ ਹੈ। ਸਿੱਖ ਧਰਮ ਨੂੰ ਭਰਾਤੀ ਸੰਵਿਧਾਨ ਦੀ ਧਾਰਾ 25 ਬੀ ਅਨੁਸਾਰ ਹਾਲੇ ਵੀ ਹਿੰਦੂ ਹੀ ਮੰਨਿਆ ਜਾਂਦਾ ਹੈ। ਪੰਜਾਬ ਨਾਲ ਠੱਗੀਆਂ ਦੀ ਸੂਚੀ ਬਹੁਤ ਲੰਮੀ ਹੈ।

ਭਾਰਤ ਸਰਕਾਰ ਸਿੱਖਾਂ ਦੀ ਆਜ਼ਾਦ ਹਸਤੀ ਦੀ ਕਿਸੇ ਵੀ ਮੁਹਿੰਮ ਨੂੰ ਦਬਾਅ ਦੇਣਾ ਚਾਹੁੰਦੀ ਹੈ। ਜਗਤਾਰ ਸਿੰਘ ਜੱਗੀ ਜੌਹਲ ਇਸ ਦੀ ਇਕ ਮਿਸਾਲ ਹੈ ਕਿ ਸਰਕਾਰ ਪੂਰੀ ਦੁਨੀਆ ਵਿਚ ਸਿੱਖਾਂ ਨੂੰ ਇਹ ਦੱਸਣਾ ਚਾਹੁੰਦੀ ਹੈ ਕਿ ਜੇ ਉਹ ਸਿੱਖ ਹੱਕਾਂ ਜਾਂ ਮਨੁੱਖੀ ਹੱਕਾਂ ਬਾਰੇ ਬੋਲਣਗੇ ਤਾਂ ਉਨ੍ਹਾਂ ਨੂੰ ਇਸ ਦੀ ਕੀਮਤ ਚੁਕਾਉਣੀ ਪਵੇਗੀ। ਉਨ੍ਹਾਂ ਨੂੰ ਅਪਣੇ ਸਵੈਮਾਣ ਤੇ ਆਜ਼ਾਦੀ ਲਈ ਗੱਲ ਕਰਨ ਦਾ ਦੋਸ਼ੀ' ਮੰਨਿਆ ਜਾਵੇਗਾ। ਐਮਨੈਸਟੀ ਇੰਟਰਨੈਸ਼ਨਲ ਦੀ ਇਕ ਰੀਪੋਰਟ ਅਨੁਸਾਰ ਯੂ ਐਨ ਓ ਵੱਲੋਂ ਤਿੰਨ ਦਹਾਕੇ ਪਹਿਲਾਂ ਤਸ਼ੱਦਦ ਰੋਕਣ ਬਾਰੇ ਕੀਤੀ ਗਈ ਕਨਵੈਨਸ਼ਨ ਤੋਂ ਬਾਅਦ ਵੀ 141 ਦੇਸ਼ਾਂ ਵਿਚ ਆਮ ਲੋਕਾਂ 'ਤੇ ਹਿਰਾਸਤ ਵਿਚ ਤਸ਼ੱਦਦ ਕੀਤਾ ਜਾਂਦਾ ਹੈ, ਇਨ੍ਹਾਂ ਵਿਚੋਂ ਬਹੁਤੇ ਉਹ ਮੁਲਕ ਨੇ ਜਿਨ੍ਹਾਂ ਨੇ ਉਸ ਕਨਵੈਨਸ਼ਨ ਵਲੋਂ ਪਾਸ ਕੀਤੇ ਉਤੇ ਦਸਤਖ਼ਤ ਕੀਤੇ ਸਨ।



ਭਾਰਤ ਵਿਚ ਹਾਲੇ ਵੀ ਹਿਰਾਸਤ ਵਿਚ ਆਮ ਲੋਕਾਂ 'ਤੇ ਮਧਯੁੱਗੀ ਤਸ਼ੱਦਦ ਕੀਤਾ ਜਾਂਦਾ ਹੈ, ਜਿਸ ਵਿਚ ਬਿਜਲੀ ਦੇ ਝਟਕੇ ਦੇਣਾ, ਅੱਗ ਨਾਲ ਸਾੜਨਾ, ਤੱਤਾ ਜਾਂ ਠੰਢਾ ਪਾਣੀ ਪਾਉਣਾ, ਮਾਸ 'ਚ ਮਿਰਚਾਂ ਪਾਉਣੀਆਂ, ਨਹੁੰ ਖਿੱਚਣੇ ਵਰਗੇ ਜੁਸ਼ਾਮਲ ਹਨ। ਹੋਏ ਹੈਰਾਨੀ ਵਾਲੀ ਗੱਲ ਹੈ ਕਿ ਅਪਣੇ ਆਮ ਨੂੰ ਮਨੁੱਖੀ ਅਧਿਕਾਰਾਂ ਦਾ ਮੁਦਈ ਅਖ਼ਵਾਉਂਦੇ ਭਾਰਤ ਨੇ ਤਸ਼ੱਦਦ ਵਿਰੋਧੀ ਕਨਵੈਨਸ਼ਨ ਦੇ ਮਤੇ ਉਤੇ ਦਸਤਖਤ ਨਹੀਂ ਕੀਤੇ।

ਭਾਰਤ ਨੇ ਸਿੱਖਾਂ 'ਤੇ ਹੋਰ ਜ਼ੁਲਮ ਢਾਹੁਣ ਲਈ 1985 ਵਿਚ ਅੱਤਵਾਦ ਨੂੰ ਰੋਕਣ ਦੇ ਨਾਂ 'ਤੇ ਟਾਡਾ ਨਾਂ ਦਾ ਕਾਨੂੰਨ ਲਿਆਂਦਾ ਸੀ। ਇਸ ਤਰ੍ਹਾਂ ਦਾ ਇਕ ਹੋਰ ਕਾਨੂੰਨ ਪੋਟਾ ਦੇ ਨਾਂ ਹੇਠ 2002 ਵਿਚ ਲਿਆਂਦਾ ਗਿਆ ਸੀ। ਇਨ੍ਹਾਂ ਕਾਨੂੰਨਾਂ ਤਹਿਤ ਸੈਂਕੜੇ ਹੀ ਮਨੁੱਖੀ ਹੱਕਾਂ ਦੇ ਕਾਰਕੁਨਾਂ, ਘੱਟ ਗਿਣਤੀ ਸਿੱਖਾਂ, ਮੁਸਲਮਾਨਾਂ, ਦਲਿਤਾਂ ਨੂੰ ਨਜਾਇਜ਼ ਹਿਰਾਸਤ ਵਿਚ ਰੱਖ ਕੇ ਤਸ਼ੱਦਦ ਢਾਹਿਆ ਗਿਆ।

ਭਾਰਤ ਵਿਚ ਅਦਾਲਤਾਂ ਬਹੁਤੀਆਂ ਕਰਕੇ ਕਾਨੂੰਨ ਘਾੜਿਆਂ ਦੀਆਂ ਗੁਲਾਮ ਹਨ। ਜੱਜ ਮੁਕੰਮਲ ਤੌਰ 'ਤੇ ਹਿੰਦੂਤਵੀ ਤਾਕਤਾਂ ਦੇ ਗੁਲਾਮ ਹਨ। ਵਿਰਲਾ ਹੀ ਕੋਈ ਜੱਜ ਹੋਵੇਗਾ ਜੋ ਇਮਾਨਦਾਰੀ ਨਾਲ ਇਹ ਕਹਿ ਸਕਦਾ ਹੈ ਕਿ ਉਹ ਬਿਨਾਂ ਕਿਸੇ ਹਿੰਦੂਤਵੀ ਤਾਕਤ ਦੇ ਦਬਾਅ ਤੋਂ ਆਪਣੀ ਡਿਊਟੀ ਕਰ ਰਿਹਾ ਹੈ। ਅਜਿਹੇ ਹਾਲਤ ਵਿਚ ਤਾਂ ਰੱਬ' ਨੂੰ ਵੀ ਭਾਰਤ ਵਿਚ ਇਨਸਾਫ ਨਹੀਂ ਮਿਲ ਸਕਦਾ।

ਜੱਗੀ ਨੂੰ ਭਾਰਤੀ ਕਾਨੂੰਨਾਂ ਵਾਲੇ ਦਾਅ ਪੇਚਾਂ ਵਿਚ ਉਲਝਾਇਆ ਜਾ ਰਿਹਾ ਹੈ। ਆਮ ਕਰਕੇ ਅਦਾਲਤਾਂ ਵਿਚ ਅਜਿਹੇ ਕੇਸਾਂ ਵਿਚ 15 ਸਾਲ ਲਗ ਜਾਣੇ ਮਾਮੂਲੀ ਗੱਲ ਹੈ। ਅੱਗੇ ਇਨਸਾਫ ਦਾ ਵੀ ਕੋਈ ਸਿਸਟਮ ਨਹੀਂ ਜਿੱਥੇ ਇਕ ਵੀ ਜੱਜ ਸ਼ੱਕੀ ਦੋਸ਼ੀ ਦੀ ਕਿਸਮਤ ਦਾ ਫੈਸਲਾ ਨਹੀਂ ਕਰ ਸਕਦਾ। ਭਾਰਤ ਰਿਸ਼ਵਤਖੋਰੀ ਵਿਚ ਦੁਨੀਆ ਦੇ 176 ਦੇਸ਼ਾਂ ਚੋਂ 79ਵੇਂ ਨੰਬਰ 'ਤੇ ਆਉਂਦਾ ਹੈ। ਦੁਨੀਆ ਦਾ ਸਭ ਤੋਂ ਵੱਡਾ ਲੋਕਰਾਜ ਹੋਣ ਦਾ ਦਾਅਵਾ ਕਰਨ ਵਾਲਾ ਅਸਲ ਵਿਚ ਜੰਗਲ ਲੋਕਰਾਜ ਹੈ।

ਜ਼ਿਕਰਯੋਗ ਹੈ ਕਿ ਜਗਤਾਰ ਸਿੰਘ ਜੌਹਲ, ਜਿਹੜਾ ਕਿ ਗਲਾਸਗੋ, ਇੰਗਲੈਂਡ ਦਾ ਰਹਿਣ ਵਾਲਾ ਹੈ, ਉਹ ਪੰਜਾਬ ਛੁੱਟੀਆਂ ਮਨਾਉਣ ਗਿਆ ਸੀ। ਉਸ ਨੂੰ 4 ਨਵੰਬਰ ਨੂੰ ਸਾਦੇ ਕੱਪੜਿਆਂ ਵਾਲੀ ਪੁਲਿਸ ਨੇ ਜਲੰਧਰ ਵਿਚ ਪੁਲਿਸ ਹਿਰਾਸਤ ਵਿਚ ਲਿਆ ਸੀ ਜਦੋਂ ਉਹ ਆਪਣੀ ਨਵੀਂ ਵਿਆਹੀ ਵਹੁਟੀ ਤੇ ਭਤੀਜੇ ਨਾਲ ਬਜ਼ਾਰ ਵਿਚ ਖਰੀਦਦਾਰੀ ਕਰ ਰਿਹਾ ਸੀ। ਭਾਰਤੀ ਅਧਿਕਾਰੀਆਂ ਅਨੁਸਾਰ ਉਸ ਦਾ ਦੋਸ਼ ਇਹ ਹੈ ਕਿ ਉਹ ਇੰਗਲੈਂਡ ਵਿਚ ਇਕ ਮੈਗਜ਼ੀਨ ਚਲਾ ਰਿਹਾ ਹੈ ਜੋ ਕਿ ਸਿੱਖਾਂ ਦੀ ਨਸਲਕੁਸ਼ੀ ਬਾਰੇ ਲੇਖ ਛਾਪਦਾ ਹੈ ਤੇ ਉਹ ਸੋਸ਼ਲ ਮੀਡੀਏ 'ਤੇ ਨੌਜਵਾਨਾਂ ਨੂੰ ਭੜਕਾ ਰਿਹਾ ਹੈ।

ਜਗਤਾਰ ਸਿੰਘ ਜੌਹਲ 'ਨੈਵਰਫਾਰਗੈਟ 84' ਨਾਂ ਦੀ ਵੈਬਸਾਈਟ ਚਲਾ ਰਿਹਾ ਹੈ ਜੋ ਕਿ ਪੰਜਾਬ ਵਿਚ ਸਿੱਖਾਂ ਦੇ ਜਾਂ ਕਿ ਹੋਰ ਕਿਤੇ ਵੀ ਹੋਈ ਮਨੁੱਖੀ ਹੱਕਾਂ ਦੀ ਉਲੰਘਣਾ ਦੀ ਗੱਲ ਕਰਦੀ ਹੈ। ਇਸ ਵੈਬਸਾਈਟ 'ਤੇ ਅਜਿਹਾ ਕੁੱਝ ਵੀ ਨਹੀਂ ਜੋ ਕਿਸੇ ਨੂੰ ਭੜਕਾਉਂਦਾ ਹੋਵੇ। ਇਸ ਤਰ੍ਹਾਂ ਦੀਆਂ ਵੈਬਸਾਈਟਾਂ ਬਹੁਤ ਸਾਰੇ ਪ੍ਰਵਾਸੀਆਂ ਵੱਲੋਂ ਚਲਾਈਆ ਜਾ ਰਹੀਆਂ ਹਨ ਜੋ ਕਿ 1984 ਤੋਂ ਲੈ ਕੇ 1998 ਤੱਕ ਸਿੱਖਾਂ ਨਾਲ ਹੋਏ ਧੱਕਿਆਂ ਦੀ ਗੱਲ ਕਰਦੀਆਂ ਹਨ। ਭਾਰਤ ਸਰਕਾਰ ਤੇ ਇਸ ਦੇ ਆਗੂ ਮੁੱਖਧਾਰਾ' ਨੂੰ ਪ੍ਰਣਾਏ ਹੋਏ ਹਨ, ਇਸ ਲਈ ਉਹ ਘੱਟ ਗਿਣਤੀਆਂ ਨੂੰ ਵੀ ਇਸੇ ਮੁੱਖਧਾਰਾ ਵਿਚ ਗੋਤੇ ਦੇਣਾ ਚਾਹੁੰਦੇ ਹਨ।

ਵਿਦੇਸ਼ ਮਾਮਲਿਆਂ ਦੇ ਸਕੱਤਰ ਫਿਔਨਾ ਹਾਈਸਲੋਪ ਦਾ ਕਹਿਣਾ ਹੈ ਕਿ ਸਕੌਟਿਸ਼ ਸਰਕਾਰ ਇਸ ਮਾਮਲੇ ਪ੍ਰਤੀ ਬਾਰੇ ਬੇਹੱਦ ਚਿੰਤਤ ਹੈ। ਜਗਤਾਰ ਸਿੰਘ ਜੌਹਲ ਨੂੰ ਛੱਡਿਆ ਜਾਣਾ ਚਾਹੀਦਾ ਜਿਸ ਨੂੰ ਇਕ ਸਾਜ਼ਿਸ਼ ਤਹਿਤ ਝੂਠੇ ਕੇਸ ਵਿਚ ਫਸਾਇਆ ਗਿਆ ਹੈ। ਅਮਰੀਕੀ ਸਿੱਖ ਕੌਂਸਲ ਨੇ ਭਾਰਤ ਤੋਂ ਬਾਹਰ ਸਾਰੀਆਂ ਗੁਰਦਵਾਰਾ ਕਮੇਟੀਆਂ ਨੂੰ ਕਿਹਾ ਕਿ ਉਹ ਭਾਰਤ ਸਰਕਾਰ ਦੇ ਨੁਮਾਇੰਦਿਆਂ ਨੂੰ ਆਪਣੀਆਂ ਸਟੇਜਾਂ ਤੋਂ ਨਾ ਬੋਲਣ ਦੇਣ।

# ਹਰਦਿਆਲ ਚੀਮਾ ਦੀ ਪੁਸਤਕ 'ਮੱਸਾ ਰੰਘੜ ਬੋਲ ਪਿਆ' ਦੇ ਸਮੀਖਿਆ ਸਮਾਰੋਹ ਮੌਕੇ ਵਿਚਾਰ ਵਟਾਂਦਰਾ



**ਸਿਆਟਲ/ਬਿਊਰੋ ਨਿਊਜ਼:** ਸਰਦਾਰ ਹਰਦਿਆਲ ਸਿੰਘ ਚੀਮਾ ਦੀ 10 ਵੀਂ ਪੁਸਤਕ "ਮੱਸਾ ਰੰਘੜ ਬੋਲ ਪਿਆ" ਦਾ ਸਮੀਖਿਆ ਸਮਾਰੋਹ ਲੰਘੇ ਐਤਵਾਰ ਆਬਰਨ ਵਾਸ਼ਿੰਗਟਨ ਲਾਇਬਰੇਰੀ ਵਿਖੇ ਕਰਵਾਇਆ ਗਿਆ। ਸਮਾਰੋਹ ਦੀ ਸ਼ੁਰੂਆਤ ਬਾਅਦ ਦੁਪਹਿਰ 1:00 ਵਜੇ ਸ.ਚੀਮਾ ਨੇ ਸਭ ਆਏ ਹੋਏ ਸਰੋਤਿਆਂ ਅਤੇ ਕਵੀਆਂ ਨੂੰ ਜੀ ਆਇਆ ਆਖ ਕੇ ਕੀਤੀ । ਇਸ ਸਮਾਰੋਹ ਵਿਚ ਜੋਅ ਐਂਡਰਸਨ, ਜਿਹੜੇ ਕਿੰਗ ਕਾਉਂਟੀ ਲਾਇਬ੍ਰੇਰੀ ਸਿਸਟਮ ਦੇ ਡਾਈਵਰਸਿਟੀ ਕੋ-ਆਰਡੀਨੇਟਰ, ਨੇ ਮੁੱਖ ਮਹਿਮਾਨ ਵਜੋਂ ਹਿੱਸਾ ਲਿਆ । ਇਸ ਮੌਕੇ ਬੋਲਦੇ ਹੋਏ ਜੋਅ ਐਂਡਰਸਨ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਲਾਇਬਰੇਰੀ ਦੇ ਹਾਲ 'ਚ ਪਹਿਲੀ ਵਾਰ ਪੰਜਾਬੀ ਭਾਈਚਾਰੇ ਦੇ ਸ਼ਾਇਰ ਹਰਦਿਆਲ ਸਿੰਘ ਚੀਮਾ ਦੀਆਂ ਪੁਸਤਕਾਂ ਦੀ ਸਮੀਖਿਆ ਦਾ ਸਮਾਗਮ ਹੋ ਰਿਹਾ ਹੈ। ਚੀਮਾ ਪਰਿਵਾਰ ਵਲੋਂ ਤੇ ਲਿਖਾਰੀ ਸਭਾ ਵਲੋਂ ਮੁੱਖ ਮਹਿਮਾਨ ਨੂੰ ਫੁੱਲਾਂ ਦਾ ਬੁੱਕਾ ਭੇਟ ਕੀਤਾ ਗਿਆ ਤੇ ਟਰਾਫ਼ੀ ਦੇ ਕੇ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਜੋਅ ਐਂਡਰਸਨ ਨੇ ਵੀ ਹਰਦਿਆਲ ਸਿੰਘ ਚੀਮਾ ਨੂੰ ਯਾਦਗਾਰੀ ਚਿੰਨ੍ਹ ਭੇਟ ਕੀਤਾ। ਇਸ ਮੌਕੇ ਹਰਦਿਆਲ ਸਿੰਘ ਚੀਮਾ ਦੀਆਂ ਪੁਸਤਕਾਂ ਬਾਰੇ ਸਾਇਰ ਅਵਤਾਰ ਸਿੰਘ ਆਦਮਪੁਰੀ, ਵਾਸਦੇਵ ਸਿੰਘ ਪਰਹਾਰ, ਕਰਨੈਲ ਕੈਲ, ਹਰਸ਼ਿੰਦਰ ਸਿੰਘ ਸੰਧੂ, ਡਾ. ਜੇ. ਬੀ. ਸਿੰਘ, ਇੰਦਰਜੀਤ ਸਿੰਘ ਬੱਲੋਵਾਲੀਆ ਵਲੋਂ ਪਰਚੇ ਪੜ੍ਹੇ ਗਏ। ਸਟੇਜ ਸਕੱਤਰ ਦੇ ਫਰਜ਼ ਲਿਖਾਰੀ ਸਭਾ ਦੇ ਜਨਰਲ ਸਕੱਤਰ ਅਮਰਜੀਤ ਸਿੰਘ ਤਰਸਿਕਾ ਨੇ ਨਿਭਾਏ। ਇਸ ਮੌਕੇ ਹੋਏ ਕਵੀ ਦਰਬਾਰ 'ਚ ਅਵਤਾਰ ਸਿੰਘ ਬਿਲਿੰਗ, ਪੰਜਾਬੀ ਲਿਖਾਰੀ ਸਭਾ ਦੀ ਪ੍ਰਧਾਨ ਮਨਜੀਤ ਕੌਰ ਗਿੱਲ ਤੇ ਸ਼ਿੰਗਾਰਾ ਸਿੰਘ ਸਿੱਧੂ ਨੇ ਅਪਣੀਆਂ ਰਚਨਾਵਾਂ ਸੁਣਾਈਆਂ।

# ਵਿਗੜ ਰਹੇ ਅਮਰੀਕਾ ਪਾਕਿਸਤਾਨ ਸਬੰਧਾਂ ਨੂੰ ਸੁਧਾਰਨ ਉਤੇ ਜੋਰ

### *ਪਾਕਿਸਤਾਨੀ ਅਮਰੀਕਨ ਸੋਸਾਇਟੀ ਆ.ਫ ਨਿਊਯਾਰਕ ਵੱਲੋਂ ਕਰਵਾਏ ਸੈਮੀਨਾਰ ਮੌਕੇ ਅਹਿਮ ਵਿਚਾਰਾਂ*

ਨਿਊਯਾਰਕ/ਹੁਸਨ ਲੜੋਆ ਬੰਗਾ: ਇਸ ਸਾਲ ਦੇ ਸ਼ੁਰੂ ਹੁੰਦਿਆਂ ਹੀ ਜਦੋਂ ਅਮਰੀਕਾ ਦੇ ਪ੍ਰਧਾਨ ਡੌਨਲਡ ਟਰੰਪ ਨੇ ਪਾਕਿਸਤਾਨ ਨੂੰ ਦਿੱਤੀ ਜਾਂਦੀ ਵਿੱਤੀ ਸਹਾਇਤਾ ਤੇ ਰੋਕ ਲਗਾ ਦਿੱਤੀ ਤਾਂ ਅਮਰੀਕਾ-ਪਾਕਿਸਤਾਨ ਸਬੰਧਾਂ ਵਿਚ ਬਣ ਰਹੀਆਂ ਦੂਰੀਆਂ ਨੇ ਵੱਖਰਾ ਰੂਪ ਲੈ ਲਿਆ। ਪਾਕਿਸਤਾਨੀ ਅਮਰੀਕਨ ਸੋਸਾਇਟੀ ਆਫ਼ ਨਿਊਯਾਰਕ (ਪਾਸਨੀ) ਵੱਲੋਂ ਅਮਰੀਕਾ-ਪਾਕਿਸਤਾਨ ਸਬੰਧਾਂ ਵਿਚ ਆਏ ਤਣਾਅ ਦੇ ਦੂਰਗਾਮੀ ਪ੍ਰਭਾਵ ਅਤੇ ਦੋਹਾਂ ਦੇਸ਼ਾਂ ਦੀ ਦਹਾਕਿਆਂ ਦੀ ਆਪਸੀ ਸਾਂਝ ਨੂੰ ਦੇਖਦਿਆਂ ਇਨ੍ਹਾਂ ਰਿਸ਼ਤਿਆਂ ਨੂੰ ਸੁਧਾਰਨ ਦੇ ਮੰਤਵ ਨਾਲ ਸਫਕ ਕਾਉਂਟੀ ਵਿਚ ਸਥਿਤ ਰੈਡੀਸਨ ਹੋਟਲ ਵਿਖੇ ਇਕ ਸੈਮੀਨਾਰ ਕਰਵਾਇਆ ਗਿਆ ਜਿਸ ਵਿਚ ਕਾਂਗਰਸਮੈਨ ਟੌਮ ਸਾਉਜ਼ੀ ਨੇ ਖਾਸ ਤੌਰ ਸ਼ਮੂਲੀਅਤ ਕੀਤੀ। ਲਗਭਗ ਤਿੰਨ ਘੰਟੇ ਚੱਲੇ ਇਸ ਸੈਮੀਨਾਰ ਦੀ ਕਾਰਵਾਈ ਅੰਗਰੇਜ਼ੀ ਵਿਚ ਸੀ। ਜਿੱਥੇ ਅਮਰੀਕਾ- ਪਾਕਿਸਤਾਨ ਰਿਸ਼ਤਿਆਂ ਦੇ ਤਾਰ ਅਫਗਾਨਿਸਤਾਨ ਨਾਲ ਜੁੜੇ ਹੋਏ ਹਨ ਉੱਥੇ ਦੱਖਣੀ ਏਸ਼ੀਆ ਖਿਤੇ ਵਿਚ ਸਿੱਖ ਕੌਮ ਦੀ ਅਹਿਮੀਅਤ ਨੂੰ ਸਮਝਦਿਆਂ ਪਾਸਨੀ ਵੱਲੋਂ ਸਿੱਖ ਵਫਦ ਨੂੰ ਵੀ ਸੱਦਾ ਦਿੱਤਾ ਗਿਆ ਸੀ, ਜਿਸ ਦੀ ਅਗਵਾਈ ਖਾਲਿਸਤਾਨ ਅਫੇਅਰਜ਼ ਸੈਂਟਰ ਦੇ ਸੰਚਾਲਕ ਡਾ. ਅਮਰਜੀਤ ਸਿੰਘ ਨੇ ਕੀਤੀ। ਸੈਮੀਨਾਰ ਵਿਚ ਪਹੁੰਚੇ ਬੁਲਾਰਿਆਂ ਵੱਲੋਂ ਜਿੱਥੇ ਪਾਕਿਸਤਾਨ ਅਤੇ ਅਮਰੀਕਾ ਦੀ ਇਤਿਹਾਸਕ ਸਾਂਝ ਦਾ ਹਵਾਲਾ ਦਿੱਤਾ ਗਿਆ ਉੱਥੇ ਇਹ ਗੱਲ ਵੀ ਜ਼ੋਰ ਦੇ ਕੇ ਕਹੀ ਗਈ ਅਫਗਾਨਿਸਤਾਨ ਜੰਗ ਵਿਚ ਪਾਕਿਸਤਾਨ ਨੇ ਅਮਰੀਕਾ ਦਾ ਪੂਰਨ ਤੌਰ ਤੇ ਸਾਥ ਦਿੱਤਾ ਹੈ ਅਤੇ ਹੁਣ ਅਮਰੀਕਾ ਨੂੰ ਪਾਕਿਸਤਾਨ ਪ੍ਰਤੀ ਹੀਣਤਾ ਦਾ ਰਵੱਈਆ ਨਹੀਂ ਅਪਨਾਉਣਾ ਚਾਹੀਦਾ ਸਗੋਂ ਇਸ ਸਾਂਝ ਨੂੰ ਅੱਗੇ ਤੋਰਨ ਵੱਲ ਧਿਆਨ ਕੇਂਦਰਿਤ ਕਰਨ ਚਾਹੀਦਾ ਹੈ। ਪਾਕਿਸਤਾਨ ਨੇ ਅੱਤਵਾਦ ਨਾਲ ਜੰਗ ਵਿਚ ਬਹੁਤ ਨੁਕਸਾਨ ਝੱਲਿਆ ਹੈ। ਡਾ. ਅਮਰਜੀਤ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਿੱਖ ਕੌਮ ਭਾਰਤ ਅਤੇ ਪਾਕਿਸਤਾਨ ਵਿਚਕਾਰ ਬੈਠੀ ਹੈ। ਦੱਖਣੀ ਏਸ਼ੀਆ ਦੇ ਖਿੱਤੇ ਵਿਚ ਸ਼ਾਂਤੀ ਬਹਾਲ ਕਰਨ ਲਈ ਇਹ ਜ਼ਰੂਰੀ ਹੈ ਕਿ ਦੋਹਾਂ ਦੇਸ਼ਾਂ ਵਿਚ ਆਪਸੀ ਸਬੰਧ ਚੰਗੇ ਹੋਣ ਪਰ ਪਿਛੋਕੜ ਨੂੰ ਦੇਖਦਿਆਂ ਇਹ ਸੰਭਵ ਨਹੀਂ। ਕਾਂਗਰਸਮੈਨ ਟੌਮ ਸਾਉਜ਼ੀ ਨੇ ਕਿਹਾ ਕਿ ਉਹ ਮੁਸਲਮਾਨ ਸਿੱਖਾਂ ਅਤੇ ਹੋਰ ਘੱਟ ਗਿਣਤੀ ਕੌਮਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜੇ ਹਨ ਅਤੇ ਇਸ ਗੱਲ ਦੀ ਹਾਮੀ ਭਰਦੇ ਹਨ ਕਿ ਸਾਨੂੰ ਇਕੱਠੇ ਹੋ ਕਿ ਆਪਸੀ ਸਾਂਝ ਨਾਲ ਮਸਲਿਆਂ ਦਾ ਹੱਲ ਲੱਭਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨੀ ਅਮਰੀਕਨਾਂ ਅਤੇ ਸਿੱਖਾਂ ਨਾਲ ਮੇਰੇ ਚੰਗੇ ਸਬੰਧ ਹਨ ਅਤੇ ਇਸ ਸਾਂਝ ਨੂੰ ਅਸੀਂ ਹੋਰ ਅੱਗੇ ਵਧਾਵਾਂਗੇ ਤਾਂ ਕਿ ਕਸ਼ਮੀਰ ਮਸਲੇ ਸਮੇਤ ਅਮਰੀਕਾ-ਪਾਕਿਸਤਾਨ ਰਿਸ਼ਤਿਆਂ ਨੂੰ ਸੁਧਾਰਨ ਲਈ ਅਸੀਂ ਇੱਥੇ ਬੈਠਿਆਂ ਆਪਣਾ ਬਣਦਾ ਯੋਗਦਾਨ ਪਾ ਸਕੀਏ। ਹੋਰ ਪਾਰਟੀਆਂ ਨਾਲ ਸਬੰਧਤ ਹੋਰ ਸਥਾਨਕ ਆਗੂਆਂ (ਅਸੈਂਬਲੀਮੈਨ ਫਿਲ ਰੈਮੋਸ, ਦੂਜੇ ਡਿਸਟ੍ਰਿਕਟ ਤੋਂ ਕਾਂਗਰਸ ਲਈ ਉਮੀਦਵਾਰ ਗਰੈਚਨ ਸ਼ਿਰਲੀ ਤੇ ਹੋਰਨਾਂ ਨੇ ਵੀ ਇਸ ਸੈਮੀਨਾਰ ਵਿਚ ਸ਼ਮੂਲੀਅਤ ਕੀਤੀ ਅਤੇ ਅਮਰੀਕੀ ਸਿਸਟਮ ਵਿਚ ਰਹਿੰਦਿਆਂ ਸਾਂਝੀਵਾਲਤਾ ਲਈ ਕੰਮ ਕਰਨ ਪ੍ਰਤੀ ਵਿਚਾਰਾਂ ਦੀ ਸਾਂਝ ਪਾਈ। ਸੈਮੀਨਾਰ ਦੌਰਾਨ ਸੰਬੋਧਨ ਕਰਨ ਵਾਲਿਆਂ ਵਿਚ ਪਾਸਨੀ ਦੇ ਸਾਬਕਾ ਚੇਅਰਮੈਨ ਸਾਜਿਦ ਸ਼ਾਹ, ਸਈਦ ਅਹਿਮਦ, ਮਕਬੂਲ ਮਲਿਕ, ਅਕੀਲ ਖਾਨ ਦੇ ਨਾਮ ਸ਼ਾਮਲ ਹਨ।

**ਦੱਖਣੀ ਏਸ਼ੀਆ 'ਚ ਸ਼ਾਂਤੀ ਲਈ ਭਾਰਤ-ਪਾਕਿ ਸਬੰਧਾਂ 'ਚ ਸੁਧਾਰ ਜ਼ਰੂਰੀ-ਡਾ.ਅਮਰਜੀਤ ਸਿਘ**


JESSIE TAX SERVICES

We Provide Comprehensive Tax Services



JASWANT S. JESSIE

Enrolled Agent (EA), NTPI Fellow

Specializing in:

- Comprehensive Tax Return Preparation (including international income)
- Individual & All Business Tax Returns (Multiple States)
- Creation of Partnership, LLC & Corporation
- F-BAR, OVDPI & Streamline Filings
- Book keeping, Payroll & Sales Tax
- Audit Representations to IRS, Franchise Tax Board, EDD & Sales Tax

1491 S. Wolfe Road, Sunnyvale, CA 94087 | By Appointment Only

Phone (408) 736-2451 | Fax (408) 736-8626

Email: jessie@jessietax.com

www.jessietax.com

# ਚੀਫ਼ ਖ਼ਾਲਸਾ ਦੀਵਾਨ ਦੇ ਜਨਰਲ ਹਾਊਸ ਵੱਲੋਂ ਚੱਢਾ ਨੂੰ ਮੁੱਢਲੀ ਮੈਂਬਰਸ਼ਿਪ ਤੋਂ ਖ਼ਾਰਜ ਕਰਨ ਮੌਕੇ ਰੌਲਾ-ਰੱਪਾ ਪੈਣ ਕਾਰਨ ਪਾਠ ਦੀ ਬੇਅਦਬੀ

**ਅੰਮ੍ਰਿਤਸਰ/ਬਿਊਰੋ ਨਿਊਜ਼:**
ਇਤਰਾਜ਼ਯੋਗ ਵੀਡੀਓ ਮਾਮਲੇ ਕਾਰਨ ਵਿਵਾਦਾਂ ਵਿੱਚ ਘਿਰੇ ਚਰਨਜੀਤ ਸਿੰਘ ਚੱਢਾ ਨੂੰ ਅੱਜ ਚੀਫ਼ ਖ਼ਾਲਸਾ ਦੀਵਾਨ ਦੇ ਜਨਰਲ ਹਾਊਸ ਦੀ ਮੀਟਿੰਗ ਵਿੱਚ ਸੰਸਥਾ ਦੇ ਸੰਵਿਧਾਨ ਮੁਤਾਬਕ ਪ੍ਰਧਾਨਗੀ ਅਤੇ ਮੁੱਢਲੀ ਮੈਂਬਰਸ਼ਿਪ ਤੋਂ ਖ਼ਾਰਜ ਕਰ ਦਿੱਤਾ ਗਿਆ ਹੈ। ਇਸ ਮੌਕੇ ਪੁਰਾਣੇ ਕੱਢੇ ਗਏ ਤਿੰਨ ਮੈਂਬਰਾਂ ਦੀ ਵਾਪਸੀ ਸਬੰਧੀ ਰੌਲਾ-ਰੱਪਾ ਪਿਆ ਅਤੇ ਚੱਲ ਰਹੇ ਗੁਰਬਾਣੀ ਦੇ ਪਾਠ ਦਾ ਨਿਰਾਦਰ ਵੀ ਹੋਇਆ।

ਮੰਗਲਵਾਰ ਨੂੰ ਜਨਰਲ ਹਾਊਸ ਦੀ ਮੀਟਿੰਗ ਚੀਫ਼ ਖ਼ਾਲਸਾ ਦੀਵਾਨ ਦੇ ਮੁੱਖ ਦਫ਼ਤਰ ਸਥਿਤ ਗੁਰਦੁਆਰੇ ਦੇ ਹਾਲ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਹੋਈ, ਜਿੱਥੇ ਦੀਵਾਨ ਦੇ ਆਨਰੇਰੀ ਸਕੱਤਰ ਨਰਿੰਦਰ ਸਿੰਘ ਖੁਰਾਣਾ ਨੇ ਮੀਟਿੰਗ ਦਾ ਏਜੰਡਾ ਪੇਸ਼ ਕੀਤਾ। ਦੀਵਾਨ ਦੇ ਕੁੱਲ 522 ਵਿੱਚੋਂ ਲਗਭਗ 200 ਮੈਂਬਰ ਮੀਟਿੰਗ ਵਿੱਚ ਹਾਜ਼ਰ ਸਨ। ਮੀਟਿੰਗ ਦੇ ਇੱਕ-ਨੁਕਾਤੀ ਏਜੰਡੇ ਤਹਿਤ ਚਰਨਜੀਤ ਸਿੰਘ ਚੱਢਾ ਵੱਲੋਂ ਦਿੱਤੇ ਅਸਤੀਫ਼ੇ ਦੀ ਪ੍ਰਵਾਨਗੀ ਅਤੇ ਦੀਵਾਨ ਵਿੱਚੋਂ ਉਸ ਦੀ ਮੁੱਢਲੀ ਮੈਂਬਰਸ਼ਿਪ ਖ਼ਤਮ ਕਰਨ ਦੀ ਸਿਫ਼ਾਰਸ਼ ਸ਼ਾਮਲ ਸੀ। ਜਿਵੇਂ ਹੀ ਇਹ ਮਤਾ ਪੇਸ਼ ਕੀਤਾ ਗਿਆ, ਮੈਂਬਰਾਂ ਨੇ ਸਰਬਸੰਮਤੀ ਨਾਲ ਪ੍ਰਵਾਨਗੀ ਦੇ ਦਿੱਤੀ। ਇਸ ਦੌਰਾਨ, ਚਰਨਜੀਤ ਸਿੰਘ ਚੱਢਾ ਦੇ ਪੁੱਤਰ ਇੰਦਰਪ੍ਰੀਤ ਸਿੰਘ ਚੱਢਾ, ਜਿਸ ਨੇ ਖ਼ੁਦ ਨੂੰ ਗੋਲੀ ਮਾਰ ਕੇ ਖ਼ੁਦਕੁਸ਼ੀ ਕਰ ਲਈ ਸੀ, ਸਬੰਧੀ ਸੋਗ ਮਤਾ ਪਾਸ ਕੀਤਾ ਗਿਆ। ਬਾਅਦ ਵਿੱਚ ਕਾਰਜਕਾਰੀ ਪ੍ਰਧਾਨ ਧਨਰਾਜ ਸਿੰਘ ਨੇ ਮੀਟਿੰਗ ਦੀ ਕਾਰਵਾਈ ਮੀਡੀਆ ਨਾਲ ਸਾਂਝੀ ਕਰਦਿਆਂ ਦੱਸਿਆ ਕਿ ਦੀਵਾਨ ਦੇ ਜਨਰਲ ਹਾਊਸ ਵੱਲੋਂ ਚਰਨਜੀਤ ਸਿੰਘ ਚੱਢਾ ਦੇ ਸਮੂਹ ਅਹੁਦੇ ਅਤੇ ਮੁੱਢਲੀ ਮੈਂਬਰਸ਼ਿਪ ਨੂੰ ਵਿਧਾਨਕ ਤੌਰ 'ਤੇ ਖ਼ਤਮ ਕਰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਮੀਟਿੰਗ ਦੀ ਕਾਰਵਾਈ ਸਬੰਧੀ ਰਿਪੋਰਟ ਅਕਾਲ ਤਖ਼ਤ ਦੇ ਜਥੇਦਾਰ ਨੂੰ ਭੇਜ ਦਿੱਤੀ ਜਾਵੇਗੀ। ਸੰਵਿਧਾਨ ਮੁਤਾਬਕ ਨਵੇਂ ਪ੍ਰਧਾਨ ਦੀ ਚੋਣ 60 ਦਿਨਾਂ ਵਿੱਚ ਕਰਾਉਣੀ ਲਾਜ਼ਮੀ ਹੈ। ਜਲਦੀ ਹੀ ਮੈਂਬਰਾਂ ਦੀ ਰਾਇ ਨਾਲ ਇਸ ਸਬੰਧੀ ਮੀਟਿੰਗ ਦੀ ਤਰੀਕ ਨਿਸ਼ਚਿਤ ਕੀਤੀ ਜਾਵੇਗੀ।


ਅੰਮ੍ਰਿਤਸਰ ਵਿੱਚ ਚੀਫ ਖਾਲਸਾ ਦੀਵਾਨ ਦੇ ਮੈਂਬਰ ਜਨਰਲ ਹਾਊਸ ਦੀ ਮੀਟਿੰਗ ਦੌਰਾਨ ਆਪਸ ਵਿੱਚ ਬਹਿਸਦੇ ਹੋਏ।

### ਜਨਰਲ ਹਾਊਸ ਮੀਟਿੰਗ 'ਚ ਰੌਲਾ ਰੱਪਾ

ਮੀਟਿੰਗ ਦੌਰਾਨ ਸਮਾਪਤੀ ਵੇਲੇ ਦੋ ਵਾਰ ਅਨੰਦ ਸਾਹਿਬ ਦਾ ਪਾਠ ਕਰਨਾ ਪਿਆ, ਜਿਸਨੂੰ ਪਾਠ ਦਾ ਨਿਰਾਦਰ ਕਰਾਰ ਦਿੱਤਾ ਗਿਆ ਹੈ। ਇਹ ਸਥਿਤੀ ਉਸ ਵੇਲੇ ਬਣੀ ਜਦੋਂ ਮੀਟਿੰਗ ਦੀ ਸਮਾਪਤੀ ਵੇਲੇ ਅਨੰਦ ਸਾਹਿਬ ਦਾ ਪਾਠ ਸ਼ੁਰੂ ਹੋਇਆ। ਇਸ ਦੌਰਾਨ ਕੁਝ ਮੈਂਬਰਾਂ ਨੇ ਵਿਰੋਧ ਪ੍ਰਗਟਾਉਂਦਿਆਂ ਕਿਹਾ ਕਿ ਉਨ੍ਹਾਂ ਨੂੰ ਆਪਣੇ ਵਿਚਾਰ ਪੇਸ਼ ਕਰਨ ਦਾ ਮੌਕਾ ਨਹੀਂ ਦਿੱਤਾ ਗਿਆ। ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਕਿਰਨਜੋਤ ਕੌਰ ਨੇ ਅਪੀਲ ਕੀਤੀ ਕਿ ਚੱਢਾ ਦੀ ਵਾਇਰਲ ਹੋਈ ਇਤਰਾਜ਼ਯੋਗ ਵੀਡੀਓ ਵਿੱਚ ਸ਼ਾਮਲ ਔਰਤ ਨੇ ਸ਼ੋਸ਼ਣ ਦੇ ਦੋਸ਼ ਲਾਏ ਹਨ। ਇਸ ਲਈ ਜ਼ਰੂਰੀ ਹੈ ਕਿ ਜਾਂਚ ਕਮੇਟੀ ਬਣਾਈ ਜਾਵੇ ਤਾਂ ਜੋ ਅਜਿਹੀਆਂ ਹੋਰ ਔਰਤਾਂ, ਜੋ ਸ਼ੋਸ਼ਣ ਦਾ ਸ਼ਿਕਾਰ ਹੋਈਆਂ ਹਨ, ਨੂੰ ਨਿਆਂ ਮਿਲ ਸਕੇ। ਇਸ ਦੌਰਾਨ ਭਾਗ ਸਿੰਘ ਅਣਖੀ ਧੜੇ ਨਾਲ ਜੁੜੇ ਦੋ ਮੈਂਬਰਾਂ ਨਿਰਮਲ ਸਿੰਘ ਅਤੇ ਜਸਪਾਲ ਸਿੰਘ ਸੰਧੂ ਨੇ ਮੰਗ ਰੱਖੀ ਕਿ ਮੀਟਿੰਗ ਵਿੱਚ ਪੁਰਾਣੇ ਤਿੰਨ ਕੱਢੇ ਹੋਏ ਮੈਂਬਰਾਂ- ਭਾਗ ਸਿੰਘ ਅਣਖੀ, ਡਾ. ਐੱਸ.ਐੱਚ. ਸੋਚ ਅਤੇ ਅਵਤਾਰ ਸਿੰਘ ਨੂੰ ਮੁੜ ਦੀਵਾਨ ਦਾ ਮੈਂਬਰ ਬਣਾਉਣ ਦਾ ਮਤਾ ਪਾਸ ਕੀਤਾ ਜਾਵੇ। ਕਾਬਜ਼ ਧਿਰ ਵੱਲੋਂ ਇਸ ਦਾ ਵਿਰੋਧ ਕੀਤਾ ਗਿਆ ਤੇ ਦਲੀਲ ਦਿੱਤੀ ਕਿ ਇਹ ਮੀਟਿੰਗ ਤਾਂ ਇੱਕ ਨੁਕਾਤੀ ਏਜੰਡੇ 'ਤੇ ਹੈ ਅਤੇ ਇਸ ਲਈ ਇਹ ਮਾਮਲਾ ਮੁੜ ਮੀਟਿੰਗ ਸੱਦ ਕੇ ਵਿਚਾਰਿਆ ਜਾਵੇਗਾ। ਦੂਜੀ ਧਿਰ ਦੇ ਬਜ਼ਿੱਦ ਹੋਣ ਕਾਰਨ ਰੌਲਾ-ਰੱਪਾ ਪਿਆ ਅਤੇ ਮਗਰੋਂ ਦੂਜੀ ਵਾਰ ਅਨੰਦ ਸਾਹਿਬ ਦਾ ਪਾਠ ਸ਼ੁਰੂ ਕੀਤਾ ਗਿਆ।

## ਲੋਕ ਭਲਾਈ ਇਨਸਾ.ਫ ਵੈੱਲਫੇਅਰ ਸੁਸਾਇਟੀ ਵਲੋਂ ਚੀ.ਫ ਖਾਲਸਾ ਦੀਵਾਨ ਦੇ ਮੁੱਖ ਦ.ਫਤਰ ਅੱਗੇ ਧਰਨਾ

**ਅੰਮ੍ਰਿਤਸਰ/ਬਿਊਰੋ ਨਿਊਜ਼:**
ਚੀਫ਼ ਖ਼ਾਲਸਾ ਦੀਵਾਨ ਦੇ ਮੁੱਖ ਦਫ਼ਤਰ ਦੇ ਬਾਹਰ ਉਸ ਵੇਲੇ ਮਾਹੌਲ ਤਣਾਅ ਵਾਲਾ ਹੋ ਗਿਆ ਜਦੋਂ ਨਾਂ ਦੀ ਜਥੇਬੰਦੀ ਵੱਲੋਂ ਇੱਥੇ ਧਰਨਾ ਦਿੱਤਾ ਗਿਆ। ਧਰਨਾਕਾਰੀ ਦੀਵਾਨ ਦੇ ਮੈਂਬਰਾਂ ਨੂੰ ਮਿਲ ਕੇ ਮੰਗ ਪੱਤਰ ਦੇਣਾ ਚਾਹੁੰਦੇ ਸਨ, ਪਰ ਇੱਥੇ ਤਾਇਨਾਤ ਪੁਲੀਸ ਨੇ ਉਨ੍ਹਾਂ ਨੂੰ ਅੰਦਰ ਨਾ ਜਾਣ ਦਿੱਤਾ।

ਜਥੇਬੰਦੀ ਦੇ ਮੁਖੀ ਬਲਦੇਵ ਸਿੰਘ ਸਿਰਸਾ ਦੀ ਅਗਵਾਈ ਹੇਠ ਦੀਵਾਨ ਦੇ ਮੁੱਖ ਗੇਟ ਦੇ ਬਾਹਰ ਧਰਨਾ ਦਿੱਤਾ ਗਿਆ। ਧਰਨਾਕਾਰੀਆਂ ਨੇ ਆਪਣੀ ਮੰਗ ਸਬੰਧੀ ਵੱਡਾ ਬੈਨਰ ਵੀ ਤਿਆਰ ਕੀਤਾ ਹੋਇਆ ਸੀ, ਜਿਸ ਉਪਰ ਚਰਨਜੀਤ ਸਿੰਘ ਚੱਢਾ ਅਤੇ ਉਸ ਵਰਗੇ ਹੋਰ ਮੈਂਬਰਾਂ ਨੂੰ ਦੀਵਾਨ ਵਿੱਚੋਂ ਹਟਾਉਣ ਦੀ ਮੰਗ ਦਾ ਜ਼ਿਕਰ ਸ਼ਾਮਲ ਸੀ।



ਚੀਫ ਖਾਲਸਾ ਦੀਵਾਨ ਦੇ ਮੁੱਖ ਦ.ਫਤਰ ਦੇ ਬਾਹਰ ਰੋਸ ਪ੍ਰਦਰਸ਼ਨ ਕਰਦੇ ਹੋਏ ਲੋਕ ਭਲਾਈ ਇਨਸਾਫ ਵੈੱਲਫੇਅਰ ਸੁਸਾਇਟੀ ਦੇ ਕਾਰਕੁਨ।

ਉਨ੍ਹਾਂ ਵੱਲੋਂ ਤਿਆਰ ਮੰਗ ਪੱਤਰ ਵਿੱਚ ਦੋਸ਼ ਲਾਇਆ ਗਿਆ ਹੈ ਕਿ ਚਰਨਜੀਤ ਸਿੰਘ ਚੱਢਾ ਦੀ ਇਤਰਾਜ਼ਯੋਗ ਵੀਡੀਓ ਵਾਇਰਲ ਹੋਣ ਤੋਂ ਬਾਅਦ ਸਮੁੱਚੀ ਸਿੱਖ ਕੌਮ ਨੂੰ ਸ਼ਰਮਿੰਦਗੀ ਦਾ ਸਾਹਮਣਾ ਕਰਨਾ ਪਿਆ ਹੈ। ਚੰਗੇ ਕਿਰਦਾਰ ਵਾਲੇ ਹਰ ਧਰਮ ਦੇ ਲੋਕਾਂ ਦੇ ਹਿਰਦੇ ਵਲੂੰਧਰੇ ਗਏ ਹਨ।

ਉਨ੍ਹਾਂ ਦੋਸ਼ ਲਾਇਆ ਕਿ ਚੱਢਾ ਅਤੇ ਉਸ ਦੇ ਸਾਥੀਆਂ ਵੱਲੋਂ ਇਸ ਚੈਰੀਟੇਬਲ ਸੰਸਥਾ ਨੂੰ ਵਪਾਰਕ ਅਦਾਰਾ ਬਣਾ ਦਿੱਤਾ ਗਿਆ ਅਤੇ ਆਪਣੇ ਨਿੱਜੀ ਹਿੱਤਾਂ ਤਹਿਤ ਤਿੰਨ ਵਾਰੀ ਸੰਵਿਧਾਨ ਵਿੱਚ ਬਦਲਾਅ ਕੀਤਾ ਗਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਇੱਥੇ ਪੜ੍ਹ ਰਹੇ ਵਿਦਿਆਰਥੀਆਂ ਅਤੇ ਮਾਪਿਆਂ ਦਾ ਵੀ ਵੱਧ ਫ਼ੀਸਾਂ ਅਤੇ ਹੋਰ ਖ਼ਰਚਿਆਂ ਰਾਹੀਂ ਸ਼ੋਸ਼ਣ ਕੀਤਾ ਗਿਆ ਹੈ। ਉਨ੍ਹਾਂ ਮੰਗ ਕੀਤੀ ਕਿ ਦੀਵਾਨ ਦੇ ਸਕੂਲਾਂ ਵਿੱਚ ਬੱਚਿਆਂ ਤੇ ਮਾਪਿਆਂ ਦੀ ਹੋ ਰਹੀ ਲੁੱਟ ਰੋਕੀ ਜਾਵੇ, ਜਿਸ ਤਹਿਤ ਗੈਰ-ਪ੍ਰਮਾਣਿਤ ਕਿਤਾਬਾਂ ਬੰਦ ਕੀਤੀਆਂ ਜਾਣ, ਹਰ ਸਾਲ ਮੁੜ ਦਾਖ਼ਲਾ ਫ਼ੀਸ ਲੈਣ ਦਾ ਰੁਝਾਨ ਖ਼ਤਮ ਹੋਵੇ ਅਤੇ ਸੰਸਥਾ ਦੇ ਪੁਰਾਣੇ ਸੰਵਿਧਾਨ ਮੁਤਾਬਕ 26 ਫ਼ੀਸਦੀ ਗ਼ਰੀਬ ਬੱਚਿਆਂ ਨੂੰ ਮੁਫ਼ਤ ਵਿੱਦਿਆ ਦੀ ਸਹੂਲਤ ਦਿੱਤੀ ਜਾਵੇ।

ਧਰਨਾਕਾਰੀਆਂ ਨੂੰ ਪੁਲੀਸ ਵੱਲੋਂ ਕੈਂਪਸ ਵਿੱਚ ਜਾਣ ਤੋਂ ਰੋਕਣ ਮਗਰੋਂ ਦੀਵਾਨ ਦੇ ਇੱਕ ਨੁਮਾਇੰਦੇ ਨੇ ਮੰਗ ਪੱਤਰ ਲਿਆ। ਦੀਵਾਨ ਦੇ ਆਨਰੇਰੀ ਸਕੱਤਰ ਨਰਿੰਦਰ ਸਿੰਘ ਖੁਰਾਣਾ ਨੇ ਆਖਿਆ ਕਿ ਦੀਵਾਨ ਵਿੱਚ ਮਾਇਕ ਮਾਮਲਿਆਂ ਨੂੰ ਪਾਰਦਰਸ਼ੀ ਬਣਾਉਣ ਲਈ ਸਮੁੱਚਾ ਕੰਮ ਆਨਲਾਈਨ ਕੀਤਾ ਗਿਆ ਹੈ।

## ਬਰਾਜ਼ੀਲ ਤੋਂ ਆਏ ਯੋਗੀ ਭਜਨ ਦੇ ਚੇਲਿਆਂ ਨੇ ਹਰਿਮੰਦਰ ਸਾਹਿਬ ਦੇ ਦਰਸ਼ਨ ਕੀਤੇ

**ਅੰਮ੍ਰਿਤਸਰ/ਬਿਊਰੋ ਨਿਊਜ਼**, ਸਿੱਖ ਧਰਮ ਇੰਟਰਨੈਸ਼ਨਲ ਸੰਸਥਾ ਦੇ ਬਰਾਜ਼ੀਲ ਤੋਂ ਆਏ ਮੈਂਬਰ ਆਪਣੀ ਧਾਰਮਿਕ ਯਾਤਰਾ ਪੂਰੀ ਕਰਨ ਮੌਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਏ। ਇਹ ਯਾਤਰਾ ਅਬੇਕੀ ਬਰਾਜ਼ੀਲ ਦੀ ਮੁਖੀ ਅਤੇ ਮੋਢੀ ਡਾ. ਗੁਰੂਸੰਗਤ ਕੌਰ ਖ਼ਾਲਸਾ ਦੀ ਅਗਵਾਈ ਵਿੱਚ 50 ਬਰਾਜ਼ੀਲੀ ਪ੍ਰਤੀਨਿਧਾਂ ਨਾਲ ਸ੍ਰੀ ਆਨੰਦਪੁਰ ਸਾਹਿਬ ਤੋਂ 24 ਜਨਵਰੀ ਨੂੰ ਸ਼ੁਰੂ ਹੋਈ ਸੀ। ਡਾ. ਖ਼ਾਲਸਾ ਨੇ ਇੱਥੇ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ ਅਬੇਕੀ ਬਰਾਜ਼ੀਲ ਸਿੱਖ ਗੁਰੂਆਂ ਦੀਆਂ ਸਿੱਖਿਆਵਾਂ ਨੂੰ ਇੱਕ-ਦੂਜੇ ਨਾਲ ਸਾਂਝੀਆਂ ਕਰਨ ਅਤੇ ਬਰਕਰਾਰ ਰੱਖਣ ਲਈ ਸਮਰਪਿਤ ਸੰਸਥਾ ਹੈ ਅਤੇ ਮੀਰੀ ਪੀਰੀ ਸਕੂਲ ਦੇ ਤਿੰਨ ਕੈਂਪਸਾਂ ਸਮੇਤ ਪੂਰੇ ਬਰਾਜ਼ੀਲ ਵਿੱਚ ਇਸ ਦੇ 42 ਕੇਂਦਰ ਹਨ। ਉਨ੍ਹਾਂ ਕਿਹਾ ਕਿ ਇਹ ਬਰਾਜ਼ੀਲੀਅਨ ਮੈਂਬਰਾਂ ਲਈ ਆਪਣੀ ਕਿਸਮ ਦੀ ਪਹਿਲੀ ਯਾਤਰਾ ਸੀ। ਉਨ੍ਹਾਂ ਦੇ ਕਹਿਣ ਅਨੁਸਾਰ ਗੁਰਦੁਆਰਿਆਂ ਦੇ ਦਰਸ਼ਨ ਕਰਕੇ ਉਨ੍ਹਾਂ ਦੀ ਰੂਹ ਨੂੰ ਸਕੂਨ ਮਿਲਿਆ ਹੈ। ਉਨ੍ਹਾਂ ਦੱਸਿਆ ਕਿ ਬਰਾਜ਼ੀਲ ਦੱਖਣੀ ਅਮਰੀਕਾ ਦਾ ਸਭ ਤੋਂ ਵੱਡਾ ਦੇਸ਼ ਹੈ। ਯੋਗੀ ਹਰਭਜਨ ਸਿੰਘ ਖ਼ਾਲਸਾ ਸਾਲ 1980 ਵਿੱਚ ਬਰਾਜ਼ੀਲ ਗਏ ਸਨ, ਜਿਨ੍ਹਾਂ ਕੋਲੋਂ ਬਰਾਜ਼ੀਲ ਵਾਸੀਆਂ ਨੇ ਪਹਿਲਾਂ ਯੋਗ ਧਾਰਨ ਕੀਤਾ ਤੇ ਮਗਰੋਂ ਸਿੱਖ ਧਰਮ ਤੋਂ ਪ੍ਰੇਰਿਤ ਹੋ ਕੇ ਸਿੱਖੀ ਧਾਰਨ ਕੀਤੀ। ਉਨ੍ਹਾਂ ਕਿਹਾ ਕਿ ਇਸ ਵੇਲੇ ਬਰਾਜ਼ੀਲ ਵਿੱਚ 300 ਸਿੱਖ ਹਨ ਪਰ ਅਜੇ ਤੱਕ ਉੱਥੇ ਕੋਈ ਗੁਰਦੁਆਰਾ ਨਹੀਂ ਉਸਾਰਿਆ ਗਿਆ। ਇੱਕ ਥਾਂ 'ਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਹੈ। ਉਨ੍ਹਾਂ ਕਿਹਾ ਕਿ ਉਹ ਸਿੱਖ ਧਰਮ ਨਾਲ ਸਬੰਧਤ ਗੁਰਧਾਮਾਂ ਦੀ ਯਾਤਰਾ ਕਰਕੇ ਸਿੱਖ ਧਰਮ ਨੂੰ ਹੋਰ ਨੇੜਿਓਂ ਸਮਝਣ ਦੇ ਇੱਛੁਕ ਸਨ। ਉਨ੍ਹਾਂ ਕਿਹਾ ਕਿ ਵਫ਼ਦ ਦੀ ਇਹ ਕੋਸ਼ਿਸ਼ ਹੈ ਕਿ ਇਸ ਯਾਤਰਾ ਰਾਹੀਂ ਮਿਲੀ ਪ੍ਰੇਰਣਾ ਸਦਕਾ ਹੋਰ ਲੋਕਾਂ ਤੱਕ ਵੀ ਸਿੱਖ ਧਰਮ ਦੀਆਂ ਸਿਖਿਆਵਾਂ ਪਹੁੰਚਾਈਆਂ ਜਾਣ। ਡਾ. ਖ਼ਾਲਸਾ ਨੇ ਕਿਹਾ ਕਿ ਬਰਾਜ਼ੀਲੀਅਨ ਸਿੱਖਾਂ ਦਾ ਵਫ਼ਦ ਸਿੱਖੀ ਦੇ ਸਰਵਉੱਚ ਧਾਰਮਿਕ ਅਸਥਾਨ ਦੇ ਦਰਸ਼ਨ ਕਰਕੇ ਬਹੁਤ ਉਤਸ਼ਾਹਿਤ ਹੈ। ਸੰਸਥਾ ਦੀ ਸੀਈਓ ਪ੍ਰਿਤਪਾਲ ਕੌਰ ਨੇ ਕਿਹਾ ਕਿ ਇਨ੍ਹਾਂ ਸਿੱਖਾਂ ਨੇ ਗੁਰਧਾਮਾਂ ਦੀ ਯਾਤਰਾ ਦੌਰਾਨ ਜੋ ਕੁਝ ਵੇਖਿਆ, ਜਾਣਿਆ ਅਤੇ ਮਹਿਸੂਸ ਕੀਤਾ, ਉਹ ਆਪਣੇ ਦੇਸ਼ ਜਾ ਕੇ ਹੋਰ ਲੋਕਾਂ ਨਾਲ ਸਾਂਝਾ ਕਰਨਗੇ। ਡਾ. ਖਾਲਸਾ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਔਰਤਾਂ ਨੂੰ ਵੀ ਹਰਿਮੰਦਰ ਸਾਹਿਬ ਵਿੱਚ ਕੀਰਤਨ ਕਰਨ ਲਈ ਇਜਾਜ਼ਤ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਿੱਖ ਧਰਮ ਵਿੱਚ ਔਰਤਾਂ ਨੂੰ ਬਰਾਬਰ ਦਾ ਦਰਜਾ ਦਿੱਤਾ ਗਿਆ ਹੈ ਤਾਂ ਫਿਰ ਹਰਿਮੰਦਰ ਸਾਹਿਬ ਵਿੱਚ ਕੀਰਤਨ ਕਰਨ ਦੀ ਆਗਿਆ ਕਿਉਂ ਨਹੀਂ ਦਿੱਤੀ ਜਾਂਦੀ ? ਉਨ੍ਹਾਂ ਦੱਸਿਆ ਕਿ ਬਰਾਜ਼ੀਲ ਵਿੱਚ ਔਰਤਾਂ ਵੀ ਕੀਰਤਨ ਕਰਦੀਆਂ ਹਨ ਤੇ ਪੰਜ ਪਿਆਰਿਆਂ ਦੀ ਭੂਮਿਕਾ ਵੀ ਨਿਭਾਉਂਦੀਆਂ ਹਨ। ਮੀਡੀਆ ਕੋਆਰਡੀਨੇਟਰ ਸ਼ਾਂਤੀ ਕੌਰ ਖ਼ਾਲਸਾ ਨੇ ਕਿਹਾ ਕਿ ਬਰਾਜ਼ੀਲ ਤੋਂ ਹੋਰ ਸਿੱਖਾਂ ਦਾ ਵਫ਼ਦ ਅਕਤੂਬਰ ਵਿੱਚ ਧਾਰਮਿਕ ਸਥਾਨਾਂ ਦੀ ਯਾਤਰਾ ਲਈ ਆਵੇਗਾ।


ਸਿੱਖ ਧਰਮ ਇੰਟਰਨੈਸ਼ਨਲ ਦੇ ਬਰਾਜ਼ੀਲੀਅਨ ਮੈਂਬਰ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਮੌਕੇ।

## ਸ਼ਸ਼ੀ ਥਰੂਰ ਨੇ ਹਿੰਦੂਤਵ ਦੇ ਠੇਕੇਦਾਰਾਂ ਨੂੰ ਆੜੇ ਹੱਥੀਂ ਲਿਆ

**ਜੈਪੁਰ/ਬਿਊਰੋ ਨਿਊਜ਼:**
ਕਾਂਗਰਸੀ ਆਗੂ ਸ਼ਸ਼ੀ ਥਰੂਰ ਨੇ ਹਿੰਦੂ ਧਰਮ ਦੇ 'ਠੇਕੇਦਾਰਾਂ' ਕੋਲੋਂ ਹਿੰਦੂਤਵ ਦੇ ਸੰਕਲਪ ਨੂੰ ਵਾਪਸ ਲੈਣ ਦਾ ਸੱਦਾ ਦਿੰਦਿਆਂ ਕਿਹਾ ਕਿ ਕੁਝ ਸੌੜੀ ਸੋਚ ਵਾਲੇ ਸਿਆਸੀ ਅਕੀਦਿਆਂ ਨੂੰ ਪੂਰਾ ਕਰਨ ਲਈ ਇਸ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ। ਹਿੰਦੂ ਧਰਮ ਬਾਰੇ ਆਪਣੀ ਸਮਝ ਨੂੰ ਬਿਆਨ ਕਰਦੀ ਕਿਤਾਬ ਲਿਖਣ ਵਾਲੇ ਥਰੂਰ ਨੇ ਕਿਹਾ ਕਿ ਉਹ ਲੋਕ, ਜੋ ਇਹ ਸਲਾਹ ਦਿੰਦੇ ਹਨ ਕਿ ਸਿਰਫ਼ ਇਕ ਹਿੰਦੂ ਅਤੇ ਕੁਝ ਖਾਸ ਤਰ੍ਹਾਂ ਦੇ ਹਿੰਦੂ ਹੀ, ਅਸਲ ਭਾਰਤੀ ਹਨ, 'ਤੇ ਉਸ ਨੂੰ ਭੋਰਾ ਵੀ ਮਾਣ ਨਹੀਂ। ਸੰਸਦ ਮੈਂਬਰ ਨੇ ਕਿਹਾ, 'ਮੈਨੂੰ ਉਨ੍ਹਾਂ ਹਿੰਦੂਆਂ 'ਤੇ ਮਾਣ ਹੈ, ਜੋ ਸਰ੍ਹੇਆਮ ਹਿੰਦੂ ਫ਼ਿਰਕਾਪ੍ਰਸਤੀ ਨੂੰ ਰੱਦ ਕਰਦੇ ਹਨ। ਜੋ ਇਸ ਗੱਲੋਂ ਚੇਤੰਨ ਹਨ ਕਿ ਬਹੁਗਿਣਤੀਆਂ ਦੀ ਫ਼ਿਰਕਾਪ੍ਰਸਤੀ ਖ਼ਤਰਨਾਕ ਹੈ ਕਿਉਂਕਿ ਉਹ ਖ਼ੁਦ ਨੂੰ ਰਾਸ਼ਟਰਵਾਦੀ ਵਜੋਂ ਪੇਸ਼ ਕਰ ਸਕਦੇ ਹਨ।' ਇਥੇ ਹਾਲ ਹੀ ਵਿੱਚ ਖ਼ਤਮ ਹੋਏ ਜੈਪੁਰ ਸਾਹਿਤ ਮੇਲੇ ਮੌਕੇ ਇਸ ਖ਼ਬਰ ਏਜੰਸੀ ਨਾਲ ਗੱਲਬਾਤ ਕਰਦਿਆਂ ਥਰੂਰ ਨੇ ਕਿਹਾ, 'ਕਿਤਾਬ 'ਵਾਇ ਆਈ ਐਮ ਏ ਹਿੰਦੂ' (ਮੈਂ ਹਿੰਦੂ ਕਿਉਂ ਹਾਂ) ਨੂੰ ਲਿਖਣ ਦਾ ਵਿਚਾਰ ਮੇਰੇ ਜ਼ਿਹਨ ਵਿੱਚ ਪਿਛਲੇ ਕੁਝ ਸਮੇਂ ਤੋਂ ਚੱਲ ਰਿਹਾ ਸੀ। ਫ਼ਿਰ ਮੈਨੂੰ ਅਹਿਸਾਸ ਹੋਇਆ ਕਿ ਇਹ ਮਸਲਾ ਤਾਂ



ਬਾਕੀ ਸਫ਼ਾ 28 'ਤੇ

## ਬਲਾਤਕਾਰੀ ਸਾਧ ਸ਼ਰਧਾਲੂਆਂ ਚਮੜੀ ਦਾ ਲੈਂਦਾ ਸੀ ਦਾਨ

**ਸਿਰਸਾ//ਬਿਊਰੋ ਨਿਊਜ਼:** ਅਪਣੀਆਂ ਸ਼ਰਧਾਲੂ ਨੌਜਵਾਨ ਸਾਧਵੀਆਂ ਦੇ ਯੌਨ-ਸ਼ੋਸ਼ਣ ਮਾਮਲੇ ਵਿਚ 20 ਸਾਲ ਦੀ ਸਜ਼ਾ ਭੁਗਤ ਰਹੇ ਸੌਦਾ ਸਾਧ ਦੇ ਜੇਲ ਜਾਣ ਤੋਂ ਬਾਅਦ ਹੁਣ ਡੇਰੇ ਵਿਚ ਚੱਲ ਰਹੇ ਗੈਰ-ਕਾਨੂੰਨੀ ਕੰਮਾਂ ਦੀ ਜਾਂਚ ਚੱਲ ਰਹੀ ਹੈ। ਇਸ ਵਾਰ ਸਿਹਤ ਵਿਭਾਗ ਵਲੋਂ ਡੇਰੇ ਵਿਚ ਬਣੇ ਮਲਟੀ ਸਪੈਸ਼ਲਿਸਟ ਹਸਪਤਾਲ ਵਿਚ ਗੈਰ-ਕਾਨੂੰਨੀ ਤਰੀਕੇ ਨਾਲ ਚਮੜੀ ਬੈਂਕ ਚਲਾਉਣ 'ਤੇ ਸਖ਼ਤ ਕਾਰਵਾਈ ਕੀਤੀ ਗਈ ਹੈ। ਡੇਰੇ ਦੇ ਚਮੜੀ ਬੈਂਕ ਨੂੰ ਸੀਲ ਕਰਨ ਤੋਂ ਬਾਅਦ ਸਿਹਤ ਵਿਭਾਗ ਨੇ ਕਾਨੂੰਨੀ ਕਾਰਵਾਈ ਕਰਦੇ ਹੋਏ ਅਦਾਲਤ ਵਿਚ ਸ਼ਿਕਾਇਤ ਦਰਜ ਕਰਵਾਈ ਹੈ। ਸੌਦਾ ਸਾਧ ਦੇ ਇਸ ਚਮੜੀ ਬੈਂਕ ਤੋਂ ਕਿਨ੍ਹਾਂ ਲੋਕਾਂ ਨੂੰ ਇਸ ਦਾ ਫਾਇਦਾ ਹੋਇਆ, ਵਿਭਾਗ ਨੂੰ ਕਿਸੇ ਰਿਕਾਰਡ ਵਿਚ ਇਸ ਤਰ੍ਹਾਂ ਦੀ ਕੋਈ ਜਾਣਕਾਰੀ ਨਹੀਂ ਮਿਲੀ। ਸਿਹਤ ਵਿਭਾਗ ਦੇ ਡਾਇਰੈਕਟਰ ਜਨਰਲ ਨੇ ਇਸ ਸੰਬੰਧ ਵਿਚ ਸਿਰਸਾ ਦੇ ਸਿਵਲ ਸਰਜਨ ਡਾਕਟਰ ਗੋਵਿੰਦ ਗੁਪਤਾ ਨੂੰ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਹਨ। ਅਦਾਲਤ ਇਸ ਮਾਮਲੇ ਦੀ 19 ਫਰਵਰੀ ਨੂੰ ਸੁਣਵਾਈ ਕਰੇਗੀ। ਇਹ ਪੂਰਾ ਪ੍ਰੋਜੈਕਟ ਰਾਮ ਰਹੀਮ ਦੇ ਸਹਿਯੋਗੀ ਡਾ. ਅਦਿੱਤਯ ਇੰਸਾ ਦੀ ਦੇਖ-ਰੇਖ ਵਿਚ ਚੱਲ ਰਿਹਾ ਸੀ। ਇਸ ਬੈਂਕ ਨੂੰ ਚਲਾਉਣ ਲਈ ਦਿੱਲੀ ਦੇ ਕਈ ਵੱਡੇ ਸਰਕਾਰੀ ਅਤੇ ਨਿੱਜੀ ਹਸਪਤਾਲਾਂ ਦੇ ਡਾਕਟਰ ਆਪਣੀ ਸਰਵਿਸ ਦੇ ਰਹੇ ਸਨ।



# ਵੱਡਾ ਘੱਲੂਘਾਰਾ ਚੜ੍ਹਦੀ ਕਲਾ ਦਾ ਪ੍ਰਤੀਕ

**ਪ੍ਰਮਿੰਦਰ ਸਿੰਘ ਪ੍ਰਵਾਨਾ**
(ਫੋਨ: 510-781-0487)

ਸਿੱਖ ਧਰਮ ਦੀ ਗੁਰਮਤਿ ਵਿਚਾਰਧਾਰਾ ਨੇ ਸਮਾਜ ਵਿਚ ਇਨਕਲਾਬ ਲੈ ਆਂਦਾ। ਸਮਾਜ ਨੂੰ ਨਾਮ ਜਪਣ, ਕ੍ਰਿਤ ਕਰਨ ਅਤੇ ਵੰਡ ਕੇ ਛਕਣ ਦੇ ਸਿਧਾਂਤ ਨਾਲ ਜੋੜਿਆ। ਚੜ੍ਹਦੀ ਕਲਾ ਅਤੇ ਸਵੈ ਮਾਣ ਨਾਲ ਜੀਵਨ ਜਿਉਣ ਦੀ ਜਾਚ ਸਿਖਾਈ। ਨਿਮਾਣੇ ਤੇ ਨਿਤਾਣੇ ਲੋਕ ਜਦੋਂ ਗੁਰਮਤਿ ਵਿਚਾਰਧਾਰਾ ਦਾ ਗਾਡੀਰਾਹ ਅਪਣਾ ਲੈਂਦੇ ਤਾਂ ਉਹ ਮੌਤ ਦੇ ਡਰ ਤੋਂ ਮੁਕਤ ਹੋ ਜਾਂਦੇ। ਉਨ੍ਹਾਂ ਅੰਦਰ ਨਿਸ਼ਚੇ ਕਰ ਅਪਨੀ ਜੀਤ ਕਰੋਂ' ਦਾ ਜੋਸ਼ ਠਾਠਾਂ ਮਾਰਨ ਲਗਦਾ। ਉਨ੍ਹਾਂ ਸਮਿਆਂ 'ਚ ਜਦੋਂ ਕਿ ਮੁਗਲਾਂ ਨੇ ਜ਼ੁਲਮਾਂ ਦੀ ਹੱਦ ਮੁਕਾ ਦਿੱਤੀ ਤਾਂ ਸਿੱਖਾਂ ਨੇ ਵੀ ਕੁਰਬਾਨੀਆਂ ਦੇ ਗੰਜ ਲਾ ਦਿੱਤੇ। ਮੁਗਲਾਂ ਨੇ ਸਿੱਖਾਂ ਨੂੰ ਮੁਕਾਉਣ ਲਈ ਸਭ ਹੀਲੇ ਵਰਤੇ। ਮੁਗਲਾਂ ਵੱਲੋਂ ਸਿੱਖਾਂ 'ਤੇ ਕੀਤੇ ਗਏ ਸਭ ਤੋਂ ਵੱਡੇ ਹੱਲਿਆਂ ਨੂੰ ਘੱਲੂਘਾਰਿਆਂ ਵੱਜੋਂ ਯਾਦ ਕੀਤਾ ਜਾਂਦਾ ਹੈ। ਪਹਿਲਾ ਘੱਲੂਘਾਰਾ ਜਿਸ ਨੂੰ ਛੋਟਾ ਘੱਲੂਘਾਰਾ ਕਿਹਾ ਜਾਂਦਾ ਹੈ, 1746 ਈਸਵੀ ਵਿਚ ਕਾਹਨੂੰਵਾਨ ਦੇ ਛੰਬ ਵਿਚ ਹੋਇਆ। ਦੂਜਾ ਘੱਲੂਘਾਰਾ 1762 ਈਸਵੀ ਵਿਚ ਕੁੱਪ ਰਹੀੜੇ ਹੋਇਆ ਜਿਸ ਵਿਚ ਇਕ ਹੀ ਦਿਨ ਵਿਚ 30000 ਤੋਂ ਵੱਧ ਸਿੰਘਾਂ ਨੇ ਆਪਣੀ ਜਾਨ ਕੁਰਬਾਨ ਕੀਤੀ। ਇਹ ਘੱਲੂਘਾਰਾ ਕੁੱਪ ਰਹੀੜੇ ਤੋਂ ਸ਼ੁਰੂ ਹੋ ਕੇ ਧਲੇਰ ਝਨੇਰ ਵਿਚੋਂ ਹੁੰਦਾ ਹੋਇਆ ਪਿੰਡ ਕੁਤਬ ਬਾਹਮਣੀਆ ਕੋਲ ਜਾ ਕੇ ਖਤਮ ਹੋਇਆ।

ਮੁਗਲ ਬਾਦਸ਼ਾਹ ਅਹਿਮਦ ਸ਼ਾਹ ਅਦਬਾਲੀ ਇਕ ਲੱਖ ਫੌਜ ਲੈ ਕੇ 1762 ਈਸਵੀ ਵਿਚ ਪੰਜਾਬ ਵਿਚ ਦਾਖਲ ਹੋਇਆ। ਸਿੱਖਾਂ ਨੇ ਮਲੇਰਕੋਟਲੇ ਕੋਲ ਕੁੱਪ ਰਹੀੜੇ ਦੇ ਮੈਦਾਨ ਵਿਚ ਡੇਰੇ ਲਾਏ ਹੋਏ ਸਨ। ਸਿੱਖਾਂ ਦੇ ਵਹੀਰ ਵਿਚ ਬਜ਼ੁਰਗ, ਔਰਤਾਂ ਤੇ ਬੱਚੇ ਸ਼ਾਮਲ ਸਨ। ਅਦਬਾਲੀ ਨੇ ਸਿੱਖਾਂ 'ਤੇ ਅਚਾਨਕ ਹਮਲਾ ਬੋਲ ਦਿੱਤਾ। ਸਿੱਖਾਂ ਨੇ ਬੱਚਿਆਂ ਤੇ ਔਰਤਾਂ ਨੂੰ ਮਾਲਵੇ ਵੱਲ ਸੁਰੱਖਿਅਤ ਭੇਜ ਦਿੱਤਾ। ਸਿੰਘ ਲੜਦੇ ਹੋਏ ਵਹੀਰ ਦੇ ਪਿੱਛੇ ਪਿੱਛੇ ਜਾ ਰਹੇ ਸਨ। ਉਸ ਵੇਲੇ ਤੱਕ ਇਕ ਪਾਸਿਓਂ ਜੈਨ ਖਾਨ, ਦੂਜੇ ਪਾਸੇ ਭੀਖਣ ਖਾਂ ਨਵਾਬ ਮਾਲੇਰਕੋਟਲਾ ਅਤੇ ਲੱਛਮੀ ਸਹਾਏ ਦੀਵਾਨ ਰਾਏ ਕੋਟ ਆਪਣੀਆਂ ਫੌਜਾਂ ਲੈ ਕੇ ਪਹੁੰਚ



ਚੁੱਕੇ ਸਨ। ਸਿੰਘਾਂ ਨੇ ਚਾਰੇ ਪਾਸਿਓਂ ਘਿਰੇ ਵੇਖ ਕੇ ਸਿਰ ਧੜ ਦੀ ਬਾਜ਼ੀ ਲਾ ਕੇ ਲੜਨਾ ਸ਼ੁਰੂ ਕਰ ਦਿੱਤਾ। ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਬਘੇਲ ਸਿੰਘ ਦੀ ਅਗਵਾਈ ਹੇਠ ਲੜ ਰਹੇ ਸਿੰਘਾਂ ਨੂੰ ਲੜਾਈ ਵਿਚ ਉਲਝੇ ਤਾੜ ਕੇ, ਅਬਦਾਲੀ ਦੀ ਫੌਜ ਨੇ ਅੱਗੇ ਜਾ ਰਹੇ ਵਹੀਰ 'ਤੇ ਹਮਲਾ ਕਰ ਦਿੱਤਾ ਤੇ ਵੱਡੀ ਗਿਣਤੀ ਵਿਚ ਬੱਚਿਆਂ, ਔਰਤਾਂ ਤੇ ਬਜ਼ੁਰਗਾਂ ਦਾ ਕਤਲੇਆਮ ਸ਼ੁਰੂ ਕਰ ਦਿੱਤਾ। ਉਧਰ ਸਿੱਖ ਵੀ ਵਹੀਰ ਦੀ ਰਾਖੀ ਲਈ ਆ ਪਹੁੰਚੇ। ਉਹ ਵਹੀਰ ਦੇ ਆਲੇ ਦੁਆਲੇ ਫੌਜੀ ਕਿਲ੍ਹਾ ਬਣਾ ਕੇ ਲੜ ਰਹੇ ਸਨ। ਸ਼ਾਮ ਤੱਕ ਬਹੁਤ ਸਾਰੇ ਸਿੱਖ ਸ਼ਹੀਦ ਹੋ ਚੁੱਕੇ ਸਨ। ਇਸ ਆਹਮੋ ਸਾਹਮਣੀ ਜੰਗ ਵਿਚ ਸਿੱਖਾਂ ਦਾ ਬਹੁਤ ਨੁਕਸਾਨ ਹੋਇਆ ਜੋ ਕਿਸੇ ਹੋਰ ਜੰਗ ਵਿਚ ਨਹੀਂ ਹੋਇਆ। ਮੀਲਾਂ ਤੱਕ ਲਾਸ਼ਾਂ ਦੇ ਢੇਰ ਲੱਗ ਗਏ। ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਸਰੀਰ 'ਤੇ ਵੀ ਅਨੇਕਾਂ ਹੀ ਜ਼ਖ਼ਮ ਸਨ।

ਸਿੰਘਾਂ ਨੇ ਇਹ ਜਾਣ ਲਿਆ ਸੀ ਕਿ ਹੁਣ ਦੁਸ਼ਮਣ ਤੋਂ ਬਚਣਾ ਮੁਸ਼ਕਿਲ ਹੈ। ਇਸ ਲਈ ਲੜ ਮਰਨਾ ਹੀ ਬਿਹਤਰ ਹੈ। ਸਿੰਘਾਂ ਨੇ ਆਪਣਾ ਪੂਰਾ ਤਾਣ ਲਾ ਕੇ ਤਕੜਾ ਹਮਲਾ ਕੀਤਾ । ਇਹ ਬੇਮਿਸਾਲ ਦਲੇਰੀ ਦੀ ਜੰਗ ਸੀ। ਸੀਸ ਤਲੀ ਤੇ ਧਰ ਕੇ ਲੜਨ ਵਾਲੇ ਸਿੰਘਾਂ ਨੇ ਅਬਦਾਲੀ ਦੇ ਵੱਡੇ ਵੱਡੇ ਜਰਨੈਲਾਂ ਨੂੰ ਮਾਰ ਮੁਕਾਇਆ। ਅਬਦਾਲੀ ਦੀ ਫੌਜ ਸਿੱਖਾਂ ਦੀ ਦਲੇਰੀ ਵੇਖ ਕੇ ਝਾੜੀਆਂ ਵਿਚ ਲੁਕ ਲੁਕ ਕੇ ਜਾਨ ਬਚਾਉਣ ਲੱਗੀ। ਸਿੰਘ ਲੜਦੇ ਲੜਦੇ ਕੁਤਬ ਬਾਹਮਣੀਆਂ ਪਹੁੰਚ ਗਏ। ਅਬਦਾਲੀ ਦੀ ਫੌਜ ਨੇ ਭੱਜਣਾ ਸ਼ੁਰੂ ਕਰ ਦਿੱਤਾ। ਤੁਰਕ ਮਲੇਰ ਕੋਟਲਾ ਮੁੜ ਗਏ। ਖਿੰਡੇ ਪੁੰਡੇ ਸਿੰਘ ਵੀ ਇਕੱਠੇ ਹੋ ਕੇ ਬਰਨਾਲੇ ਚਲੇ ਗਏ। ਇਹ ਜੰਗ ਸਿੰਘਾਂ ਦੀ ਦਲੇਰੀ ਦੀ ਹੈਰਾਨਕੁੰਨ ਮਿਸਾਲ ਹੈ। ਤੁਰਕਾਂ ਨੇ ਇਹ ਜਾਣ ਲਿਆ ਸੀ ਕਿ ਸਿੰਘਾਂ ਨਾਲ ਟੱਕਰ ਲੈਣੀ ਅਸਾਨ ਨਹੀਂ ਹੈ। ਸਭ ਤੋਂ ਵੱਡੀ ਕਮਾਲ ਦੀ ਗੱਲ ਇਹ ਹੈ ਕਿ ਇੰਨੇ ਵੱਡੇ ਨੁਕਸਾਨ ਦੇ ਬਾਵਜੂਦ ਸਿੰਘਾਂ ਨੇ ਅਗਲੇ ਸਾਲ 1763 ਈਸਵੀ ਵਿਚ ਸਰਹਿੰਦ ਜਿੱਤ ਲਈ। ਸਿੰਘਾਂ ਨੇ ਅਬਦਾਲੀ ਨੂੰ ਅੰਮ੍ਰਿਤਸਰ ਤੋਂ ਵੀ ਭੱਜਾ ਦਿੱਤਾ। ਇਸ ਤਰ੍ਹਾਂ ਇਹ ਘੱਲੂਘਾਰੇ ਸਿੰਘ ਪੰਥ ਦੀ ਚੜ੍ਹਦੀ ਕਲਾ ਦੇ ਪ੍ਰਤੀਕ ਹਨ, ਜਿਨ੍ਹਾਂ ਨੇ ਅੱਗੇ ਜਾ ਕੇ ਆਜ਼ਾਦ ਸਿੱਖ ਰਾਜ ਦੀਆਂ ਨੀਂਹਾਂ ਪੱਕੀਆਂ ਕੀਤੀਆਂ।

## 'ਰਾਮ ਮੰਦਿਰ ਦਾ ਵਿਰੋਧ ਕਰਨ ਵਾਲੇ ਪਾਕਿਸਤਾਨ ਚਲੇ ਜਾਣ'

***ਸ਼ੀਆ ਵਕਫ ਬੋਰਡ ਦੇ ਚੇਅਰਮੈਨ ਵਸੀਮ ਰਿਜ਼ਵੀ ਨੇ ਅਲਾਪਿਆ ਭਾਜਪਾਈਆਂ ਦਾ ਰਾਗ***

**ਫੈਜ਼ਾਬਾਦ/ਬਿਊਰੋ ਨਿਊਜ਼:** ਉੱਤਰ ਪ੍ਰਦੇਸ਼ ਸ਼ੀਆ ਵਕਫ ਬੋਰਡ ਦੇ ਚੇਅਰਮੈਨ ਵਸੀਮ ਰਿਜ਼ਵੀ ਨੇ ਸਲਾਹ ਦਿੱਤੀ ਹੈ ਕਿ ਜਿਹੜੇ ਮੁਸਲਮਾਨ ਅਯੁੱਧਿਆ ਵਿੱਚ ਰਾਮ ਮੰਦਿਰ ਦੇ ਨਿਰਮਾਣ ਖ਼ਿਲਾਫ਼ ਹਨ ਉਨ੍ਹਾਂ ਨੂੰ ਪਾਕਿਸਤਾਨ ਅਤੇ ਬੰਗਲਾਦੇਸ਼ ਚਲੇ ਜਾਣਾ ਚਾਹੀਦਾ ਹੈ। ਦੱਸਣਯੋਗ ਹੈ ਕਿ ਸੁਪਰੀਮ ਕੋਰਟ ਵੱਲੋਂ ਬਾਬਰੀ ਮਸਜਿਦ-ਰਾਮ ਜਨਮਭੂਮੀ ਵਿਵਾਦ ਉਤੇ 8 ਫਰਵਰੀ ਤੋਂ ਸੁਣਵਾਈ ਕੀਤੀ ਜਾਵੇਗੀ। ਸ੍ਰੀ ਰਿਜ਼ਵੀ ਨੇ ਅਯੁੱਧਿਆ ਵਿੱਚ ਵਿਵਾਦਤ ਜਗ੍ਹਾ ਉਤੇ ਜੁੰਮੇ ਦੀ ਨਮਾਜ਼ ਅਦਾ ਕੀਤੀ ਅਤੇ ਇਸ ਬਾਅਦ ਰਾਮ ਜਨਮਭੂਮੀ ਦੇ ਮੁੱਖ ਪੁਜਾਰੀ ਅਚਾਰਿਆ ਸਤੇਂਦਰ ਦਾਸ ਨਾਲ ਮੁਲਾਕਾਤ ਕੀਤੀ। ਇਸ ਮੌਕੇ ਉਨ੍ਹਾਂ ਕਿਹਾ, 'ਜਿਹੜੇ ਅਯੁੱਧਿਆ ਵਿੱਚ ਰਾਮ ਮੰਦਿਰ ਦਾ ਵਿਰੋਧ ਕਰ ਰਹੇ ਹਨ ਅਤੇ ਉਥੇ ਬਾਬਰੀ ਮਸਜਿਦ ਉਸਾਰਨਾ ਚਾਹੁੰਦੇ ਹਨ। ਅਜਿਹੀ ਕੱਟੜ ਸੋਚ ਵਾਲੇ ਲੋਕਾਂ ਨੂੰ ਪਾਕਿਸਤਾਨ ਤੇ ਬੰਗਲਾਦੇਸ਼ ਚਲੇ ਜਾਣਾ ਚਾਹੀਦਾ ਹੈ। ਅਜਿਹੇ ਮੁਸਲਮਾਨਾਂ ਲਈ ਭਾਰਤ ਵਿੱਚ ਕੋਈ ਜਗ੍ਹਾ ਨਹੀਂ ਹੈ। ਜਿਹੜੇ ਇਸ ਮਸਜਿਦ ਦੇ ਨਾਂ 'ਤੇ ਜਹਾਦ ਛੇੜਨਾ ਚਾਹੁੰਦੇ ਹਨ, ਉਨ੍ਹਾਂ ਨੂੰ ਆਈਐਸਆਈਐਸ ਮੁਖੀ ਅਬੂ ਬਕਰ ਅਲ-ਬਗਦਾਦੀ ਦੀ ਫ਼ੌਜ ਵਿੱਚ ਸ਼ਾਮਲ

ਬਾਕੀ ਸਫ਼ਾ 28 'ਤੇ

# ਲੜੀਵਾਰ ਪਰਵਾਸ ਨੂੰ ਠੱਲ ਪਾਉਣ ਲਈ ਮੈਰਿਟ ਆਧਾਰਿਤ ਆਵਾਸ ਨੂੰ ਪਹਿਲ ਜ਼ਰੂਰੀ: ਟਰੰਪ

**ਵਾਸ਼ਿੰਗਟਨ/ਬਿਊਰੋ ਨਿਊਜ਼:**
ਰਾਸ਼ਟਰਪਤੀ ਡੋਨਲਡ ਟਰੰਪ ਨੇ ਮੈਰਿਟ ਆਧਾਰਤ ਆਵਾਸ ਪ੍ਰਣਾਲੀ ਦਾ ਸੱਦਾ ਦਿੰਦਿਆਂ ਕਿਹਾ ਕਿ ਇਸ ਨਾਲ ਭਾਰਤ ਵਰਗੇ ਮੁਲਕਾਂ ਦੇ ਆਈਟੀ ਪੇਸ਼ੇਵਰਾਂ ਨੂੰ ਲਾਭ ਮਿਲੇਗਾ। ਪਰ ਨਾਲ ਹੀ ਉਨ੍ਹਾਂ ਨੇ 'ਲੜੀਵਾਰ ਪਰਵਾਸ' ਨੂੰ ਬੰਦ ਕਰਨ 'ਤੇ ਵੀ ਜ਼ੋਰ ਦਿੱਤਾ। ਕਾਂਗਰਸ ਦੇ ਦੋਵੇਂ ਸਦਨਾਂ ਦੀ ਸਾਂਝੀ ਬੈਠਕ ਨੂੰ ਪਲੇਠੇ ਸੰਬੋਧਨ ਵਿੱਚ ਟਰੰਪ ਨੇ ਆਪਣੇ ਧਰੁਵੀਕਰਨ ਵਾਲੇ ਅਕਸ, ਜੋ ਉਨ੍ਹਾਂ ਦੇ ਆਵਾਸ ਸੁਧਾਰਾਂ ਬਾਰੇ ਕਾਨੂੰਨ ਨੂੰ ਪਾਸ ਕਰਾਉਣ 'ਚ ਅੜਿੱਕਾ ਬਣ ਗਿਆ ਸੀ, ਨੂੰ ਸੁਧਾਰਨ ਦਾ ਯਤਨ ਕਰਦਿਆਂ ਡੈਮੋਕਰੈਟਾਂ ਨੂੰ ਅਮਰੀਕਾ ਵਾਸੀਆਂ ਦੇ ਭਲੇ ਲਈ ਮਿਲ ਕੇ ਕੰਮ ਕਰਨ ਦਾ ਸੱਦਾ ਦਿੱਤਾ। ਟਰੰਪ ਨੇ ਚਾਰ ਨੁਕਾਤੀ ਆਵਾਸ ਸੁਧਾਰਾਂ ਦਾ ਪ੍ਰਸਤਾਵ ਰੱਖਿਆ ਹੈ, ਜਿਸ 'ਚ ਤਕਰੀਬਨ 18 ਲੱਖ ਗ਼ੈਰਕਾਨੂੰਨੀ ਪਰਵਾਸੀਆਂ, ਜਿਨ੍ਹਾਂ ਨੂੰ 'ਡਰੀਮਰਜ਼' ਕਿਹਾ ਜਾਂਦਾ ਹੈ, ਲਈ ਨਾਗਰਿਕਤਾ ਦਾ ਰਾਹ ਖੋਲ੍ਹਣਾ, ਸਰਹੱਦੀ ਸੁਰੱਖਿਆ, ਲਾਟਰੀ ਵੀਜ਼ਾ ਪ੍ਰੋਗਰਾਮ ਨੂੰ ਖ਼ਤਮ ਕਰਨਾ ਅਤੇ ਪਰਿਵਾਰ ਆਧਾਰਤ ਪਰਵਾਸ ਨੂੰ ਸੀਮਤ ਕਰਨਾ ਸ਼ਾਮਲ ਹੈ। 80 ਮਿੰਟ ਲੰਬੀ ਤਕਰੀਰ 'ਚ ਉਨ੍ਹਾਂ ਕਿਹਾ, 'ਸਾਡੇ ਨਾਗਰਿਕਾਂ, ਜੋ ਕਿਸੇ ਵੀ ਪਿਛੋਕੜ, ਰੰਗ ਅਤੇ ਧਰਮ ਦੇ ਹਨ, ਦੀ ਰੱਖਿਆ ਲਈ ਮੈਂ ਅੱਜ ਰਾਤ ਦੋਵੇਂ ਪਾਰਟੀਆਂ (ਡੈਮੋਕਰੈਟਾਂ ਤੇ ਰਿਪਬਲਿਕਨਾਂ) ਦੇ ਮੈਂਬਰਾਂ ਨਾਲ ਮਿਲ ਕੇ ਕੰਮ ਕਰਨ ਲਈ ਹੱਥ ਵਧਾ ਰਿਹਾ ਹਾਂ। ਇਹ ਸਮਾਂ ਮੈਰਿਟ ਆਧਾਰ ਆਵਾਸ ਪ੍ਰਣਾਲੀ ਵੱਲ ਵਧਣ ਦਾ ਹੈ। ਇਹ ਹੁਨਰਮੰਦ ਲੋਕਾਂ, ਜੋ ਕੰਮ ਕਰਨਾ ਚਾਹੁੰਦੇ ਹਨ, ਜੋ ਸਾਡੇ ਸਮਾਜ 'ਚ ਯੋਗਦਾਨ ਪਾਉਣਗੇ, ਜੋ ਸਾਡੇ ਮੁਲਕ ਨੂੰ ਪਿਆਰ ਤੇ ਸਤਿਕਾਰ ਦੇਣਗੇ ਲਈ ਅਮਰੀਕਾ ਦੇ ਦਰਵਾਜੇ ਖੋਲ੍ਹੇਗੀ।'

ਰਾਸ਼ਟਰਪਤੀ ਨੇ ਜਦੋਂ ਉਨ੍ਹਾਂ ਲੋਕਾਂ, ਜਿਨ੍ਹਾਂ ਨੇ ਪਰਿਵਾਰਕ ਸਬੰਧਾਂ ਰਾਹੀਂ ਅਮਰੀਕਾ 'ਚ ਪਰਵਾਸ ਕੀਤਾ ਹੈ, ਨੂੰ ਬਾਹਰ ਕਰਨ ਦੀ ਯੋਜਨਾ ਦਾ ਜ਼ਿਕਰ ਕੀਤਾ ਤਾਂ ਡੈਮੋਕਰੈਟਾਂ, ਜਿਨ੍ਹਾਂ 'ਚੋਂ ਕਈਆਂ ਨੇ ਰਾਸ਼ਟਰਪਤੀ ਦੇ ਭਾਸ਼ਣ ਲਈ 'ਡਰੀਮਰਜ਼' ਨੂੰ ਮਹਿਮਾਨ ਵਜੋਂ ਲਿਆਂਦਾ ਸੀ, ਨੇ ਰੌਲਾ ਪਾ ਕੇ ਨਿਰਾਸ਼ਾ



ਪ੍ਰਗਟਾਈ। ਟਰੰਪ ਨੇ ਕਿਹਾ ਕਿ ਉਨ੍ਹਾਂ ਦੇ ਪ੍ਰਸਤਾਵ ਦੀ ਦੋਵੇਂ ਪਾਰਟੀਆਂ (ਰਿਪਬਲਿਕਨ ਤੇ ਡੈਮੋਕਰੈਟਿਕ) ਵੱਲੋਂ ਸਮਰਥਨ ਕੀਤਾ ਜਾਣਾ ਚਾਹੀਦਾ ਹੈ। ਡਰੀਮਰਜ਼ ਬਾਰੇ ਰਾਹ ਖੋਲ੍ਹਦਿਆਂ ਉਨ੍ਹਾਂ ਕਿਹਾ, 'ਸਾਡੀ ਯੋਜਨਾ ਤਹਿਤ ਸਿੱਖਿਆ ਤੇ ਕੰਮਕਾਜੀ ਲੋੜਾਂ ਪੂਰੀਆਂ ਕਰਦੇ ਅਤੇ ਚੰਗੇ ਨੈਤਿਕ ਚਰਿੱਤਰ ਵਾਲੇ ਅਮਰੀਕਾ ਦੇ ਨਾਗਰਿਕ ਬਣਨ ਦੇ ਯੋਗ ਹੋਣਗੇ।' ਦੂਜੇ ਨੁਕਤਾ ਮੈਕਸਿਕੋ ਨਾਲ ਲੱਗਦੀ ਦੱਖਣੀ ਸਰਹੱਦ 'ਤੇ ਕੰਧ ਉਸਾਰਨ ਦਾ ਹੈ। ਟਰੰਪ ਨੇ ਕਿਹਾ, 'ਸਾਡੀ ਯੋਜਨਾ ਅਪਰਾਧੀਆਂ ਤੇ ਅਤਿਵਾਦੀਆਂ ਦੇ ਸਾਡੇ ਮੁਲਕ ਅੰਦਰ ਦਾਖ਼ਲ ਹੋਣ ਵਾਲੀਆਂ ਚੋਰ ਮੋਰੀਆਂ ਬੰਦ ਕਰਦੀ ਹੈ ਅਤੇ ਇਹ 'ਫੜੋ ਤੇ ਛੱਡੋ' ਵਾਲੀ ਖ਼ਤਰਨਾਕ ਰਵਾਇਤ ਦਾ ਅੰਤ ਕਰੇਗੀ।' ਉਨ੍ਹਾਂ ਕਿਹਾ ਕਿ ਤੀਜਾ ਨੁਕਤਾ ਲਾਟਰੀ ਵੀਜ਼ੇ ਦਾ ਅੰਤ ਕਰੇਗਾ, ਜਿਸ ਤਹਿਤ ਬਗ਼ੈਰ ਕਿਸੇ ਹੁਨਰ, ਮੈਰਿਟ ਤੇ ਅਮਰੀਕੀਆਂ ਦੀ ਸੁਰੱਖਿਆ ਦਾ ਖ਼ਿਆਲ ਕੀਤੇ ਗਰੀਨ ਕਾਰਡ ਸੌਂਪੇ ਜਾ ਰਹੇ ਹਨ। ਚੌਥਾ ਤੇ ਅੰਤਿਮ ਨੁਕਤਾ ਲੜੀਵਾਰ ਪਰਵਾਸ ਨੂੰ ਖ਼ਤਮ ਕਰਦਾ ਹੈ। ਉਨ੍ਹਾਂ ਕਿਹਾ ਕਿ ਜਰਜਰ ਹੋ ਚੁੱਕੀ ਮੌਜੂਦਾ ਪ੍ਰਣਾਲੀ ਤਹਿਤ ਇਕ ਪਰਵਾਸੀ ਆਪਣੇ ਮਗਰ ਦੂਰ ਦੇ ਕਈ ਰਿਸ਼ਤੇਦਾਰਾਂ ਤਕ ਨੂੰ ਸੱਦ ਸਕਦਾ ਹੈ। ਪਰ ਅਸੀਂ ਇਸ ਨੂੰ ਪਤੀ-ਪਤਨੀ ਅਤੇ ਨਾਬਾਲਗ ਬੱਚਿਆਂ ਤਕ ਸੀਮਤ ਕਰਨ ਜਾ ਰਹੇ ਹਨ। ਇਨ੍ਹਾਂ ਸੁਧਾਰਾਂ ਦੀ ਅਮਰੀਕਾ ਦੀ ਆਰਥਿਕਤਾ, ਸੁਰੱਖਿਆ ਤੇ ਭਵਿੱਖ ਲਈ ਵੱਡੀ ਲੋੜ ਹੈ।

# ਰਿਪਬਲਿਕਨ ਹਿੰਦੂ ਕੋਲਿਸ਼ਨ ਵਾਲਿਆਂ ਨੇ ਗਾਏ ਟਰੰਪ ਦੀ ਇਮੀਗਰੇਸ਼ਨ ਨੀਤੀ ਦੇ ਸੋਹਲੇ

**ਵਾਸ਼ਿੰਗਟਨ/ਬਿਊਰੋ ਨਿਊਜ਼,** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਇਮੀਗਰੇਸ਼ਨ ਸਬੰਧੀ ਨੀਤੀ ਦੀ ਹਮਾਇਤ 'ਚ ਹਜ਼ਾਰਾਂ ਹੁਨਰਮੰਦ ਭਾਰਤੀ ਵਰਕਰਾਂ ਨੇ ਆਪਣੇ ਬੱਚਿਆਂ ਅਤੇ ਪਤਨੀਆਂ ਨਾਲ ਮਿਲ ਕੇ ਇਥੇ ਵ੍ਹਾਈਟ ਹਾਊਸ ਸਾਹਮਣੇ ਰੈਲੀ ਕੀਤੀ। ਕੈਲੀਫੋਰਨੀਆ, ਟੈਕਸਸ, ਸ਼ਿਕਾਗੋ, ਫਲੋਰਿਡਾ, ਨਿਊਯਾਰਕ ਅਤੇ ਮੈਸਾਚੁਸੈਟਸ ਤੋਂ ਆਏ ਇਨ੍ਹਾਂ ਭਾਰਤੀਆਂ ਨੇ ਟਰੰਪ ਨੂੰ ਬੇਨਤੀ ਕੀਤੀ ਕਿ ਉਹ ਕਾਨੂੰਨੀ ਤੌਰ 'ਤੇ ਪੱਕੀ ਨਾਗਰਿਕਤਾ ਸਬੰਧੀ ਹਰ ਮੁਲਕ ਦੀ ਹੱਦ ਨੂੰ ਖ਼ਤਮ ਕਰਨ ਤਾਂ ਜੋ ਹੁਨਰਮੰਦ ਭਾਰਤੀਆਂ ਦੇ ਵੱਡੀ ਗਿਣਤੀ 'ਚ ਰੁਕੇ ਹੋਏ ਗਰੀਨ ਕਾਰਡਾਂ ਦੀ ਉਡੀਕ ਖ਼ਤਮ ਹੋ ਸਕੇ। ਇਹ ਭਾਰਤੀ ਪਿਛਲੇ ਕਈ ਵਰ੍ਹਿਆਂ ਤੋਂ ਅਮਰੀਕਾ 'ਚ ਰਹਿ ਰਹੇ ਹਨ ਅਤੇ ਕਈ ਤਾਂ ਪਿਛਲੇ ਇਕ ਦਹਾਕੇ ਤੋਂ ਵਧ ਸਮੇਂ ਤੋਂ ਉਥੇ ਵਸੇ ਹੋਏ ਹਨ। ਰੈਲੀ ਨੂੰ ਸੰਬੋਧਨ ਕਰਦਿਆਂ ਰਿਪਬਲਿਕਨ ਹਿੰਦੂ ਕੋਲਿਸ਼ਨ ਦੇ ਕੌਮੀ ਨੀਤੀ ਅਤੇ ਸਿਆਸੀ ਡਾਇਰੈਕਟਰ ਕ੍ਰਿਸ਼ਨਾ ਬਾਂਸਲ ਨੇ ਕਿਹਾ, "ਅਸੀਂ ਮੈਰਿਟ ਆਧਾਰਿਤ ਇਮੀਗਰੇਸ਼ਨ ਨੀਤੀ 'ਤੇ ਗੰਭੀਰਤਾ ਨਾਲ ਵਿਚਾਰ ਰਹੇ ਹਾਂ। ਇਸ ਨਾਲ ਅਮਰੀਕਾ 'ਚ ਖੁਸ਼ਹਾਲੀ




ਆਏਗੀ ਅਤੇ ਤੇਜ਼ੀ ਨਾਲ ਮੁਲਕ ਦਾ ਆਰਥਿਕ ਵਿਕਾਸ ਹੋਵੇਗਾ।" ਟਰੰਪ ਨੂੰ ਹਮਾਇਤ ਦੇਣ ਦਾ ਐਲਾਨ ਕਰਦਿਆਂ ਉਨ੍ਹਾਂ ਕਿਹਾ ਕਿ ਵ੍ਹਾਈਟ ਹਾਊਸ ਅਤੇ ਕਾਨੂੰਨਸਾਜ਼ਾਂ ਨਾਲ ਵਿਆਪਕ ਇਮੀਗਰੇਸ਼ਨ ਬਿੱਲ ਲਿਆਉਣ ਬਾਰੇ ਉਨ੍ਹਾਂ ਦਾ ਧੜਾ ਕੰਮ ਕਰ ਰਿਹਾ ਹੈ ਜਿਸ 'ਚ ਇਹ ਸਾਰੀਆਂ ਗੱਲਾਂ ਸ਼ਾਮਲ ਹੋਣੀਆਂ ਚਾਹੀਦੀਆਂ ਹਨ। ਸ੍ਰੀ ਬਾਂਸਲ ਨੇ ਕਿਹਾ ਕਿ ਭਾਰਤ ਦੇ ਹਜ਼ਾਰਾਂ ਹੁਨਰਮੰਦ ਮਾਹਿਰਾਂ ਨੂੰ ਗਰੀਨ ਕਾਰਡ ਦੇਣ ਨਾਲ ਉਨ੍ਹਾਂ ਦੀ ਪੂਰੀ ਸਮਰੱਥਾ ਦਾ ਲਾਹਾ ਲਿਆ ਜਾ ਸਕੇਗਾ। ਰੈਲੀ ਦੌਰਾਨ ਕਈ ਸਾਫਟਵੇਅਰ ਇੰਜਨੀਅਰ ਵੀ ਹਾਜ਼ਰ ਸਨ ਅਤੇ ਉਨ੍ਹਾਂ ਬੈਨਰ ਅਤੇ ਪੋਸਟਰ ਹੱਥਾਂ 'ਚ ਫੜੇ ਹੋਏ ਸਨ ਜਿਨ੍ਹਾਂ 'ਤੇ 'ਗਰੀਨ ਕਾਰਡ ਬੈਕਲਾਗ 'ਤੇ ਕਟੌਤੀ ਖ਼ਤਮ ਕਰੋ, ਸਖ਼ਤੀ ਨਾਲ ਮੈਰਿਟ ਆਧਾਰਿਤ ਅੰਕ ਪ੍ਰਣਾਲੀ ਲਾਗੂ ਕਰੋ, ਮੁਲਕਾਂ 'ਚੋਂ ਪਰਵਾਸੀਆਂ ਦੀ ਹੱਦ ਸੀਮਾ ਖ਼ਤਮ ਕਰੋ, ਕਾਨੂੰਨੀ ਡਰੀਮਰਜ਼ ਦੀ ਹਮਾਇਤ ਕਰਨ ਦੀ ਲੋੜ ਅਤੇ ਅਸੀਂ ਟਰੰਪ ਨੂੰ ਹਮਾਇਤ ਦਿੰਦੇ ਹਾਂ' ਵਰਗੇ ਨਾਅਰੇ ਲਿਖੇ ਹੋਏ ਸਨ। ਵ੍ਹਾਈਟ ਹਾਊਸ 'ਤੇ ਟਰੰਪ ਪੱਖੀ ਇਮੀਗਰੇਸ਼ਨ ਰੈਲੀਆਂ 'ਚੋਂ ਇਹ ਇਕ ਵੱਡੀ ਰੈਲੀ ਸੀ। ਵਰਜੀਨੀਆ ਦੇ ਰੋਨਲਡ ਰੀਗਨ ਮਿਡਲ ਸਕੂਲ 'ਚ ਪੜ੍ਹਦੀ ਅਕਸ਼ਿਤਾ ਰਮੇਸ਼ (13 ਸਾਲ) ਨੇ ਕਿਹਾ ਕਿ ਗਰੀਨ ਕਾਰਡ ਬੈਕਲਾਗ ਹੁਨਰਮੰਦ ਪਰਵਾਸੀਆਂ ਨੂੰ ਪਰੇਸ਼ਾਨ ਕਰ ਰਹੇ ਹਨ ਜੋ ਬਿਹਤਰ ਜ਼ਿੰਦਗੀ ਲਈ ਇਸ ਮੁਲਕ 'ਚ ਆਏ ਸਨ। ਰਿਪਬਲਿਕਨ ਹਿੰਦੂ ਕੋਲਿਸ਼ਨ ਮੁਤਾਬਕ ਭਾਰਤ ਦੇ ਕਰੀਬ ਦੋ ਲੱਖ ਬੱਚੇ ਅਮਰੀਕਾ 'ਚ ਹਨ ਜਿਨ੍ਹਾਂ ਕਦੇ ਕਾਨੂੰਨ ਨਹੀਂ ਤੋੜਿਆ ਪਰ 21 ਸਾਲ ਦੀ ਉਮਰ ਹੋਣ ਕਰਕੇ ਉਨ੍ਹਾਂ ਨੂੰ ਮੁਲਕ ਪਰਤਣਾ ਪਏਗਾ ਕਿਉਂਕਿ ਉਨ੍ਹਾਂ ਦੇ ਮਾਪਿਆਂ ਨੂੰ ਗਰੀਨ ਕਾਰਡ ਦੀ ਉਡੀਕ ਕਰਨੀ ਪੈ ਰਹੀ ਹੈ।

# 6 ਉਘੇ ਅਮਰੀਕੀ ਕਾਨੂੰਨਸਾਜ਼ ਗਰੀਨ ਕਾਰਡਾਂ ਬਾਰੇ ਮੁਲਕ ਦੀ ਹੱਦ ਖ਼ਤਮ ਕਰਨ ਦੇ ਹੱਕ 'ਚ

**ਵਾਸ਼ਿੰਗਟਨ/ਬਿਊਰੋ ਨਿਊਜ਼,** ਅਮਰੀਕਾ ਦੇ ਛੇ ਅਸਰਦਾਰ ਕਾਨੂੰਨਸਾਜ਼ਾਂ ਨੇ ਹੁਨਰਮੰਦ ਭਾਰਤੀਆਂ ਦੀ ਹਮਾਇਤ ਕਰਦਿਆਂ ਗਰੀਨ ਕਾਰਡਾਂ ਦੀ ਅਲਾਟਮੈਂਟ 'ਚ ਪ੍ਰਤੀ ਮੁਲਕ ਹੱਦ ਨੂੰ ਖ਼ਤਮ ਕਰਨ ਦੀ ਵਕਾਲਤ ਕੀਤੀ ਹੈ। ਉਨ੍ਹਾਂ ਦਲੀਲ ਦਿੱਤੀ ਕਿ ਮੌਜੂਦਾ ਪ੍ਰਣਾਲੀ ਕਰਕੇ 15 ਲੱਖ ਲੋਕ ਬੈਕਲਾਗ ਦੇ ਘੇਰੇ 'ਚ ਫਸੇ ਹੋਏ ਹਨ ਜਿਸ ਦਾ ਅਮਰੀਕਾ ਨੂੰ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਕਾਰਨ ਹੁਨਰਮੰਦ ਭਾਰਤੀਆਂ ਨੂੰ 70 ਸਾਲ ਤਕ ਦੀ ਉਡੀਕ ਕਰਨੀ ਪੈ ਸਕਦੀ ਹੈ। ਸੂਚਨਾ ਤਕਨਾਲੋਜੀ, ਵਿਗਿਆਨੀਆਂ ਅਤੇ ਅਕਾਦਮੀਸ਼ੀਅਨਾਂ ਸਮੇਤ ਹੋਰ ਖੇਤਰਾਂ ਦੇ ਹੁਨਰਮੰਦ



ਕਰੀਬ 200 ਭਾਰਤੀਆਂ ਨੇ ਸੋਮਵਾਰ ਨੂੰ ਅਮਰੀਕੀ ਸੰਸਦ ਨੇੜੇ ਇਕੱਤਰ ਹੋ ਕੇ ਕਾਨੂੰਨਸਾਜ਼ਾਂ ਦੇ ਦਫ਼ਤਰਾਂ ਦਾ ਦੌਰਾ ਕੀਤਾ। ਬਾਅਦ 'ਚ ਸ਼ਾਮ ਨੂੰ ਅੱਧਾ ਦਰਜਨ ਕਾਨੂੰਨਸਾਜ਼ ਭਾਰਤੀਆਂ ਦੀ ਹਮਾਇਤ ਲਈ ਸਾਹਮਣੇ ਆਏ, ਜੋ ਕੈਲੀਫੋਰਨੀਆ ਸਮੇਤ ਹੋਰ ਥਾਵਾਂ ਤੋਂ ਇੰਮੀਗਰੇਸ਼ਨ ਵੁਆਇਸ ਦੇ ਅਮਨ ਕਪੂਰ ਦੀ ਅਗਵਾਈ ਹੇਠ ਇਥੇ ਪੁੱਜੇ ਸਨ। ਕਾਂਗਰਸਮੈਨ ਕੇਵਿਨ ਯੋਡਰ ਨੇ ਭਾਰਤੀਆਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਸਾਰੇ ਲੋਕਾਂ ਲਈ ਅਮਰੀਕਾ ਦੇ ਦਰਵਾਜ਼ੇ ਖੁਲ੍ਹੇ ਰੱਖਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਪਹਿਲਾਂ ਆਓ-ਪਹਿਲਾਂ ਪਾਓ ਦੇ ਆਧਾਰ 'ਤੇ ਵੀਜ਼ਾ ਪ੍ਰਣਾਲੀ ਹੋਣੀ ਚਾਹੀਦੀ ਹੈ। ਇਕ ਹੋਰ ਕਾਂਗਰਸਮੈਨ ਮਾਈਕ ਡੋਇਲ ਨੇ ਐਚ ਆਰ 392 ਦੀ ਹਮਾਇਤ ਕੀਤੀ ਅਤੇ ਕਿਹਾ ਕਿ ਪਿੱਟਸਬਰਗ ਪ੍ਰਤਿਭਾਵਾਨ ਲੋਕਾਂ ਦੇ ਆਉਣ ਅਤੇ ਕੰਮ ਕਰਨ ਦੀ ਉਡੀਕ ਕਰ ਰਿਹਾ ਹੈ। ਕਾਂਗਰਸਮੈਨ ਰੋਨ ਐਸਟਿਸ ਨੇ ਕਿਹਾ ਕਿ ਕਾਂਗਰਸ ਨੂੰ ਇਸ ਮਸਲੇ 'ਤੇ ਅਜੇ ਬਹੁਤ ਕੰਮ ਕਰਨਾ ਬਾਕੀ ਹੈ।

## ਇਮੀਗਰੇਸ਼ਨ ਪ੍ਰਣਾਲੀ 'ਚ ਤੇਜ਼ੀ ਲਿਆਂਦੀ ਜਾਵੇ

**ਵਾਸ਼ਿੰਗਟਨ:** ਨਫ਼ਰਤੀ ਅਪਰਾਧ ਦੀ ਘਟਨਾ 'ਚ ਮਾਰੇ ਗਏ ਭਾਰਤੀ ਇੰਜਨੀਅਰ ਸ੍ਰੀਨਿਵਾਸ ਕੁਚੀਬੋਲਤਾ ਦੀ ਪਤਨੀ ਸੁਨੈਣਾ ਦੁਮਾਲਾ ਨੇ ਕਿਹਾ ਹੈ ਕਿ ਅਮਰੀਕੀ ਇੰਮੀਗਰੇਸ਼ਨ ਪ੍ਰਣਾਲੀ 'ਚ ਤੇਜ਼ੀ ਲਿਆਉਣ ਦੀ ਲੋੜ ਹੈ ਅਤੇ ਇਹ ਸਾਰਿਆਂ ਲਈ ਇਕ ਬਰਾਬਰ ਹੋਣੀ ਚਾਹੀਦੀ ਹੈ। ਉਨ੍ਹਾਂ ਮੰਗ ਕੀਤੀ ਕਿ ਸਰਕਾਰ ਨੂੰ ਗਰੀਨ ਕਾਰਡ ਜਾਰੀ ਕਰਨ 'ਚ ਮੁਲਕਾਂ ਦੀ ਹੱਦ ਖ਼ਤਮ ਕਰਨੀ ਚਾਹੀਦੀ ਹੈ।

## ਗੈਂਗਸਟਰ ਰਵੀ ਦਿਓਲ ਨੇ ਅਕਾਲੀ ਆਗੂ ’ਤੇ ਲਾਏ ਗੰਭੀਰ ਦੋਸ਼

**ਸੰਗਰੂਰ/ਬਿਊਰੋ ਨਿਊਜ਼,** ਰਿਮਾਂਡ ’ਤੇ ਚੱਲ ਰਹੇ ਗੈਂਗਸਟਰ ਰਵੀਚਰਨ ਸਿੰਘ ਉਰਫ਼ ਰਵੀ ਦਿਓਲ ਨੇ ਵੱਡਾ ਖੁਲਾਸਾ ਕਰਦਿਆਂ ਇਕ ਅਕਾਲੀ ਆਗੂ ਸਮੇਤ ਦੋ ਜਣਿਆਂ ਉਪਰ ਅਪਰਾਧਿਕ ਘਟਨਾਵਾਂ ਵਿਚ ਧੱਕਣ, ਉਸ ਪਾਸੋਂ ਗਲਤ ਕੰਮ ਕਰਾਉਣ ਅਤੇ ਮੂੰਹ ਬੰਦ ਰੱਖਣ ਲਈ 12 ਲੱਖ ਰੁਪਏ ਦੇਣ ਦੇ ਗੰਭੀਰ ਦੋਸ਼ ਲਾਏ ਹਨ। ਅਕਾਲੀ ਆਗੂ ਅਮਨਬੀਰ ਸਿੰਘ ਚੈਰੀ ਸਾਬਕਾ ਵਿੱਤ ਮੰਤਰੀ ਤੇ ਵਿਧਾਇਕ ਪਰਮਿੰਦਰ ਸਿੰਘ ਢੀਂਡਸਾ ਦਾ ਨਜ਼ਦੀਕੀ ਰਿਸ਼ਤੇਦਾਰ ਹੈ। ਅਕਾਲੀ-ਭਾਜਪਾ ਸਰਕਾਰ ਸਮੇਂ ਉਹ ਉਨ੍ਹਾਂ ਦਾ ਓਐਸਡੀ ਵੀ ਰਿਹਾ ਹੈ। ਇਰਾਦਾ ਕਤਲ ਕੇਸ ਵਿੱਚ ਚਾਰ ਦਿਨ ਦਾ ਪੁਲੀਸ ਰਿਮਾਂਡ ਖਤਮ ਹੋਣ ਮਗਰੋਂ ਪੁਲੀਸ ਵੱਲੋਂ ਅੱਜ ਉਸ ਨੂੰ ਚੀਫ਼ ਜੁਡੀਸ਼ੀਅਲ ਮੈਜਿਸਟ੍ਰੇਟ ਦਰਜਾ ਅੱਵਲ ਜੇ.ਐਸ.ਮਹਿੰਦੀਰੱਤਾ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਅਦਾਲਤ ਨੇ ਉਸ ਦਾ ਅੱਠ ਦਿਨ ਦਾ ਪੁਲੀਸ ਰਿਮਾਂਡ ਦਿੱਤਾ ਹੈ। 11 ਫਰਵਰੀ ਨੂੰ ਰਵੀ ਨੂੰ ਮੁੜ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ। ਪੇਸ਼ੀ ਉਪਰੰਤ ਪੁਲੀਸ ਹਿਰਾਸਤ ਦੌਰਾਨ ਹੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਗੈਂਗਸਟਰ ਰਵੀ ਦਿਓਲ ਨੇ ਓਪਰੋਕਤ ਦੋਸ਼ ਲਾਏ। ਉਸਨੇ ਕਿਹਾ ਕਿ ਉਸ ਨੂੰ ਗੈਂਗਸਟਰ ਨਾ ਲਿਖਿਆ ਜਾਵੇ ਕਿਉਂਕਿ ਗੈਂਗਸਟਰ ਉਹ ਹਨ ਜਿਨ੍ਹਾਂ ਨੇ ਉਸ ਨੂੰ ਅਪਰਾਧਿਕ ਘਟਨਾਵਾਂ ਵਿਚ ਧੱਕਿਆ ਹੈ। ਉਸ ਨੇ ਦੋਸ਼ ਲਾਇਆ ਕਿ ਅਕਾਲੀ ਆਗੂ ਅਮਨਬੀਰ ਸਿੰਘ ਚੈਰੀ ਅਤੇ ਉਸਦੇ ਸਾਥੀ ਮਨੋਜ ਕੁਮਾਰ ਮਨੂੰ ਨੇ ਹੀ ਲੜਾਈ ਝਗੜਿਆਂ ਦਾ ਮੁੱਢ ਬੰਨ੍ਹਿਆ। ਉਸ ਨੇ ਦੱਸਿਆ ਕਿ ਜਦੋਂ ਉਸਨੇ ਇਨ੍ਹਾਂ ਦੇ ਗਲਤ ਕੰਮਾਂ ਦਾ ਜਨਤਕ ਤੌਰ ’ਤੇ ਖੁਲਾਸਾ ਕਰਨ ਦੀ ਧਮਕੀ ਦਿੱਤੀ ਤਾਂ ਚੈਰੀ ਨੇ ਉਸਨੂੰ ਆਪਣਾ ਮੂੰਹ ਬੰਦ ਰੱਖਣ ਲਈ 12 ਲੱਖ ਰੁਪਏ ਦਿੱਤੇ।

### ਅਕਾਲੀ ਆਗੂ ਚੈਰੀ ਨੇ ਦੋਸ਼ ਨਕਾਰੇ

ਅਕਾਲੀ ਆਗੂ ਅਮਨਬੀਰ ਸਿੰਘ ਚੈਰੀ ਨੇ ਇਨ੍ਹਾਂ ਦੋਸ਼ਾਂ ਨੂੰ ਝੂਠਾ ਤੇ ਬੇਬੁਨਿਆਦ ਕਰਾਰ ਦਿੰਦਿਆਂ ਕਿਹਾ ਕਿ ਉਹ ਬੀਤੇ 15 ਸਾਲਾਂ ਵਿੱਚ ਕਿਸੇ ਰਵੀ ਦਿਓਲ ਨੂੰ ਨਹੀਂ ਮਿਲਿਆ। ਉਸ ਨੇ ਕਿਹਾ ਕਿ ਇਹ ਕਿਸੇ ਦੀ ਸਾਜਿਸ਼ ਹੈ ਜਿਸ ਦੀ ਡੂੰਘਾਈ ਨਾਲ ਜਾਂਚ ਹੋਣੀ ਚਾਹੀਦੀ ਹੈ। ਮਨੋਜ ਕੁਮਾਰ ਨੇ ਵੀ ਦੋਸ਼ਾਂ ਦਾ ਖੰਡਨ ਕੀਤਾ ਹੈ।

## ਵਿੱਕੀ ਗੌਂਡਰ ਦੇ ਭੋਗ ਮੌਕੇ ਬੁਲਾਰਿਆਂ ਨੇ ਪੁਲੀਸ ਮੁਕਾਬਲੇ ਨੂੰ ਝੂਠਾ ਦਸਿਆ

### *ਅਕਾਲੀ ਦਲ (ਅੰਮ੍ਰਿਤਸਰ) ਨੇ ਸੀ.ਬੀ.ਆਈ. ਦੀ ਜਾਂਚ ਮੰਗੀ*



**ਮਲੋਟ/ਬਿਊਰੋ ਨਿਊਜ਼:** ਜ਼ਿਲ੍ਹਾ ਮੁਕਤਸਰ ਸਾਹਿਬ ਦੇ ਪਿੰਡ ਸਰਾਵਾਂ ਬੋਦਲਾਂ ਵਿੱਚ ਹਰਜਿੰਦਰ ਸਿੰਘ ਉਰਫ਼ ਵਿੱਕੀ ਗੌਂਡਰ ਨਮਿਤ ਹੋਈ ਅੰਤਿਮ ਅਰਦਾਸ ਵਿੱਚ ਇਲਾਕੇ ਦੀਆਂ ਵੱਖ-ਵੱਖ ਧਾਰਮਿਕ, ਸਮਾਜਿਕ ਤੇ ਸਿਆਸੀ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਸੰਬੋਧਨ ਕੀਤਾ। ਇਸ ਮੌਕੇ ਵੱਡੀ ਗਿਣਤੀ ਲੋਕ ਵੀ ਸ਼ਾਮਲ ਹੋਏ। ਦੱਸਣਯੋਗ ਹੈ ਕਿ ਬੀਤੀ 26 ਜਨਵਰੀ ਨੂੰ ਵਿੱਕੀ ਗੌਂਡਰ ਪੰਜਾਬ ਦੀ ਹੱਦ ਨੇੜੇ ਰਾਜਸਥਾਨ ਵਿੱਚ ਹੋਏ ਪੁਲੀਸ ਮੁਕਾਬਲੇ ਦੌਰਾਨ ਮਾਰਿਆ ਗਿਆ ਸੀ।

ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਰਨਜੀਤ ਸਿੰਘ ਮਾਨ ਵੱਲੋਂ ਭੋਗ ਸਮਾਗਮ ਵਿੱਚ ਪੁੱਜੇ ਪਾਰਟੀ ਦੇ ਜਨਰਲ ਸਕੱਤਰ ਜਸਕਰਨ ਸਿੰਘ ਕਾਹਨਪੁਰ ਨੇ ਦੋਸ਼ ਲਾਇਆ ਕਿ ਹਰਜਿੰਦਰ ਸਿੰਘ ਉਰਫ਼ ਵਿੱਕੀ ਗੌਂਡਰ ਦਾ ਪੁਲੀਸ ਮੁਕਾਬਲਾ ਨਹੀਂ ਹੋਇਆ, ਸਗੋਂ ਉਸ ਨੂੰ ਸੋਚੀ ਸਮਝੀ ਸਾਜ਼ਿਸ਼ ਤਹਿਤ ਮੌਤ ਦੇ ਘਾਟ ਉਤਾਰਿਆ ਗਿਆ ਹੈ। ਉਨ੍ਹਾਂ ਇਹ ਵੀ ਦੋਸ਼ ਲਾਏ ਕਿ ਸਿਸਟਮ ਤੋਂ ਸਤੇ ਨੌਜਵਾਨਾਂ ਨੂੰ ਹੁਣ ਤੱਕ ਖਾੜਕੂ, ਅਤਿਵਾਦੀ ਜਾਂ ਵੱਖਵਾਦੀ ਗਰਦਾਨ ਕੇ ਕਤਲ ਕੀਤਾ ਜਾਂਦਾ ਰਿਹਾ ਹੈ ਤੇ ਹੁਣ ਨਵਾਂ ਨਾਂ ਗੈਂਗਸਟਰ ਵੀ ਇਸੇ ਲੜੀ ਦਾ ਹਿੱਸਾ ਹੈ, ਜਿਸ ਦੀ ਆੜ ਵਿੱਚ ਹਰਜਿੰਦਰ ਸਿੰਘ ਦੀ ਹੱਤਿਆ ਕੀਤੀ ਗਈ ਹੈ। ਉਨ੍ਹਾਂ ਸੰਵਿਧਾਨ ਦੀਆਂ ਵੱਖ-ਵੱਖ ਧਾਰਾਵਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਜੇਕਰ ਸੰਵਿਧਾਨ ਮੁਤਾਬਕ ਹਰ ਵਿਅਕਤੀ ਬਰਾਬਰ ਦਾ ਅਧਿਕਾਰ ਰੱਖਦਾ ਹੈ ਤਾਂ ਵਿੱਕੀ ਵਰਗੇ ਨੌਜਵਾਨਾਂ ਦਾ ਕਤਲ ਕਰਨ ਵਾਲੇ ਇੰਸਪੈਕਟਰ ਖ਼ਿਲਾਫ਼ ਕਾਰਵਾਈ ਕਿਉਂ ਨਹੀਂ ਹੋ ਰਹੀ। ਉਨ੍ਹਾਂ ਇੰਸਪੈਕਟਰ ਬਿਕਰਮ ਅਤੇ ਸਮੂਹ ਟੀਮ ਖ਼ਿਲਾਫ਼ ਧਾਰਾ 302 ਤਹਿਤ ਕੇਸ ਦਰਜ ਕਰਨ ਦੀ ਮੰਗ ਕੀਤੀ। ਜਸਕਰਨ ਸਿੰਘ ਕਾਹਨਪੁਰ ਨੇ ਮੰਗ ਕੀਤੀ ਕਿ ਸਰਕਾਰ ਇਸ ਮਾਮਲੇ ਦੀ ਸੀਬੀਆਈ ਜਾਂਚ ਕਰਵਾਏ। ਉਨ੍ਹਾਂ ਕਿਹਾ ਕਿ ਉਹ ਵਿੱਕੀ ਗੌਂਡਰ ਜਿਹੇ ਨੌਜਵਾਨਾਂ ਨੂੰ ਇਨਸਾਫ਼ ਦਿਵਾਉਣ ਲਈ ਕਾਨੂੰਨੀ ਲੜਾਈ ਲੜਨਗੇ। ਇਸ ਮੌਕੇ ਕਾਂਗਰਸੀ ਆਗੂ ਸ਼ਿਵਕੰਵਰ ਸਿੰਘ ਸੰਧੂ ਨੇ ਵੀ ਤਿੱਖੇ ਸ਼ਬਦਾਂ ਵਿੱਚ ਵਿੱਕੀ ਦੇ ਪੁਲੀਸ ਮੁਕਾਬਲੇ ਨੂੰ ਗੈਰਮਨੁੱਖੀ ਕਾਰਾ, ਫ਼ਰਜ਼ੀ ਅਤੇ ਸੋਚੀ ਸਮਝੀ ਸਾਜ਼ਿਸ਼ ਦਾ ਹਿੱਸਾ ਦੱਸਿਆ। ਉਨ੍ਹਾਂ ਦੋਸ਼ ਲਾਇਆ ਕਿ ਬਹੁਤੇ ਤੱਥ ਅਜਿਹੇ ਹਨ, ਜੋ ਪੁਲੀਸ ਮੁਕਾਬਲੇ ਦੇ ਫ਼ਰਜ਼ੀ ਹੋਣ ਦੀ ਗਵਾਹੀ ਭਰਦੇ ਹਨ। ਵਿੱਕੀ ਨੂੰ ਫੜਨ ਵਿੱਚ ਅਸਫ਼ਲ ਰਹੀ ਪੁਲੀਸ ਨੇ ਆਪਣੀ ਕਮਜ਼ੋਰੀ ਛੁਪਾਉਣ ਲਈ ਉਸ ਨੂੰ ਮੌਤ ਦੇ ਘਾਟ ਉਤਾਰਿਆ ਹੈ। ਇਸ ਮੌਕੇ ਬਾਬਾ ਕਰਤਾਰ ਸਿੰਘ, ਪਰਮਿੰਦਰ ਸਿੰਘ ਕੋਲਿਆਂਵਾਲੀ, ਨਵਜੀਤ ਸਿੰਘ ਮਾਨ, ਬਚਿੱਤਰ ਸਿੰਘ ਸਮੇਤ ਵੱਡੀ ਗਿਣਤੀ ਇਲਾਕਾ ਵਾਸੀ ਹਾਜ਼ਰ ਸਨ।

## ਪੁਲਿਸ ਤੋਂ ਬਦਲਾ ਲੈਣ ਲਈ ਫੇਸਬੁੱਕ ਰਾਹੀਂ ਧਮਕੀ ਦੇਣ ਦੇ ਦੋਸ਼ ’ਚ ਵਿੱਕੀ ਗੌਂਡਰ ਗਰੋਹ ਦੇ 3 ਮੈਂਬਰ ਕੀਤੇ ਕਾਬੂ

**ਜਲੰਧਰ/ਬਿਊਰੋ ਨਿਊਜ਼:** ਨਾਭਾ ਜੇਲ੍ਹ ਕਾਂਡ ਅਤੇ ਸੁੱਖਾ ਕਾਹਲਵਾਂ ਦੀ ਹੱਤਿਆ ਦੇ ਮੁੱਖ ਦੋਸ਼ੀ ਹਰਜਿੰਦਰ ਸਿੰਘ ਭੁੱਲਰ ਉਰਫ਼ ਵਿੱਕੀ ਗੌਂਡਰ ਅਤੇ ਪ੍ਰੇਮ ਸਿੰਘ ਲਾਹੌਰੀਆ ਉਰਫ਼ ਪ੍ਰੇਮਾ ਲਾਹੌਰੀਆ ਦੇ ਆਪਣੇ ਇਕ ਸਾਥੀ ਸਵਿੰਦਰ ਸਿੰਘ ਦੇ ਨਾਲ ਪੁਲਿਸ ਮੁਕਾਬਲੇ ‘ਚ ਮਾਰੇ ਜਾਣ ਤੋਂ ਬਾਅਦ ਸ਼ੇਰਾ ਖੁੱਬਣ ਗਰੋਹ ਦੀ ਫੇਸਬੁੱਕ ‘ਤੇ ਸਰਪੰਚ ਨਾਂਅ ਦੀ ਆਈ.ਡੀ. ਤੋਂ ਧਮਕੀ ਦਿੱਤੀ ਗਈ ਕਿ ਉਹ ਆਪਣੇ 3 ਸਾਥੀਆਂ ਦੇ ਮਾਰੇ ਜਾਣ ਬਦਲੇ 6 ਪੁਲਿਸ ਵਾਲਿਆਂ ਨੂੰ ਮਾਰਨਗੇ। ਇਹ ਧਮਕੀ ਦੇਣ ਵਾਲੇ ਨੌਜਵਾਨ ਨੂੰ ਲੁਧਿਆਣਾ ਪੁਲਿਸ ਨੇ 2 ਹੋਰ ਸਾਥੀਆਂ ਸਮੇਤ ਗ੍ਰਿਫ਼ਤਾਰ ਕਰ ਲਿਆ ਹੈ, ਜਿਨ੍ਹਾਂ ਦੀ ਪਹਿਚਾਣ ਗੁਰਪ੍ਰੀਤ ਸਿੰਘ ਉਰਫ਼ ਗੋਪੀ ਪੁੱਤਰ ਮੇਜਰ ਸਿੰਘ ਵਾਸੀ ਪਿੰਡ ਧਾਮ, ਤਲਵੰਡੀ ਖੁਰਦ, ਦਾਖਾ, ਕਾਰਜਪਾਲ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਬਸਤੀ ਪੰਜਾਬ ਸਿੰਘ ਵਾਲਾ, ਜ਼ੀਰਾ, ਫਿਰੋਜ਼ਪੁਰ ਅਤੇ ਗੁਰਜੀਤ ਸਿੰਘ ਉਰਫ਼ ਗੋਪੀ ਪੁੱਤਰ ਬਖ਼ਸ਼ੀਸ਼ ਸਿੰਘ ਵਾਸੀ ਬਡਾਲਾ ਵਜੋਂ ਹੋਈ ਹੈ। ਪੁਲਿਸ ਪਾਰਟੀ ਨੂੰ ਇਨ੍ਹਾਂ ਨੌਜਵਾਨਾਂ ਕੋਲੋਂ 500 ਗ੍ਰਾਮ ਹੈਰੋਇਨ, 4 ਪਿਸਤੌਲ 12 ਬੋਰ ਅਤੇ 2 ਪਿਸਤੌਲ 32 ਬੋਰ ਬਰਾਮਦ ਹੋਏ ਹਨ। ਜਲੰਧਰ ਜ਼ੋਨ ਦੇ ਆਈ.ਜੀ. ਅਰਪਿਤ ਸ਼ੁਕਲਾ ਨੇ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਗੌਂਡਰ ਦੀ ਮੌਤ ਤੋਂ ਬਾਅਦ ਸ਼ੇਰਾ ਖੁੱਬਣ ਦੇ ਫੇਸਬੁੱਕ ਪੇਜ਼ ‘ਤੇ ਪੁਲਿਸ ਵਾਲਿਆਂ ਨੂੰ ਦਿੱਤੀ ਧਮਕੀ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਇਸ ਦੀ ਜਾਂਚ ਕੀਤੀ ਗਈ। ਇਸ ਦੌਰਾਨ ਪਤਾ ਲੱਗਾ ਕਿ ਗੁਰਪ੍ਰੀਤ ਸਿੰਘ ਉਰਫ਼ ਗੋਪੀ, ਕਾਰਜਪਾਲ ਸਿੰਘ, ਗੁਰਜੀਤ ਸਿੰਘ ਉਰਫ਼ ਗੋਪੀ, ਕਰਤਾਰ ਸਿੰਘ ਪੁੱਤਰ ਗੁਰਦੇਵ ਸਿੰਘ ਵਾਸੀ ਪਿੰਡ ਸਜਾਦੀ, ਘੱਲ ਖੁਰਦ, ਗੁਰਿੰਦਰ ਸਿੰਘ ਉਰਫ਼ ਰਾਮੂਵਾਲੀਆ ਵਾਸੀ ਮੱਲਾਂਵਾਲ, ਡੇਵਿਡ ਵਾਸੀ ਮੱਲੋਕੇ ਰੋਡ ਜ਼ੀਰਾ, ਰੂਬੀ ਪੁੱਤਰ ਮੰਗਤ ਰਾਮ ਵਾਸੀ ਗੌਰੀ ਮੁਹੱਲਾ, ਜ਼ੀਰਾ ਅਤੇ ਸੱਤੀ ਵਾਸੀ ਆਤਮਾ ਨਗਰ ਲੁਧਿਆਣਾ ਫੇਸਬੁੱਕ ਆਈ.ਡੀ. ਨੂੰ ਚਲਾ ਰਹੇ ਹਨ। ਇਸ ਆਧਾਰ ‘ਤੇ ਦੋਸ਼ੀਆਂ ਦੀ ਭਾਲ ਲਈ ਵਿਸ਼ੇਸ਼ ਮੁਹਿੰਮ ਚਲਾਈ ਗਈ, ਜਿਸ ਤਹਿਤ ਡੀ.ਆਈ.ਜੀ. ਲੁਧਿਆਣਾ ਜੀ.ਐੱਸ. ਸੰਧੂ ਅਤੇ ਐੱਸ.ਐੱਸ.ਪੀ. ਲੁਧਿਆਣਾ ਦਿਹਾਤੀ ਸੁਰਜੀਤ ਸਿੰਘ ਦੀ ਨਿਗਰਾਨੀ ਹੇਠ ਐੱਸ.ਪੀ. (ਡੀ) ਰੁਪਿੰਦਰ ਕੁਮਾਰ ਭਾਰਦਵਾਜ ਨੇ ਥਾਣਾ ਸਦਰ, ਜਗਰਾਉਂ ਦੀ ਪੁਲਿਸ ਪਾਰਟੀ ਨਾਲ ਮਿਲ ਕੇ ਪਿੰਡ ਗਾਲਿਬ ਕਲਾਂ ਨੇੜੇ ਕਾਰਵਾਈ ਕਰਦੇ ਹੋਏ ਇਕ ਇਨੋਵਾ ਕਾਰ ‘ਚੋਂ ਗੁਰਪ੍ਰੀਤ ਸਿੰਘ ਉਰਫ ਗੋਪੀ, ਕਾਰਜਪਾਲ ਸਿੰਘ ਅਤੇ ਗੁਰਜੀਤ ਸਿੰਘ ਉਰਫ਼ ਗੋਪੀ ਨੂੰ ਗ੍ਰਿਫ਼ਤਾਰ ਕਰ ਲਿਆ।



ਗੁਰਪ੍ਰੀਤ ਸਿੰਘ ਉਰਫ਼ ਗੋਪੀ ਤੋਂ ਜਾਣਕਾਰੀ ਮਿਲੀ ਕਿ ਉਸ ਨੇ ਹੀ ਫੇਸਬੁੱਕ ਜ਼ਰੀਏ ਪੁਲਿਸ ਨੂੰ ਧਮਕੀ ਦਿੱਤੀ ਸੀ। ਇਹ ਵੀ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਨੌਜਵਾਨ ਵਿੱਕੀ ਗੌਂਡਰ ਗਰੋਹ ਨੂੰ ਮੁੜ ਮਜ਼ਬੂਤ ਕਰਨ ਦੀਆਂ ਕਾਰਵਾਈਆਂ ‘ਚ ਲੱਗੇ ਹੋਏ ਸਨ। ਇਨ੍ਹਾਂ ਨੌਜਵਾਨਾਂ ਖ਼ਿਲਾਫ਼ ਬਣਦੀ ਅਗਲੇਰੀ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ, ਜਦਕਿ ਫਰਾਰ ਵਿਅਕਤੀਆਂ ਦੀ ਭਾਲ ‘ਚ ਪੁਲਿਸ ਪਾਰਟੀਆਂ ਲਗਾਈਆਂ ਗਈਆਂ ਹਨ।

### ਕਾਰਜਪਾਲ ਸਿੰਘ ਦੀ ਪ੍ਰੇਮਾ ਲਾਹੌਰੀਆ ਨਾਲ ਰਿਸ਼ਤੇਦਾਰੀ

ਆਈ.ਜੀ. ਸ਼ੁਕਲਾ ਨੇ ਦੱਸਿਆ ਕਿ ਮੁਢਲੀ ਤਫ਼ਤੀਸ਼ ਦੌਰਾਨ ਪਤਾ ਲੱਗਾ ਹੈ ਕਿ ਕਾਰਜਪਾਲ ਸਿੰਘ ਗੈਂਗਸਟਰ ਪ੍ਰੇਮਾ ਲਾਹੌਰੀਆ ਦਾ ਕਰੀਬੀ ਰਿਸ਼ਤੇਦਾਰ ਹੈ। ਇਸ ਦਾ ਦੂਸਰਾ ਸਾਥੀ ਗੁਰਿੰਦਰ ਸਿੰਘ ਰਾਮੂਵਾਲੀਆ ਕੁਝ ਸਮਾਂ ਪਹਿਲਾਂ ਡੱਬਵਾਲੀ ਵਿਖੇ ਪੁਲਿਸ ਮੁਕਾਬਲੇ ਦੌਰਾਨ ਘੇਰਾ ਪੈ ਜਾਣ ‘ਤੇ ਆਪਣੇ ਦੋ ਹੋਰ ਸਾਥੀਆਂ ਦੇ ਨਾਲ ਆਪਣੇ-ਆਪ ਨੂੰ ਗੋਲੀ ਮਾਰ ਲੈਣ ਵਾਲੇ ਨਿਸ਼ਾਨ ਸਿੰਘ ਰੁਕਣਾਬੇਗੂ ਵਾਸੀ ਫਿਰੋਜ਼ਪੁਰ ਦੇ ਚਾਚੇ ਦਾ ਲੜਕਾ ਹੈ।

### ਗੁਰਪ੍ਰੀਤ ਸਿੰਘ ਉਰਫ਼ ਗੋਪੀ ਦੇ ਦੂਬਈ ‘ਚ ਗੈਂਗਸਟਰਾਂ ਨਾਲ ਬਣੇ ਸਨ ਸਬੰਧ

ਗੁਰਪ੍ਰੀਤ ਸਿੰਘ ਉਰਫ਼ ਗੋਪੀ 10 ਜਮਾਤਾਂ ਪਾਸ ਕਰਕੇ ਕਰੀਬ 2-3 ਸਾਲ ਨੌਕਰੀ ਕਰਨ ਤੋਂ ਬਾਅਦ ਦੁਬਈ ਚਲਾ ਗਿਆ ਸੀ, ਜਿੱਥੇ ਉਸ ਦੇ ਪਰਮਿੰਦਰ ਸਿੰਘ ਉਰਫ਼ ਮਨੂੰ ਉਰਫ਼ ਟਾਈਗਰ ਪੁੱਤਰ ਸਵ. ਭਗਵਾਨ ਸਿੰਘ ਵਾਸੀ ਚੋਹਲਾ ਸਾਹਿਬ, ਤਰਨ ਤਾਰਨ ਨਾਲ ਸਬੰਧ ਬਣ ਗਏ, ਜਿਸ ਤੋਂ ਬਾਅਦ ਗੋਪੀ ਦੁਬਈ ਤੋਂ ਹੀ ਪੰਜਾਬ ਦੇ ਗੈਂਗਸਟਰਾਂ ਨੂੰ ਪੈਸੇ ਭੇਜਣ ਲੱਗਾ। ਇਸ ਦੌਰਾਨ ਦੁਬਈ ‘ਚ ਬੈਠੇ ਨੀਟਾ ਦਿਓਲ ਨਾਲ ਵੀ ਉਸ ਦੀ ਪਹਿਚਾਣ ਹੋ ਗਈ, ਜਿਸ ਨਾਲ ਉਹ ਗੁਰਪ੍ਰੀਤ ਸਿੰਘ ਸੇਖੋਂ ਅਤੇ ਵਿੱਕੀ ਗੌਂਡਰ ਗਰੋਹ ਦੇ ਹੋਰ ਗੈਂਗਸਟਰਾਂ ਦੇ ਸੰਪਰਕ ‘ਚ ਆ ਗਿਆ। ਦੁਬਈ ਤੋਂ ਵਾਪਸ ਆਉਣ ਤੋਂ ਬਾਅਦ ਗੋਪੀ ਜੇਲ੍ਹ ‘ਚ ਬੈਠੇ ਟਾਈਗਰ, ਦਿਲਪ੍ਰੀਤ, ਨੀਟਾ ਦਿਓਲ, ਗੁਰਪ੍ਰੀਤ ਸਿੰਘ ਸੇਖੋਂ ਅਤੇ ਹੋਰ ਗੈਂਗਸਟਰਾਂ ਦੀ ਪੈਰਵਾਈ ਕਰਦਾ ਰਿਹਾ ਅਤੇ ਉਨ੍ਹਾਂ ਨੂੰ ਮਾਲੀ ਸਹਾਇਤਾ ਵੀ ਦਿੰਦਾ ਰਿਹਾ। ਪੈਸਿਆਂ ਦੇ ਪ੍ਰਬੰਧ ਲਈ ਗੋਪੀ ਅਤੇ ਉਸ ਦੇ ਸਾਥੀ ਨਸ਼ੇ ਦੀ ਤਸਕਰੀ ਅਤੇ ਲੁੱਟਾਂ-ਖੋਹਾਂ ਦੀਆਂ ਵਾਰਦਾਤਾਂ ਵੀ ਕਰਦੇ ਰਹੇ ਹਨ।

### ਪਿੰਡ ਵਾਲਿਆਂ ਨੂੰ ਹੋਈ ਹੈਰਾਨੀ

ਗੁਰਪ੍ਰੀਤ ਸਿੰਘ ਉਰਫ਼ ਗੋਪੀ ਦੇ ਪਰਿਵਾਰਕ ਮੈਂਬਰਾਂ ਅਤੇ ਪਿੰਡ ਵਾਸੀਆਂ ਨੇ ਇਸ ਸਬੰਧੀ ਹੈਰਾਨੀ ਜ਼ਾਹਿਰ ਕਰਦਿਆਂ ਕਿਹਾ ਕਿ ਗੋਪੀ ਕਿਸੇ ਵੀ ਤਰ੍ਹਾਂ ਅਤੇ ਕਿਸੇ ਵੀ ਗੈਂਗਸਟਰ ਗਰੁੱਪ ਨਾਲ ਸਬੰਧਿਤ ਨਹੀਂ ਰਿਹਾ ਪਰ ਉਸ ਦੁਆਰਾ ਗੁਰਪ੍ਰੀਤ ਸਰਪੰਚ ਨਾਂਅ ਦੇ ਫੇਸਬੁੱਕ ਅਕਾਊਂਟ ਉੱਪਰ ਵਿੱਕੀ ਗੌਂਡਰ ਦੀ ਮੌਤ ਤੋਂ ਬਾਅਦ ਪਾਈ ਧਮਕੀ ਭਰੀ ਪੋਸਟ ਨੇ ਹੀ ਉਸ ਨੂੰ ਫ਼ਸਾ ਦਿੱਤਾ ਹੈ। ਪਿੰਡ ਦੇ ਸਾਬਕਾ ਪੰਚ ਤੀਰਥ ਸਿੰਘ ਤੇ ਹੋਰ ਪਿੰਡ ਵਾਸੀਆਂ ਦੀ ਹਾਜ਼ਰੀ ‘ਚ ਗੋਪੀ ਦੇ ਭਰਾ ਕਮਲਜੀਤ ਸਿੰਘ ਨੇ ਦੱਸਿਆ ਕਿ 26 ਸਾਲਾ ਗੋਪੀ ਮੈਟ੍ਰਿਕ ਕਰਨ ਤੋਂ ਬਾਅਦ ਲੁਧਿਆਣਾ ਵਿਖੇ ਗੱਡੀ ਚਲਾਉਣ ਲੱਗ ਪਿਆ। ਉਸ ਤੋਂ ਬਾਅਦ ਉਹ ਦੁਬਈ ਚਲਾ ਗਿਆ। ਪਰਿਵਾਰ ਦੁਆਰਾ ਕਰੀਬ 6 ਮਹੀਨੇ ਪਹਿਲਾਂ ਉਸ ਨੂੰ ਬੇਦਖ਼ਲ ਵੀ ਕਰ ਦਿੱਤਾ ਗਿਆ ਸੀ। ਪਿੰਡ ਵਾਸੀਆਂ ਅਨੁਸਾਰ ਉਸ ਖ਼ਿਲਾਫ਼ ਪੰਜਾਬ ਦੇ ਕਿਸੇ ਵੀ ਥਾਣੇ ‘ਚ ਕੋਈ ਵੀ ਮਾਮਲਾ ਦਰਜ ਨਹੀਂ। ਉਸ ਵਲੋਂ ਕੁਝ ਦਿਨ ਪਹਿਲਾਂ ਆਪਣੇ ਫੇਸਬੁੱਕ ਅਕਾਊਂਟ ਉੱਪਰ ਵਿੱਕੀ ਗੌਂਡਰ ਦੀ ਮੌਤ ਦਾ ਬਦਲਾ ਲੈਣ ਸਬੰਧੀ ਪੁਲਿਸ ਨੂੰ ਸੰਬੋਧਿਤ ਪੋਸਟ ਪਾਈ ਗਈ ਸੀ, ਜਿਸ ਨੂੰ ਅਧਾਰ ਬਣਾ ਕੇ ਹੀ ਪੁਲਿਸ ਦੁਆਰਾ ਉਸ ਨੂੰ ਉਕਤ ਹਾਈ ਪ੍ਰੋਫਾਈਲ ਮਾਮਲੇ ‘ਚ ਨਾਮਜ਼ਦ ਕੀਤਾ ਗਿਆ ਹੈ।

## ਨਾਮੀ ਗੁੰਡੇ ਨੇ ਘਰ ’ਚ ਵੜ ਕੇ ਕੀਤੀ ਦਲਿਤ ਔਰਤ ਦੀ ਬੇਪਤੀ

**ਤਰਨ ਤਾਰਨ/ਬਿਊਰੋ ਨਿਊਜ:**
ਕਸਬਾ ਫਤਿਹਬਾਦ ਵਿਖੇ ਨਾਮੀ ਗੈਂਗਸਟਰ ਇਕਬਾਲ ਸਿੰਘ ਅਫਰੀਦੀ ਨੇ ਆਪਣੇ ਤਿੰਨ ਹੋਰ ਸਾਥੀਆਂ ਨੂੰ ਨਾਲ ਲੈ ਕੇ ਇਥੇ ਗੁੰਡਾਗਰਦੀ ਦਿਖਾਉਂਦਿਆਂ ਇਕ ਦਲਿਤ ਔਰਤ ਦੇ ਘਰ ਜਾ ਕੇ ਉਸ ਦੀ ਬੇਪੱਤੀ ਕੀਤੀ। ਗੈਂਗਸਟਰ ਤੇ ਉਸ ਦੇ ਸਾਥੀਆਂ ਨੇ ਔਰਤ ਦੇ ਕੱਪੜੇ ਪਾੜ ਕੇ ਉਸ ਨੂੰ ਨਿਰਵਸਤਰ ਕਰ ਦਿੱਤਾ। ਇਸ ਸਬੰਧੀ ਥਾਣਾ ਗੋਇੰਦਵਾਲ ਸਾਹਿਬ ਦੀ ਪੁਲੀਸ ਨੇ ਦਫ਼ਾ 452, 323, 354-ਬੀ, 506, 34 ਫ਼ੌਜਦਾਰੀ ਤੇ 25, 54, 59 ਅਸਲਾ ਐਕਟ ਅਧੀਨ ਇਕ ਕੇਸ ਦਰਜ ਕੀਤਾ ਹੈ ਪਰ ਹਾਲੇ ਕਿਸੇ ਵੀ ਮੁਲਜ਼ਮ ਗ੍ਰਿਫਤਾਰ ਨਹੀਂ ਹੋਈ।

ਗ਼ੌਰਤਲਬ ਹੈ ਕਿ 35 ਸਾਲਾ ਇਕਬਾਲ ਸਿੰਘ ਅਫਰੀਦੀ ਅਪਰਾਧ ਦੀ ਦੁਨੀਆਂ ਦਾ ਪੁਰਾਣਾ ਨਾਂ ਹੈ, ਜਿਸ ਨੇ ਕਰੀਬ 16 ਸਾਲ ਪਹਿਲਾਂ ਹੀ ਗੈਂਗ ਬਣਾ ਕੇ ਇਲਾਕੇ ਅੰਦਰ ਲੁੱਟਾਂ-ਖੋਹਾਂ ਸ਼ੁਰੂ ਕਰ ਦਿੱਤੀਆਂ ਸਨ.ਗ ਗੋਇੰਦਵਾਲ ਸਾਹਿਬ ਦੇ ਡੀਐਸਪੀ ਸਤਪਾਲ ਸਿੰਘ ਨੇ ਦੱਸਿਆ ਕਿ ਅਫਰੀਦੀ ਖਿਲਾਫ਼ ਕਤਲਾਂ ਤੇ ਲੁੱਟਾਂ-ਖੋਹਾਂ ਆਦਿ ਦੇ ਕਰੀਬ 23 ਕੇਸ ਦਰਜ ਸਨ.ਗ ਦਲਿਤ ਔਰਤ ਦੇ ਬੇਪੱਤੀ ਕਰਨ ਦੇ ਦੋਸ਼ ਵਿੱਚ ਨਾਮਜ਼ਦ ਅਫਰੀਦੀ ਦੇ ਸਾਥੀਆਂ ਦੀ ਪਛਾਣ ਗੁਰਭੇਜ ਸਿੰਘ ਭੇਜਾ, ਚੰਨਾ ਸਿੰਘ ਅਤੇ ਕੁਲਵੰਤ ਸਿੰਘ ਵਜੋਂ ਹੋਈ ਹੈ।

ਪੀੜਤ ਔਰਤ ਸੰਦੀਪ ਕੌਰ ਦੇ ਪਤੀ ਬਲਕਾਰ ਸਿੰਘ ਨੇ ਦੱਸਿਆ ਕਿ ਉਹ ਪਿੰਡ ਦੀ ਗਲੀ ਵੱਲ ਆਪਣੇ ਘਰ ਦਾ ਦਰਵਾਜ਼ਾ ਕੱਢਣ ਦੀ ਯੋਜਨਾ ਬਣਾ ਸਨ ਕਿ ਚਾਰੇ ਹਮਲਾਵਰ ਉਨ੍ਹਾਂ ਦੇ ਘਰ ਆ ਗਏ.ਗ ਉਨ੍ਹਾਂ ਪਹਿਲਾਂ ਬਲਕਾਰ ਸਿੰਘ ’ਤੇ ਹਮਲਾ ਕੀਤਾ ਅਤੇ ਜਿਉਂ ਹੀ ਉਸ ਦੀ ਪਤਨੀ ਬਚਾਅ ਲਈ ਅੱਗੇ ਆਈ ਤਾਂ ਮੁਲਜ਼ਮਾਂ ਨੇ ਉਸ ਨੂੰ ਆਪਣੇ ਰੋਹ ਦਾ ਸ਼ਿਕਾਰ ਬਣਾਇਆ.ਗ ਅਫਰੀਦੀ ਨੇ ਪੀੜਤ ਪਰਿਵਾਰ ਨੂੰ ਆਪਣੇ ਪਿਸਤੌਲ ਨਾਲ ਗੋਲੀਆਂ ਮਾਰ ਦੇਣ ਦੀ ਧਮਕੀ ਵੀ ਦਿੱਤੀ.ਗ ਦੱਸਿਆ ਜਾਂਦਾ ਹੈ ਕਿ ਅਫਰੀਦੀ ਹਲਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ ਦਾ ਕਥਿਤ ਹਮਾਇਤੀ ਹੈ, ਜਿਸ ਨੇ ਸਿੱਕੀ ਦੀ ਚੋਣ ਵਿਚ ਸਰਗਰਮ ਭੂਮਿਕਾ ਨਿਭਾਈ ਕੀਤੀ ਸੀ। ਉਸ ਨੇ ਕੁਝ ਦਿਨ ਪਹਿਲਾਂ ਹੀ ਪ੍ਰੈੱਸ ਬਿਆਨ ਜਾਰੀ ਕਰ ਕੇ ਸਿੱਕੀ ਨੂੰ ਮੰਤਰੀ ਬਣਾਉਣ ਦੀ ਮੰਗ ਵੀ ਕੀਤੀ ਸੀ।

## ‘ਕਸ਼ਮੀਰ ਮਸਲੇ ਦੇ ਦੋਸਤਾਨਾ ਹੱਲ ਲਈ ਰਾਜੀਵ ਤੇ ਬੇਨਜ਼ੀਰ ਵਿਚਾਲੇ ਹੋਈ ਸੀ ਸਹਿਮਤੀ’

**ਲਾਹੌਰ/ਬਿਊਰੋ ਨਿਊਜ਼:** ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਆਸਿਫ਼ ਅਲੀ ਜ਼ਰਦਾਰੀ ਨੇ ਦਾਅਵਾ ਕੀਤਾ ਹੈ ਕਿ ਰਾਜੀਵ ਗਾਂਧੀ ਤੇ ਬੇਨਜ਼ੀਰ ਭੁੱਟੋ ਕਸ਼ਮੀਰ ਮਸਲੇ ਦਾ ਦੋਸਤਾਨਾ ਤਰੀਕੇ ਨਾਲ ਹੱਲ ਕੱਢਣ ਲਈ ਰਾਜ਼ੀ ਸਨ, ਪਰ ਭਾਰਤੀ ਆਗੂ ਦੀ ਹੱਤਿਆ ਕਰਕੇ ਇਹ ਅਮਲ ਸਿਰੇ ਨਹੀਂ ਚੜ੍ਹ ਸਕਿਆ। ਜ਼ਰਦਾਰੀ ਨੇ ਖੁਲਾਸਾ ਕੀਤਾ ਕਿ ਸਾਬਕਾ ਫ਼ੌਜੀ ਤਾਨਾਸ਼ਾਹ ਪਰਵੇਜ਼ ਮੁਸ਼ੱਰਫ਼ ਨੇ ਵੀ ਕਸ਼ਮੀਰ ਮਸਲੇ ਦੇ ਹੱਲ ਲਈ ਇਕ ਯੋਜਨਾ ਰੱਖੀ ਸੀ, ਪਰ ਹੋਰ ਫ਼ੌਜੀ ਜਰਨੈਲ ਇਸ ਨਾਲ ਸਹਿਮਤ ਨਹੀਂ ਹੋਏ। ਜ਼ਰਦਾਰੀ ਨੇ ਸਾਫ਼ ਕਰ ਦਿੱਤਾ ਕਿ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਯਾਰ (ਨਵਾਜ਼ ਸ਼ਰੀਫ਼) ਇਸ ਮਸਲੇ ਦਾ ਚਾਹ ਕੇ ਵੀ ਹੱਲ ਨਹੀਂ ਕੱਢ ਸਕਦਾ। ਉਨ੍ਹਾਂ ਕਿਹਾ ਕਿ ਕਸ਼ਮੀਰੀਆਂ ਨਾਲ ਦਗ਼ਾ ਕਰਨ ਵਾਲੇ ਸ਼ਰੀਫ਼ ਨੂੰ ਅਹੁਦੇ ਤੋਂ ਅਯੋਗ ਠਹਿਰਾਉਣਾ ਬਿਲਕੁਲ ਸਹੀ ਫ਼ੈਸਲਾ ਸੀ। ਇਥੇ ਬੀਤੀ ਸ਼ਾਮ ਕਸ਼ਮੀਰ ਰੈਲੀ ਨੂੰ ਸੰਬੋਧਨ ਕਰਦਿਆਂ ਜ਼ਰਦਾਰੀ ਨੇ ਕਿਹਾ, ਬੇਨਜ਼ੀਰ ਭੁੱਟੋ ਸਾਹਿਬਾ ਨੇ 1990 ਵਿੱਚ ਜਦੋਂ ਰਾਜੀਵ ਗਾਂਧੀ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਸ਼ਮੀਰ ਮਸਲੇ ਦੇ ਦੋਸਤਾਨਾ ਹੱਲ ਦੀ ਹਾਮੀ ਭਰੀ। ਰਾਜੀਵ ਨੇ ਬੇਨਜ਼ੀਰ ਨੂੰ ਕਿਹਾ ਕਿ ਪਿਛਲੇ ਦਸ ਸਾਲਾਂ ’ਚ ਪਾਕਿਸਤਾਨ ’ਚੋਂ ਜਨਰਲ ਜ਼ਿਆ ਸਮੇਤ ਕਿਸੇ ਨੇ ਵੀ ਇਸ ਮੁੱਦੇ ’ਤੇ ਉਨ੍ਹਾਂ ਨਾਲ ਗੱਲ ਨਹੀਂ ਕੀਤੀ।’ ਸਾਬਕਾ ਸਦਰ ਨੇ ਕਿਹਾ, ਉਨ੍ਹਾਂ (ਰਾਜੀਵ) ਕਬੂਲ ਕੀਤਾ ਸੀ ਕਿ ਕਸ਼ਮੀਰ ਅਹਿਮ ਮੁੱਦਾ ਹੈ, ਜਿਸ ਨੂੰ ਹੱਲ ਕੀਤਾ ਜਾਣਾ ਚਾਹੀਦਾ ਹੈ। ਰਾਜੀਵ ਨੇ ਕਿਹਾ ਸੀ ਕਿ ਉਹ ਸੱਤਾ ਵਿੱਚ ਆਉਣ ਮਗਰੋਂ ਇਸ ਮੁੱਦੇ ਨੂੰ ਪਾਕਿਸਤਾਨ ਨਾਲ ਵਿਚਾਰੇਗਾ, ਪਰ 1991 ਵਿੱਚ ਉਸ ਦੀ ਹੱਤਿਆ ਹੋ ਗਈ।’



ਬਾਕੀ ਸਫ਼ਾ 28 ’ਤੇ

## ਮਿੱਟੀ ਦੀ ਵਰਤੋਂ ਨਾਲ ਰੌਸ਼ਨ ਹੋ ਸਕਦੇ ਨੇ ਘਰ

**ਚੰਡੀਗੜ੍ਹ/ਬਿਊਰੋ ਨਿਊਜ਼:** ਘਰ 'ਚ ਰੱਖੇ ਗਮਲਿਆਂ ਅਤੇ ਕਿਆਰੀਆਂ ਤੋਂ ਭਾਵੇਂ ਫੁੱਲ, ਫਲ ਅਤੇ ਸਬਜ਼ੀਆਂ ਮਿਲਦੀਆਂ ਹਨ ਪਰ ਹੈਰਾਨੀ ਵਾਲੀ ਗੱਲ ਹੈ ਕਿ ਉਨ੍ਹਾਂ ਦੀ ਮਿੱਟੀ ਤੋਂ ਬਿਜਲੀ ਵੀ ਪੈਦਾ ਕੀਤੀ ਜਾ ਸਕਦੀ ਹੈ। ਸੁਣਨ 'ਚ ਭਾਵੇਂ ਇਸ 'ਤੇ ਭਰੋਸਾ ਨਾ ਕੀਤਾ ਜਾ ਸਕੇ ਪਰ ਪੰਜਾਬੀ ਮੂਲ ਦੇ ਭੌਤਿਕ ਵਿਗਿਆਨੀ ਡਾਕਟਰ ਸੁਨੀਲ ਕੁਮਾਰ ਨੇ ਆਪਣੇ ਦੋ ਕੋਰੀਅਨ ਸਾਥੀਆਂ ਨਾਲ ਮਿਲ ਕੇ ਸਾਬਿਤ ਕਰ ਦਿੱਤਾ ਹੈ ਕਿ ਸਿਰਫ਼ ਮਿੱਟੀ ਦੀ ਵਰਤੋਂ ਨਾਲ ਹੀ ਘਰਾਂ ਦੇ ਉਪਕਰਣਾਂ ਨੂੰ ਚਲਾਉਣਾ ਸੰਭਵ ਹੈ। ਮੌਜੂਦਾ ਸਮੇਂ 'ਚ ਦੱਖਣੀ ਕੋਰੀਆ ਦੀ ਡੌਂਗੂ ਯੂਨੀਵਰਸਿਟੀ 'ਚ ਪ੍ਰੋਫੈਸਰ ਵਜੋਂ ਸੇਵਾਵਾਂ ਨਿਭਾਅ ਰਹੇ ਡਾਕਟਰ ਸੁਨੀਲ ਕੁਮਾਰ ਪਟਿਆਲਾ ਨਾਲ ਸਬੰਧਤ ਹਨ। ਉਨ੍ਹਾਂ ਮਿੱਟੀ ਤੋਂ 24 ਘੰਟੇ ਹਾਈਬ੍ਰਿਡ ਹਰਿਤ ਊਰਜਾ ਤੰਤਰ ਵਿਕਸਤ ਕੀਤਾ ਹੈ। ਇਸ ਪ੍ਰਣਾਲੀ ਰਾਹੀਂ ਜ਼ਮੀਨ ਨੂੰ ਨਿਯਮਤ ਤੌਰ 'ਤੇ ਖੁਰਾਕ ਦੇ ਕੇ ਅਤੇ ਇਲੈਕਟਰੋ ਕੈਮਿਕਲ ਪਹੁੰਚ ਦੀ ਵਰਤੋਂ ਕਰਕੇ ਮਿੱਟੀ ਦੇ ਸੂਖਮ ਜੀਵਾਂ ਤੋਂ ਬਿਜਲੀ ਪੈਦਾ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਇਲੈਕਟਰੋ ਕੈਮਿਕਲ ਧਾਰਨਾ ਨਾਲ ਮੋਬਾਈਲ ਫੋਨਾਂ 'ਚ ਆਮ ਬੈਟਰੀ ਦੀ ਵਰਤੋਂ ਕੀਤੀ ਜਾਂਦੀ ਹੈ। 'ਸੂਖਮ ਜੀਵ ਜਦੋਂ ਮਿੱਟੀ ਦੇ ਤੱਤਾਂ ਨੂੰ ਖਾਂਦੇ ਹਨ ਤਾਂ ਉਨ੍ਹਾਂ ਵੱਲੋਂ ਕੁਦਰਤੀ ਊਰਜਾ ਪੈਦਾ ਕੀਤੀ ਜਾਂਦੀ ਹੈ। ਸਾਡਾ ਨਮੂਨਾ ਦੋਵੇਂ ਧਾਰਨਾਵਾਂ ਦਾ ਮੇਲ ਹੈ ਤਾਂ ਜੋ ਇਨ੍ਹਾਂ ਦੀ ਵਰਤੋਂ ਘਰਾਂ 'ਚ ਵਰਤੇ ਜਾਂਦੇ ਯੰਤਰਾਂ 'ਚ ਕੀਤੀ ਜਾ ਸਕੇ।' ਉਨ੍ਹਾਂ ਕਿਹਾ ਕਿ ਘਰਾਂ 'ਚ ਇਹ ਪਾਵਰ ਪਲਾਂਟ, ਸੂਰਜੀ ਪੈਨਲਾਂ ਜਾਂ ਵੱਡੇ ਇਨਵਰਟਰਾਂ ਤੋਂ ਵਧ ਥਾਂ ਨਹੀਂ ਘੇਰਦਾ। ਡਾਕਟਰ ਸੁਨੀਲ ਕੁਮਾਰ ਨੇ ਆਪਣੇ ਸਾਥੀਆਂ ਪ੍ਰੋਫੈਸਰ ਟੀ ਡਬਲਿਊ ਕੈਂਗ ਅਤੇ ਡਾਕਟਰ ਐਚ ਸੀ ਜਿਓਨ ਨਾਲ ਮਿਲ ਕੇ ਵੱਖ ਵੱਖ ਪੇਟੈਂਟ ਲਈ ਅਰਜ਼ੀ ਦਿੱਤੀ ਹੋਈ ਹੈ। ਪ੍ਰੋਫੈਸਰ ਕੈਂਗ, ਜੋ ਡੌਂਗੂ ਯੂਨੀਵਰਸਿਟੀ 'ਚ ਭੌਤਿਕ ਸ਼ਾਸਤਰ ਪੜ੍ਹਾਉਂਦੇ ਹਨ ਅਤੇ ਜੀਟੈੱਕ ਕੰਪਨੀ ਦੇ ਸੀਈਓ ਵੀ ਹਨ, ਨੇ ਪੂਰੇ ਪ੍ਰਾਜੈਕਟ ਲਈ ਰਾਸ਼ੀ ਮੁਹੱਈਆ ਕਰਵਾਈ ਹੈ। ਡਾਕਟਰ ਸੁਨੀਲ ਕੁਮਾਰ ਨੇ ਦੱਸਿਆ ਕਿ ਪਹਿਲਾਂ ਵੀ ਮਿੱਟੀ ਤੋਂ ਬਿਜਲੀ ਪੈਦਾ ਕੀਤੀ ਜਾਂਦੀ ਰਹੀ ਹੈ ਪਰ ਇਹ ਵਰਤੋਂ 'ਚ ਨਹੀਂ ਆ ਸਕਦੀ ਅਤੇ ਇਸ 'ਤੇ ਲਾਗਤ ਵੀ ਵਧ ਆਉਂਦੀ ਸੀ। ਉਨ੍ਹਾਂ ਕਿਹਾ,"ਸਾਡੀ ਪ੍ਰਣਾਲੀ ਉੱਚ ਪੱਧਰ ਦੀ ਹੈ ਜਿਥੇ 24 ਘੰਟੇ ਵੱਧ ਮਿਆਰ ਵਾਲੀ ਬਿਜਲੀ ਘੱਟ ਲਾਗਤ 'ਤੇ ਸਪਲਾਈ ਹੋ ਸਕਦੀ ਹੈ।" ਅਜਿਹਾ ਬਿਜਲੀ ਉਤਪਾਦਨ ਵਾਤਾਵਰਨ ਪੱਖੀ ਹੈ ਅਤੇ ਥੋੜ੍ਹੇ ਬਦਲਾਅ ਨਾਲ ਇਸ ਦੀ ਵਰਤੋਂ ਪਾਣੀ ਅਤੇ ਹਵਾ ਪ੍ਰਦੂਸ਼ਣ 'ਤੇ ਕਾਬੂ ਪਾਉਣ ਲਈ ਕੀਤਾ ਜਾ ਸਕਦਾ ਹੈ। 'ਸਨਅਤੀ ਜਾਂ ਖੇਤੀਬਾੜੀ ਦੇ ਬੇਕਾਰ ਪਾਣੀ ਦੀ ਵਰਤੋਂ ਨਾਲ ਜਲ ਪ੍ਰਦੂਸ਼ਣ ਨੂੰ ਕੰਟਰੋਲ ਕੀਤਾ ਜਾ ਸਕਦਾ ਹੈ। ਅਜਿਹੀ ਮਿੱਟੀ ਆਧਾਰਿਤ ਪ੍ਰਣਾਲੀ 'ਚ ਬੂਟੇ ਲਾ ਕੇ ਵਾਤਾਵਰਨ 'ਚ ਵਧ ਆਕਸੀਜਨ ਪੈਦਾ ਕੀਤੀ ਜਾ ਸਕਦੀ ਹੈ, ਜਿਸ ਨਾਲ ਹਵਾ ਨੂੰ ਸ਼ੁੱਧ ਕਰਨ 'ਚ ਸਹਾਇਤਾ ਮਿਲੇਗੀ।'

### ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਕੀਤੀ ਸੀ ਪੀਐਚਡੀ

ਡਾਕਟਰ ਸੁਨੀਲ ਕੁਮਾਰ ਨੇ ਸਾਲ 2004 'ਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਫਿਜ਼ਿਕਸ 'ਚ ਪੀਐਚਡੀ ਕੀਤੀ ਸੀ। ਪੀਐਚਡੀ ਤੋਂ ਇਲਾਵਾ ਉਨ੍ਹਾਂ ਥਾਪਰ ਯੂਨੀਵਰਸਿਟੀ ਪਟਿਆਲਾ ਤੇ ਐਮ ਐਮ ਯੂਨੀਵਰਸਿਟੀ ਮੁਲਾਣਾ 'ਚ ਵੱਖ ਵੱਖ ਖੋਜਾਂ ਨਾਲ ਸਬੰਧਤ ਅਧਿਆਪਨ ਵੀ ਕੀਤਾ। ਉਨ੍ਹਾਂ ਤਾਇਵਾਨ ਦੀ ਨੈਸ਼ਨਲ ਯੂਨੀਵਰਸਿਟੀ ਤੋਂ ਵੀ ਤਜਰਬਾ ਹਾਸਲ ਕੀਤਾ ਅਤੇ ਉਹ ਬਾਰਸੀਲੋਨਾ (ਸਪੇਨ) ਦੇ ਆਈਸੀਐਫਓ 'ਚ ਮੈਰੀ ਕਿਊਰੀ ਫੈਲੋਸ਼ਿਪ ਲਈ ਵੀ ਚੁਣੇ ਗਏ। ਸਾਲ 2013 ਤੋਂ ਉਹ ਦੱਖਣੀ ਕੋਰੀਆ ਦੀ ਡੌਂਗੂ ਯੂਨੀਵਰਸਿਟੀ 'ਚ ਪ੍ਰੋਫੈਸਰ ਵਜੋਂ ਸੇਵਾਵਾਂ ਨਿਭਾਅ ਰਹੇ ਹਨ। ਉਨ੍ਹਾਂ ਦੇ ਕੌਮਾਂਤਰੀ ਪੱਧਰ 'ਤੇ 75 ਤੋਂ ਵਧ ਪਰਚੇ ਪ੍ਰਕਾਸ਼ਿਤ ਹੋਏ ਹਨ, ਜਦਕਿ ਕੌਮੀ ਅਤੇ ਕੌਮਾਂਤਰੀ ਕਾਨਫਰੰਸਾਂ 'ਚ ਉਨ੍ਹਾਂ ਕਰੀਬ 70 ਪਰਚੇ ਪੜ੍ਹੇ ਹਨ। ਕਈ ਕੌਮਾਂਤਰੀ ਪ੍ਰਾਜੈਕਟਾਂ 'ਚ ਸਲਾਹ ਦੇਣ ਵਾਲੇ ਡਾਕਟਰ ਸੁਨੀਲ ਕੁਮਾਰ ਹੁਣ ਤਕ ਪੀਐਚਡੀ ਦੇ 10 ਵਿਦਿਆਰਥੀਆਂ ਦੇ ਗਾਈਡ ਬਣ ਚੁੱਕੇ ਹਨ।

#### ਮੁਲਕ ਦੀ ਮਿੱਟੀ ਨਾਲ ਮੋਹ

ਭਾਰਤ 'ਚ ਢੁਕਵੀਂ ਨੌਕਰੀ ਨਾ ਮਿਲਣ ਕਾਰਨ ਡਾਕਟਰ ਸੁਨੀਲ ਕੁਮਾਰ ਸਾਲ 2013 'ਚ ਦੱਖਣੀ ਕੋਰੀਆ ਚਲੇ ਗਏ ਸਨ। ਉਨ੍ਹਾਂ ਕਿਹਾ,"ਮੈਂ ਆਪਣੀ ਸਰਜ਼ਮੀਨ 'ਤੇ ਪਰਤਣ ਦੀ ਪੂਰੀ ਵਾਹ ਲਾਈ। ਮੈਂ ਮੁਲਕ 'ਚ ਸਸਤੀ ਦਰਾਂ 'ਤੇ ਬਿਜਲੀ ਪੈਦਾਵਾਰ 'ਚ ਸਹਿਯੋਗ ਕਰਨਾ ਚਾਹੁੰਦਾ ਹਾਂ ਪਰ ਇੰਜ ਜਾਪਦਾ ਹੈ ਕਿ ਭਾਰਤ 'ਚ ਕਿਸੇ ਨੂੰ ਵੀ ਕੋਈ ਦਿਲਚਸਪੀ ਨਹੀਂ ਹੈ। ਮੈਂ ਭਾਰਤ 'ਚ ਖੋਜ ਕਰਨਾ ਚਾਹੁੰਦਾ ਹਾਂ ਪਰ ਸਰਕਾਰ ਅਜਿਹਾ ਮਾਹੌਲ ਨਹੀਂ ਦਿੰਦੀ।" ਉਨ੍ਹਾਂ ਕਿਹਾ ਕਿ ਪ੍ਰਾਈਵੇਟ ਅਦਾਰੇ ਵੀ ਖੋਜ ਦੇ ਨਾਲ ਮੈਨੇਜਮੈਂਟ ਵਰਗੀਆਂ ਨੌਕਰੀਆਂ ਦੀ ਪੇਸ਼ਕਸ਼ ਕਰਦੇ ਹਨ ਜਿਸ ਕਾਰਨ ਇਹ ਕੋਈ ਹੱਲਾਸ਼ੇਰੀ ਵਾਲਾ ਦ੍ਰਿਸ਼ ਨਹੀ ਹੈ।

# ਪ੍ਰੋ.ਫੈਸਰ ਪ੍ਰੀਤਮ ਸਿੰਘ ਨੂੰ ਯਾਦ ਕਰਦਿਆਂ

**ਦਲੀਪ ਕੌਰ ਟਿਵਾਣਾ (ਡਾ.)**
ਫੋਨ ਸੰਪਰਕ: 0175-2282239

ਹਮੇਸ਼ਾਂ ਤੋਂ ਹੀ ਧੀ ਦਾ ਜੰਮਣਾ ਅਸ਼ੁੱਭ ਮੰਨਿਆ ਜਾਂਦਾ ਰਿਹਾ ਹੈ ਜਿਸ ਕਰਕੇ ਕੁੜੀਆਂ ਦੇ ਪਾਲਣ-ਪੋਸ਼ਣ, ਪੜ੍ਹਾਈ ਅਤੇ ਜਾਇਦਾਦ ਦੀ ਵੰਡ ਵੇਲੇ ਹਮੇਸ਼ਾਂ ਉਨ੍ਹਾਂ ਨਾਲ ਦਰੈਤ ਹੁੰਦੀ



ਰਹੀ ਹੈ। ਪਰ ਪ੍ਰੋ. ਪ੍ਰੀਤਮ ਸਿੰਘ ਨੇ ਹਮੇਸ਼ਾਂ ਹੀ ਪੁੱਤਰ ਅਤੇ ਧੀਆਂ ਵਿੱਚ ਕੋਈ ਫ਼ਰਕ ਨਹੀਂ ਸੀ ਰੱਖਿਆ। ਆਪਣੀ ਸੀਮਿਤ ਜਿਹੀ ਕਮਾਈ ਵਿੱਚ ਧੀਆਂ ਅਤੇ ਪੁੱਤਰ- ਸਭ ਨੂੰ ਹੀ ਉੱਚੀ ਵਿੱਦਿਆ ਦਿਵਾਈ, ਚੰਗੇ ਸੰਸਕਾਰ ਦਿੱਤੇ ਤੇ ਜ਼ਿੰਦਗੀ ਵਿੱਚ ਆਪਣੇ ਬਲਬੂਤੇ ਸਿਰ ਉੱਚਾ ਕਰਕੇ ਜਿਊਣ ਦੀ ਜਾਚ ਸਿਖਾਈ।

ਆਮ ਤੌਰ 'ਤੇ ਦੇਖਿਆ ਜਾਂਦਾ ਹੈ ਕਿ ਵੱਡੇ ਬੰਦਿਆਂ ਦੇ ਬੱਚੇ ਨਾਲਾਇਕ ਹੁੰਦੇ ਨੇ। ਪਰ ਪ੍ਰੋ. ਪ੍ਰੀਤਮ ਸਿੰਘ ਨੇ ਇਹ ਗੱਲ ਆਪਣੇ ਤੇ ਆਪਣੇ ਬੱਚਿਆਂ ਨਾਲ ਨਹੀਂ ਵਾਪਰਨ ਦਿੱਤੀ। ਆਖਦੇ ਨੇ ਵੱਡੇ ਦਰੱਖਤ ਦੀ ਛਾਂ ਹੇਠ ਛੋਟੇ ਬੂਟੇ ਨਕੱਦੇ ਰਹਿ ਜਾਂਦੇ ਨੇ, ਪੂਰੀ ਤਰ੍ਹਾਂ ਵਧਦੇ ਫੁਲਦੇ ਨਹੀਂ। ਪਰ ਪ੍ਰੋ. ਪ੍ਰੀਤਮ ਸਿੰਘ ਅਜਿਹਾ ਵੱਡਾ ਦਰੱਖਤ ਸੀ ਜਿਸਨੇ ਆਪਣੀ ਛਾਂ ਹੇਠਾਂ ਉੱਗਣ ਵਾਲੇ ਸਾਰੇ ਹੀ ਬੂਟਿਆਂ ਲਈ ਏਨੀ ਕੁ ਧੁੱਪ ਛਾਂ ਦਾ ਪ੍ਰਬੰਧ ਕਰੀ ਰੱਖਿਆ ਕਿ ਉਹ ਪੂਰੇ ਦੇ ਪੂਰੇ ਵਧ-ਫੁੱਲ ਸਕਣ। ਉਦਾਹਰਣਾਂ ਤੁਹਾਡੇ ਸਾਹਮਣੇ ਹਨ: ਧੀਆਂ ਡਾਕਟਰ-ਪ੍ਰੋਫ਼ੈਸਰ ਹਨ ਤੇ ਪੁੱਤਰ ਜੈ ਰੂਪ ਸਿੰਘ ਵਾਈਸ ਚਾਂਸਲਰ।

ਉਨ੍ਹਾਂ ਨੇ ਆਪਣੇ ਪੁੱਤਰ ਤੇ ਧੀਆਂ ਵਿੱਚ ਮੈਨੂੰ ਵੀ ਸ਼ਾਮਿਲ ਕਰ ਲਿਆ ਸੀ, ਬੇਟੀ ਆਖ ਕੇ। ਭਾਵੇਂ ਮੈਂ ਉਨ੍ਹਾਂ ਦੀ ਧੀ ਦਸਾਂ ਵਿੱਚ ਦੋ ਨੰਬਰ ਲੈਣ ਵਾਲੀ ਨਾਲਾਇਕ ਜਿਹੀ ਵਿਦਿਆਰਥਣ ਸਾਂ।

ਪ੍ਰੋ. ਸਾਹਿਬ ਸਿੰਘ, ਜਿਨ੍ਹਾਂ ਨੇ ਵੀਹ ਸਾਲ ਦੀ ਮਿਹਨਤ ਨਾਲ ਦਸਾਂ ਜਿਲਦਾਂ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਤਿਆਰ ਕੀਤਾ ਸੀ, ਦੇ ਪ੍ਰੋ. ਪ੍ਰੀਤਮ ਸਿੰਘ ਜਵਾਈ ਸਨ। ਉਨ੍ਹਾਂ ਦਾ ਜਵਾਈ ਹੋਣਾ ਕੋਈ ਛੋਟੀ ਗੱਲ ਨਹੀਂ ਸੀ। ਇਸੇ ਤਰ੍ਹਾਂ ਅੱਖਾਂ ਦੇ ਵਿਸ਼ਵ ਪ੍ਰਸਿੱਧ ਮਾਹਿਰ ਡਾਕਟਰ ਦਲਜੀਤ ਸਿੰਘ ਉਨ੍ਹਾਂ ਦੇ ਸਾਲੇ ਸਨ। ਇਸ ਦੇ ਬਾਵਜੂਦ ਪ੍ਰੋ. ਪ੍ਰੀਤਮ ਸਿੰਘ ਨੇ ਆਪਣੀ ਵੱਖਰੀ ਪਛਾਣ ਬਣਾਈ- ਉੱਚ ਪਾਏ ਦੇ ਖੋਜੀ-ਵਿਦਵਾਨ ਦੀ; ਵੱਡੇ ਤੇ ਯੋਗ ਟੀਚਰ ਹੋਣ ਦੀ।

ਪ੍ਰੋ. ਪ੍ਰੀਤਮ ਸਿੰਘ ਦੀ ਘਰ-ਗ੍ਰਹਿਸਤੀ, ਰਹਿਣ-ਸਹਿਣ, ਖਾਣ ਪੀਣ- ਸਭ ਕੁਝ ਹੀ ਬੜਾ ਸਾਧਾਰਨ ਪੱਧਰ ਦਾ ਸੀ, ਪਰ ਉਨ੍ਹਾਂ ਦੀ ਲਿਆਕਤ ਅਸਾਧਾਰਨ ਸੀ। ਆਪਣੇ ਘਰ ਵਿੱਚ ਤੇ ਆਪਣੇ ਵਿਦਿਆਰਥੀਆਂ ਲਈ ਉਨ੍ਹਾਂ ਨੇ ਆਪਣੀ ਜ਼ਿੰਦਗੀ, ਆਪਣੇ ਪੜ੍ਹਨ-ਲਿਖਣ, ਆਪਣੇ ਵਿਵਹਾਰ ਨਾਲ ਇੱਕ ਅਜਿਹਾ ਮਾਹੌਲ ਸਿਰਜਿਆ ਜਿਸ ਵਿੱਚ ਪੁਰਾਣੇ ਰਿਸ਼ੀਆਂ ਦੇ ਵੇਲੇ ਦੀ ਗੁਰੂ-ਸਿਸ਼ ਪਰੰਪਰਾ ਜੀਵਿਤ ਹੋ ਗਈ। ਉਨ੍ਹਾਂ ਦੇ ਪੜ੍ਹਾਉਣ ਦਾ ਤਰੀਕਾ, ਉਨ੍ਹਾਂ ਦੇ ਪਤਾ ਨਹੀਂ ਕਿੰਨੇ ਜਨਮਾਂ ਤੋਂ ਇਕੱਠੀ ਕੀਤੀ ਸੋਚ ਅਤੇ ਸਮਝ ਵਿੱਚੋਂ ਦੀ ਲੰਘ ਆਉਣ ਕਰਕੇ, ਮਿੱਟੀ ਦੇ ਬਣੇ ਵਿਦਿਆਰਥੀ ਖਿਡੌਣਿਆਂ ਨੂੰ ਕਲਾਕ੍ਰਿਤੀਆਂ ਵਿੱਚ ਬਦਲ ਦਿੰਦਾ ਸੀ। ਪਿਛਲੇ ਸਮੇਂ ਵਿੱਚ ਪੰਜਾਬੀ ਸਾਹਿਤ ਦੀ ਹਰ ਵਿਧਾ ਵਿੱਚ ਲਾਇਕ ਬੰਦੇ ਸਭ ਇਨ੍ਹਾਂ ਦੇ ਵਿਦਿਆਰਥੀ ਹੀ ਸਨ। ਡਾ. ਅਤਰ ਸਿੰਘ, ਡਾ. ਬਲਬੀਰ ਸਿੰਘ ਸੰਧੂ, ਡਾ. ਵਿਸ਼ਵਾਨਾਥ ਤਿਵਾੜੀ, ਹਰਿੰਦਰ ਸਿੰਘ ਮਹਿਬੂਬ, ਡਾ. ਗੁਰਭਗਤ ਸਿੰਘ, ਨਵਤੇਜ ਭਾਰਤੀ ਤੇ ਉਹ ਸਾਰੇ, ਜਿਨ੍ਹਾਂ ਦਾ ਮੈਂ 'ਭੂਤਵਾੜੇ' ਲੇਖ ਵਿੱਚ ਜ਼ਿਕਰ ਕੀਤਾ ਸੀ, ਨੂੰ ਪ੍ਰੋ. ਪ੍ਰੀਤਮ ਸਿੰਘ ਨੇ ਆਪਣੇ ਹੀ ਰੰਗ ਵਿੱਚ ਰੰਗ ਦਿੱਤਾ ਸੀ। ਉਹ ਪੜ੍ਹਨ ਲਿਖਣ ਨੂੰ ਹੀ ਆਪਣਾ ਧਰਮ ਇਮਾਨ ਸਮਝਣ ਲੱਗ ਪਏ ਸਨ ਤੇ ਮਾਂ ਸਰਸਵਤੀ ਤੋਂ ਆਪਣੇ ਇਸ ਧਰਮ-ਇਮਾਨ ਦੀ ਰੱਖਿਆ ਮੰਗਦੇ ਸਨ। ਬੋਲੀ, ਸਾਹਿਤ ਜਾਂ ਸੱਭਿਆਚਾਰ ਨਾਲ ਸਬੰਧਿਤ ਕਿਸੇ ਵੀ ਸਲਾਹ ਮਸ਼ਵਰੇ ਲਈ ਪ੍ਰੋ. ਪ੍ਰੀਤਮ ਸਿੰਘ ਦੇ ਘਰ ਦੇ ਦਰਵਾਜ਼ੇ ਹਮੇਸ਼ਾਂ ਖੁੱਲ੍ਹੇ ਰਹਿੰਦੇ ਸਨ। ਉਨ੍ਹਾਂ ਦੀ ਲਗਨ, ਉਨ੍ਹਾਂ ਦਾ ਸਿਰੜ ਤੇ ਉਨ੍ਹਾਂ ਦੇ ਇਰਾਦੇ ਅੱਗੇ ਮੌਤ ਨੂੰ ਵੀ ਝੁਕਣਾ ਪਿਆ ਸੀ। ਇੱਕ ਵਾਰੀ ਉਹ ਬਹੁਤ ਬਿਮਾਰ ਹੋ ਗਏ ਸਨ। ਮੈਂ ਹਸਪਤਾਲ ਪਤਾ ਕਰਨ ਗਈ। ਉਦੋਂ ਮੇਰੀਆਂ ਅੱਖਾਂ ਭਰ ਆਈਆਂ। ਉਹ ਆਖਣ ਲੱਗੇ, "ਕਮਲੀਏ ਰੋਂਦੀ ਕਿਉਂ ਐਂ, ਮੈਂ ਅਜੇ ਨਹੀਂ ਮਰਨ ਲੱਗਿਆ। ਮੇਰੇ ਕੁਝ ਕੰਮ ਅਜੇ ਅਧੂਰੇ ਪਏ ਨੇ ਜਦੋਂ ਤਕ ਮੁੱਕਦੇ ਨਹੀਂ, ਮੈਂ ਕਿਤੇ ਨਹੀਂ ਜਾਣ ਲੱਗਿਆ।" ਮੈਨੂੰ ਪਤਾ ਸੀ ਪ੍ਰੋਫ਼ੈਸਰ ਸਾਹਬ ਠੀਕ ਆਖ ਰਹੇ ਨੇ। ਇਸ ਮਗਰੋਂ ਉਹ ਕਾਫ਼ੀ ਚਿਰ ਸਰਗਰਮ ਰਹੇ।

ਪ੍ਰੋ. ਪ੍ਰੀਤਮ ਸਿੰਘ ਵੱਲੋਂ ਖਰੜਿਆਂ ਦੀ ਭਾਲ ਤੇ ਸੰਭਾਲ, ਉਨ੍ਹਾਂ ਵੱਲੋਂ ਰਚੀਆਂ ਅਨੇਕਾਂ ਮੌਲਿਕ ਪੁਸਤਕਾਂ ਅਤੇ ਉਨ੍ਹਾਂ ਦੇ ਖੋਜ ਕਾਰਜਾਂ ਵਿਚਲੀਆਂ ਅੰਤਰ ਦ੍ਰਿਸ਼ਟੀਆਂ ਨੂੰ ਸਮਝਣ ਤੇ ਸਮਝਾਉਣ ਲਈ ਕਾਫ਼ੀ ਸਾਰੇ ਵਿਦਵਾਨਾਂ ਨੂੰ ਕੰਮ ਕਰਨਾ ਪਵੇਗਾ। ਮੈਂ ਤਾਂ ਸਿਰਫ਼ ਉਨ੍ਹਾਂ ਦੇ ਬਹੁਪਰਤੀ ਵਿਅਕਤੀਤਵ ਵਿੱਚੋਂ ਇੱਕ ਪਹਿਲੂ ਉਨ੍ਹਾਂ ਦੇ ਸਿਰੜ ਦੀ ਗੱਲ ਕਰਨੀ ਚਾਹਾਂਗੀ। ਇੱਕ ਵਾਰੀ ਪੰਜਾਬ ਕਲਾ ਪ੍ਰੀਸ਼ਦ, ਚੰਡੀਗੜ੍ਹ ਵਿੱਚ ਪੰਜਾਬੀ ਸਾਹਿਤ ਅਕੈਡਮੀ ਦੀ ਜਦੋਂ ਮੈਂ ਪ੍ਰਧਾਨ ਸੀ ਤਾਂ ਮੈਂ ਪ੍ਰੋ. ਪ੍ਰੀਤਮ ਸਿੰਘ ਨੂੰ ਬੇਨਤੀ ਕੀਤੀ ਕਿ ਉਹ ਇੱਕ ਪੰਜਾਬੀ ਲਿਖਾਰੀ ਕੋਸ਼ ਤਿਆਰ ਕਰ ਦੇਣ। ਕਿਉਂਕਿ ਬਹੁਤ ਸਾਰੇ ਲਿਖਾਰੀਆਂ ਬਾਰੇ ਜਾਣਨ ਦਾ ਕੋਈ ਵਸੀਲਾ ਉਪਲੱਬਧ ਨਹੀਂ ਸੀ। ਅਕੈਡਮੀ ਵੱਲੋਂ ਅਸੀਂ ਉਨ੍ਹਾਂ ਨੂੰ ਇੱਕ ਸਹਾਇਕ ਵੀ ਦੇ ਦਿੱਤਾ। ਕੰਮ ਵੱਡਾ ਸੀ ਤੇ ਔਖਾ ਵੀ। ਹਰੇਕ ਲਿਖਾਰੀ ਦਾ ਅਤਾ-ਪਤਾ, ਲਿਖਤਾਂ, ਲਿਖਤਾਂ ਦੇ ਵਰ੍ਹੇ ਤੇ ਉਨ੍ਹਾਂ ਦੇ ਪ੍ਰਕਾਸ਼ਕ ਲੱਭਣੇ ਸੌਖਾ ਕੰਮ ਨਹੀਂ ਸੀ। ਉਹ ਹਰ ਚੀਜ਼ ਨੂੰ ਘੋਖ ਪਰਖ ਕੇ ਫੇਰ ਹੀ ਦਰਜ ਕਰਦੇ ਸਨ। ਕਈ ਲੇਖਕ ਪ੍ਰੋਫ਼ੈਸਰ ਸਹਿਬ ਦੇ ਕਈ-ਕਈ ਖ਼ਤ ਆਉਣ 'ਤੇ ਵੀ ਉੱਤਰ ਦੇਣ ਵਿੱਚ ਘੌਲ ਕਰ ਦਿੰਦੇ ਸਨ। ਤਿੰਨ ਸਾਲ ਲੰਘ ਗਏ, ਕੰਮ ਅਜੇ ਵਿਚਕਾਰ ਸੀ। ਮੇਰਾ ਕਾਰਜਕਾਲ ਖ਼ਤਮ ਹੋ ਗਿਆ। ਅਗਲੇ ਪ੍ਰਧਾਨ ਗੁਲਜ਼ਾਰ ਸਿੰਘ ਸੰਧੂ ਨੇ ਕੰਮ ਤੇਜ਼ੀ ਨਾਲ ਨਾ ਹੁੰਦਾ ਵੇਖ ਕੁਝ ਚਿਰ ਮਗਰੋਂ ਸਹਾਇਕ ਵੀ ਹਟਾ ਦਿੱਤਾ। ਇਨ੍ਹਾਂ ਤਿੰਨ ਸਾਲਾਂ ਦੌਰਾਨ ਪ੍ਰੋਫ਼ੈਸਰ ਸਾਹਿਬ ਕੰਮ ਕਰਦੇ ਤਾਂ ਰਹੇ, ਪਰ ਬਹੁਤਾ ਨਹੀਂ ਨਿੱਬੜਿਆ। ਅਗਲੀ ਵਾਰ ਮੈਂ ਮੁੜ ਸਾਹਿਤ ਅਕੈਡਮੀ ਦੀ ਪ੍ਰਧਾਨ ਬਣਾ ਦਿੱਤੀ ਗਈ ਤਾਂ ਮੈਂ ਪ੍ਰੋਫ਼ੈਸਰ ਸਾਹਿਬ ਨੂੰ ਮੁੜ ਬੇਨਤੀ ਕੀਤੀ ਕਿ



ਕੰਮ ਪੂਰਾ ਕਰ ਦਿਉ, ਹੁਣ ਅਸੀਂ ਤੁਹਾਨੂੰ ਇੱਕ ਦੀ ਥਾਂ ਦੋ ਸਹਾਇਕ ਦੇ ਦੇਵਾਂਗੇ। ਉਨ੍ਹਾਂ ਦਾ ਜਵਾਬ ਸੀ, "ਮੁੜ ਕੇ ਫਿਰ ਸਾਰਾ ਕੁਝ ਦੇਖਣਾ ਪਏਗਾ।" ਮੈਂ ਆਖਿਆ, "ਮੈਂ ਜਾਣਦੀ ਹਾਂ ਇਹ ਕੰਮ ਕਿਸੇ ਇਕੱਲੇ ਬੰਦੇ ਦਾ ਨਹੀਂ, ਸੰਸਥਾ ਦਾ ਹੈ, ਪਰ ਤੁਹਾਡੇ ਬਿਨਾਂ ਕਿਸੇ ਨੇ ਕਰ ਨਹੀਂ ਸਕਣਾ।" ਉਹ ਜਦੋਂ ਮੰਨ ਗਏ ਤਾਂ ਗੁਲਜ਼ਾਰ ਸਿੰਘ ਸੰਧੂ ਹੋਰਾਂ ਨੇ ਥੋੜ੍ਹੀ ਨਾਰਾਜ਼ਗੀ ਨਾਲ ਆਖਿਆ ਕਿ ਕੰਮ ਉਹ ਕਰਦੇ ਨਹੀਂ, ਅਸੀਂ ਕਾਹਦੇ ਲਈ ਵਾਧੂ ਸਹਾਇਕਾਂ 'ਤੇ ਖ਼ਰਚਾ ਕਰਦੇ ਰਹੀਏ। ਮੈਂ ਨਾਰਾਜ਼ ਹੋ ਕੇ ਆਖਿਆ, "ਜੇ ਕੰਮ ਪੂਰਾ ਨਾ ਹੋਇਆ ਤਾਂ ਅਕੈਡਮੀ ਦੇ ਜਿਹੜੇ ਪੈਸੇ ਖ਼ਰਚ ਹੋਣਗੇ, ਮੈਂ ਆਪਣੇ ਪੱਲਿਓਂ ਮੋੜ ਦਿਆਂਗੀ।" ਪ੍ਰੋ.ਫ਼ੈਸਰ ਸਾਹਿਬ ਕੰਮ 'ਤੇ ਲੱਗੇ ਰਹੇ। ਉਨ੍ਹਾਂ ਨੇ ਰਜਿਸਟਰ ਲਗਾ ਰੱਖੇ ਸਨ ਕਿ ਕਿਹੜੇ ਲੇਖਕ ਨੂੰ ਕਿੰਨੇ ਖ਼ਤ ਪਾਏ ਗਏ। ਤਕਰੀਬਨ ਦਸ ਸਾਲਾਂ ਮਗਰੋਂ ਦੋ ਹਜ਼ਾਰ ਲੇਖਕਾਂ ਦਾ ਇੱਕ ਵੱਡਾ ਗ੍ਰੰਥ ਪੰਜਾਬੀ ਲਿਖਾਰੀ ਕੋਸ਼ ਤਿਆਰ ਹੋ ਗਿਆ।

ਹੁਣ ਇਸ ਨੂੰ ਛਾਪਣ ਦੀ ਸਮੱਸਿਆ ਆਈ। ਅਕੈਡਮੀ ਕੋਲ ਇਸ ਨੂੰ ਛਾਪਣ ਜੋਗੇ ਪੈਸੇ ਨਹੀਂ ਸਨ। ਮੈਂ ਨਵਯੁਗ ਵਾਲੇ ਭਾਪਾ ਪ੍ਰੀਤਮ ਸਿੰਘ ਨੂੰ ਪੁੱਛਿਆ। ਉਹ ਆਖਣ ਲੱਗੇ, "ਇਹ ਟਿਵਾਣਾ ਦਾ ਨਾਵਲ ਤਾਂ ਹੈ ਨਹੀਂ ਜੋ ਹੱਥੋ-ਹੱਥੀ ਵਿਕ ਜਾਊਗਾ। ਕੋਈ ਲੇਖਕ ਆਪਣੀ ਨਿੱਕੀ ਜਿਹੀ ਐਂਟਰੀ ਬਦਲੇ ਪੂਰਾ ਕੋਸ਼ ਕਿਉਂ ਖਰੀਦੇਗਾ। ਇਹ ਤਾਂ ਇੱਕ ਰੈਫਰੈਂਸ ਬੁੱਕ ਬਣੇਗੀ। ਮੈਂ ਇਸ ਨੂੰ ਨਹੀਂ ਛਾਪ ਸਕਦਾ।" ਫ਼ਿਰ ਮੈਂ ਭਾਸ਼ਾ ਵਿਭਾਗ ਨੂੰ ਪੁੱਛਿਆ। ਉਨ੍ਹਾਂ ਨੇ ਆਖਿਆ, "ਸਾਡੇ ਤਾਂ ਪਹਿਲੇ ਪ੍ਰੋਜੈਕਟ ਹੀ ਸਿਰੇ ਨਹੀਂ ਲੱਗ ਰਹੇ। ਪੰਜ ਸੱਤ ਸਾਲ ਤਾਂ ਇਸ ਦੇ ਛਾਪਣ ਦੀ ਵਾਰੀ ਨਹੀਂ ਆਉਣੀ।" ਫਿਰ ਮੈਂ ਪੰਜਾਬੀ ਯੂਨੀਵਰਸਿਟੀ ਨੂੰ ਪੁੱਛਿਆ। ਪੰਜਾਬੀ ਵਿਕਾਸ ਵਿਭਾਗ ਵਾਲਿਆਂ ਨੇ ਆਖਿਆ ਕਿ ਅਸੀਂ ਇਸ ਨੂੰ ਛਾਪਣ ਬਾਰੇ ਸੋਚ ਤਾਂ ਸਕਦੇ ਹਾਂ, ਪਰ ਰਾਇਲਟੀ ਕੋਈ ਨਹੀਂ ਦਿਆਂਗੇ। ਹਾਰ ਕੇ ਮੈਂ ਅਕੈਡਮੀ ਵੱਲੋਂ ਪ੍ਰੋ.ਫ਼ੈਸਰ ਸਾਹਿਬ ਨੂੰ ਲਿਖ ਕੇ ਭੇਜ ਦਿੱਤਾ ਕਿ ਇਹ ਤੁਹਾਡਾ ਕੰਮ ਹੈ, ਜਿੱਥੋਂ ਮਰਜ਼ੀ ਛਪਵਾ ਲਵੋ। ਅਕੈਡਮੀ ਦਾ ਇਸ 'ਤੇ ਕੋਈ ਅਧਿਕਾਰ ਨਹੀਂ ਹੋਵੇਗਾ। ਇਸ ਮਗਰੋਂ ਉਨ੍ਹਾਂ ਨੇ ਪੱਲਿਓਂ ਇੱਕ ਲੱਖ ਰੁਪਏ ਦੇ ਕੇ ਲੋਕ ਗੀਤ ਪ੍ਰਕਾਸ਼ਨ ਵਾਲਿਆਂ ਤੋਂ ਇਸ ਸ਼ਰਤ 'ਤੇ ਛਪਾਇਆ ਕਿ ਵਿਕਰੀ ਉਪਰੰਤ ਇੱਕ ਲੱਖ ਰੁਪਏ ਮੈਨੂੰ ਮੋੜ ਦੇਣਾ ਅਤੇ ਬਾਕੀ ਦੇ ਕੋਸ਼ ਤੁਸੀਂ ਆਪਣੇ ਕੋਲ ਰੱਖ ਲੈਣਾ। ਲੋਕ ਗੀਤ ਵਾਲਿਆਂ ਨੇ ਇਹ ਲਿਖਾਰੀ ਕੋਸ਼ ਛਾਪ ਦਿੱਤਾ, ਪਰ ਉਹ ਲੱਖ ਰੁਪਏ ਖੁਆਰ ਕਰ ਕੇ ਮੋੜੇ। ਇੱਕ ਦਿਨ ਉਨ੍ਹਾਂ ਦਾ ਫ਼ੋਨ ਆਇਆ ਕਿ ਇਸ ਲਿਖਾਰੀ ਕੋਸ਼ ਦੀ ਇੱਕ ਕਾਪੀ ਮੈਂ ਬੀਬਾ ਤੈਨੂੰ ਦੇਣ ਆ ਰਿਹਾ ਹਾਂ। ਮੈਂ ਕਿਹਾ, "ਪ੍ਰੋ.ਫ਼ੈਸਰ ਸਾਹਿਬ, ਕਿਉਂ ਸ਼ਰਮਿੰਦਾ ਕਰਦੇ ਹੋ। ਕੋਸ਼ ਦੀ ਕਾਪੀ ਮੈਂ ਆਪ ਆ ਕੇ ਲੈ ਜਾਵਾਂਗੀ।" ਉਹ ਕਹਿੰਦੇ, "ਨਹੀਂ, ਮੈਂ ਡਾਕਟਰ ਗੁਰਪਾਲ ਨੂੰ ਆਖ ਦਿੱਤਾ ਹੈ ਉਹ ਆਪਣੀ ਕਾਰ 'ਤੇ ਮੈਨੂੰ ਯੂਨੀਵਰਸਿਟੀ ਲੈ ਜਾਊਗਾ।" ਮੈਂ ਫਿਰ ਜ਼ੋਰ ਦੇ ਕੇ ਆਖਿਆ, "ਨਹੀਂ, ਮੈਂ ਹੀ ਆਵਾਂਗੀ। ਤੁਸੀਂ ਆਪ ਮੈਨੂੰ ਕਿਤਾਬ ਦੇਣ ਆਓ ਇਹ ਗੱਲ ਠੀਕ ਨਹੀਂ।" ਉਹ ਥੋੜ੍ਹਾ ਤਲਖ਼ ਹੋ ਕੇ ਬੋਲੇ, "ਤੇਰਾ ਹੁਕਮ ਮੇਰੇ ਉੱਤੇ ਨਹੀਂ ਚੱਲਦਾ, ਇਸ ਲਈ ਮੈਂ ਆ ਰਿਹਾ ਹਾਂ।" ਮੈਂ ਚੁੱਪ ਕਰ ਗਈ।

ਪ੍ਰੋ. ਪ੍ਰੀਤਮ ਸਿੰਘ ਆਪਣੇ ਸਾਰੇ ਹੀ ਵਿਦਿਆਰਥੀਆਂ ਨੂੰ ਝਿੜਕ ਵੀ ਦਿੰਦੇ ਸਨ, ਟਿੱਚਰਾਂ ਵੀ ਕਰ ਲੈਂਦੇ ਸਨ। ਉਨ੍ਹਾਂ ਦੀਆਂ ਗ਼ਲਤੀਆਂ ਦਾ ਚੰਗਾ ਵਿਖਿਆਨ ਕਰਕੇ ਸ਼ਰਮਿੰਦਾ ਵੀ ਕਰ ਦਿੰਦੇ ਸਨ। ਫਿਰ ਵੀ ਉਨ੍ਹਾਂ ਦਾ ਕੋਈ ਬੁਰਾ ਨਹੀਂ ਸੀ ਮਨਾਉਂਦਾ। ਹਰ ਔਖ-ਸੌਖ ਵੇਲੇ ਉਨ੍ਹਾਂ ਵੱਲ ਹੀ ਭੱਜੇ ਜਾਂਦੇ ਸਨ। ਭਾਵੇਂ ਸਭ ਨੂੰ ਪਤਾ ਸੀ ਕਿ ਉਹ ਆਪਣੇ ਅਸੂਲਾਂ ਦੇ ਪੱਕੇ ਨੇ, ਕੋਈ ਰਿਆਇਤ ਨਹੀਂ ਕਰਨਗੇ।

ਉਹ ਪੰਜਾਬੀ ਦੇ ਨਾਲ ਨਾਲ ਉਰਦੂ, ਫ਼ਾਰਸੀ ਤੇ ਅੰਗਰੇਜ਼ੀ ਦੇ ਸੱਚਮੁੱਚ ਦੇ ਵਿਦਵਾਨ ਸਨ। ਕਈ ਵਾਰੀ ਉਹ ਜਮਾਤ ਨੂੰ ਲਗਾਤਾਰ ਕਈ ਕਈ ਘੰਟੇ ਪੜ੍ਹਾਈ ਜਾਂਦੇ। ਵਿਦਿਆਰਥੀ ਨਾ ਅੱਕਦੇ ਸਨ, ਨਾ ਥੱਕਦੇ ਸਨ ਸਗੋਂ ਮਹਿਸੂਸ ਕਰਦੇ ਕਿ ਪ੍ਰੋ. ਪ੍ਰੀਤਮ ਸਿੰਘ ਗਿਆਨ ਦੀਆਂ ਨਵੀਆਂ ਖਿੜਕੀਆਂ ਖੋਲ੍ਹ ਸੰਸਾਰ ਦੇ ਅਨੇਕਾਂ ਵਿਦਵਾਨਾਂ ਤੇ ਉਨ੍ਹਾਂ ਦੀਆਂ ਪੁਸਤਕਾਂ ਕੋਲ ਲੈ ਜਾਂਦੇ ਸਨ। ਉਹ ਸਿਰਫ਼ ਪੜ੍ਹਾਉਂਦੇ ਹੀ ਨਹੀਂ ਸਨ ਸਗੋਂ ਪੜ੍ਹਨ ਦੀ ਜਾਚ ਵੀ ਸਿਖਾਉਂਦੇ ਸਨ। ਵਿਸ਼ੇਸ਼ ਗੱਲ ਇਹ ਕਿ ਉਹ ਵਿਦਿਆਰਥੀਆਂ ਦੀ ਅੰਦਰਲੀ ਸਮਰੱਥਾ ਵੀ ਜਾਣ ਲੈਂਦੇ ਸਨ ਤੇ ਅਗਲੇ ਨੂੰ ਵੀ ਉਸ ਤੋਂ ਜਾਣੂ ਕਰਵਾ ਦਿੰਦੇ ਸਨ ਜਿਵੇਂ ਕੋਈ ਵੱਡਾ-ਵਡੇਰਾ ਬੱਚੇ ਨੂੰ ਉਂਗਲ ਲਾ ਕੇ ਐਡੀ ਦੂਰ ਲੈ ਆਵੇ ਜਿੱਥੋਂ ਕਿ ਹੁਣ ਉਸ ਨੇ ਅਗਾਂਹ ਹੀ ਅਗਾਂਹ ਜਾਣਾ ਹੁੰਦਾ ਸੀ । ਇਹ ਸਨ ਪ੍ਰੋ. ਪ੍ਰੀਤਮ ਸਿੰਘ।

ਪ੍ਰੋ. ਪ੍ਰੀਤਮ ਸਿੰਘ ਕੋਰੇ ਵਿਦਵਾਨ ਹੀ ਨਹੀਂ ਸਨ ਸਗੋਂ ਉਨ੍ਹਾਂ ਨੂੰ ਮਨੁੱਖੀ ਰਿਸ਼ਤਿਆਂ ਦੀ ਵੀ ਬਹੁਤ ਸਮਝ ਸੀ। ਗੱਲਾਂ-ਗੱਲਾਂ ਵਿੱਚ ਹੀ ਉਹ ਬਹੁਤ ਕੁਝ ਸਮਝਾ ਜਾਂਦੇ ਸਨ। ਇੱਕ ਦਿਨ ਆਖਣ ਲੱਗੇ, "ਹਰ ਮੁੰਡਾ ਸੋਚਦਾ ਹੈ ਕਿ ਵਹੁਟੀ ਹੀਰ ਵਰਗੀ ਹੋਵੇ। ਕੋਈ ਪੁੱਛਣ ਵਾਲਾ ਹੋਵੇ ਭਲਿਆਮਾਣਸਾ ਤੂੰ ਰਾਂਝੇ ਵਰਗਾ ਹੈਗਾ।" ਕਿਸੇ ਹੋਰ ਦਿਨ ਆਖਣ ਲੱਗੇ, "ਅੱਜਕੱਲ੍ਹ ਕੁਰਸੀਆਂ ਰਾਜ ਕਰਦੀਆਂ ਨੇ, ਬੰਦੇ ਤਾਂ ਕੁਰਸੀਆਂ 'ਤੇ ਬੈਠੇ ਦਿਸਦੇ ਹੀ ਨਹੀਂ।" ਸਾਡਾ ਇੱਕ ਕਵੀ ਆਖਦਾ ਹੈ:

ਜਿੰਨੀ ਸਮਝ ਓਨਾ ਹੀ ਚਾਨਣ, ਬਾਕੀ ਸਭ ਹਨੇਰਾ,
ਇੱਥੇ ਚੜ੍ਹਦਾ ਇੱਥੇ ਹੀ ਛੁਪਦਾ, ਸੂਰਜ ਤੇਰਾ ਮੇਰਾ।

ਇਸ ਤਰ੍ਹਾਂ ਪ੍ਰੋ. ਪ੍ਰੀਤਮ ਸਿੰਘ ਦੀ ਪ੍ਰਤਿਭਾ ਨੂੰ ਅਸੀਂ ਆਪਣੀ ਸਮਰੱਥਾ ਅਨੁਸਾਰ ਹੀ ਜਾਣ ਸਕਦੇ ਹਾਂ, ਸਮਝ ਸਕਦੇ ਹਾਂ। ਮੈਨੂੰ ਯਾਦ ਹੈ ਜਿਹੜੇ ਕੰਮ ਪ੍ਰੋ. ਪ੍ਰੀਤਮ ਸਿੰਘ ਨੇ ਪੂਰੇ ਕਰਨੇ ਸਨ ਉਹ ਉਨ੍ਹਾਂ ਨੇ ਮੁਕਾਏ ਤੇ ਫਿਰ ਇੱਕ ਦਿਨ ਆਖ਼ਰੀ ਖਰੜਾ ਵੀ ਪ੍ਰਕਾਸ਼ਕ ਨੂੰ ਭੇਜ ਕੇ ਆਪਣੀ ਸਟੈਨੋ ਨੂੰ ਆਖਿਆ, "ਹੁਣ ਪਬਲਿਸ਼ਰ ਨੂੰ ਚਿੱਠੀ ਵੀ ਲਿਖ ਦੇ।" ਕੁੜੀ ਬੋਲੀ, "ਸਾਰਾ ਦਿਨ ਕੰਮ ਕਰਦੇ ਥੱਕ ਗਏ ਹਾਂ, ਚਿੱਠੀ ਮੈਂ ਕੱਲ੍ਹ ਲਿਖ ਦਿਆਂਗੀ।" ਇਸ 'ਤੇ ਉਹ ਆਖਣ ਲੱਗੇ, "ਦੋ ਤਾਂ ਲਾਈਨਾਂ ਲਿਖਣੀਆਂ ਨੇ ਹੁਣੇ ਲਿਖਦੇ।" ਕੁੜੀ ਨੇ ਚਿੱਠੀ ਟਾਈਪ ਕਰ ਦਿੱਤੀ ਤੇ ਪ੍ਰੋ.ਫ਼ੈਸਰ ਸਾਹਿਬ ਨੇ ਹੇਠਾਂ ਆਪਣੇ ਦਸਤਖ਼ਤ ਕਰਕੇ ਚਿੱਠੀ ਡਾਕ 'ਚ ਪਾਉਣ ਲਈ ਫੜਾ ਦਿੱਤੀ। ਫਿਰ ਆਖਣ ਲੱਗੇ, "ਮੈਂ ਜ਼ਰਾ ਆਰਾਮ ਕਰ ਲਵਾਂ।" ਤੇ ਮੰਜੇ 'ਤੇ ਪੈ ਗਏ। ਦੋ ਕੁ ਮਿੰਟ ਮਗਰੋਂ ਔਖੇ ਜਿਹੇ ਸਾਹ ਆਏ ਤਾਂ ਸਟੈਨੋ ਕੁੜੀ ਨੇ ਉਨ੍ਹਾਂ ਵੱਲ ਦੇਖ ਕੇ ਕਾਹਲੀ ਨਾਲ ਬਾਹਰ ਜਾ ਕੇ ਸਾਹਮਣੀ ਕੋਠੀ ਵਿੱਚ ਰਹਿੰਦੇ ਉਨ੍ਹਾਂ ਦੇ ਡਾਕਟਰ ਜਵਾਈ ਨੂੰ ਆਵਾਜ਼ ਮਾਰੀ, "ਛੇਤੀ ਆ ਕੇ ਦੇਖਿਓ ਭਾਪਾ ਜੀ ਨੂੰ ਕੀ ਹੋ ਰਿਹਾ ਹੈ?"

ਡਾਕਟਰ ਸਾਹਿਬ ਝੱਟ ਪਹੁੰਚ ਗਏ, ਪਰ ਉਦੋਂ ਤਕ ਪ੍ਰੋ.ਫ਼ੈਸਰ ਸਾਹਿਬ ਆਪਣੇ ਲੰਮੇ ਸਫ਼ਰ 'ਤੇ ਜਾ ਚੁੱਕੇ ਸਨ। ਇਸ ਵੇਲੇ ਪੰਜਾਬੀ ਬੋਲੀ, ਪੰਜਾਬੀ ਸਾਹਿਤ, ਪੰਜਾਬੀ ਸੱਭਿਆਚਾਰ ਦੇ ਰਖਵਾਲੇ ਵੱਲ ਸਭ ਬੇਵੱਸ ਹੋ ਕੇ ਤੱਕ ਰਹੇ ਸਨ। ਉਨ੍ਹਾਂ ਦੇ ਕੀਤੇ ਕੰਮਾਂ ਕਾਰਨ ਪੰਜਾਬੀ ਬੋਲੀ, ਸਾਹਿਤ ਅਤੇ ਸੱਭਿਆਚਾਰ ਅਤੇ ਇਨ੍ਹਾਂ ਸਭ ਨੂੰ ਚਾਹੁਣ ਵਾਲੇ ਪ੍ਰੋ.ਫ਼ੈਸਰ ਸਾਹਿਬ ਦੇ ਰਿਣੀ ਰਹਿਣਗੇ। ਇਸੇ ਕਾਰਨ ਉਨ੍ਹਾਂ ਦੇ ਚਲੇ ਜਾਣ ਮਗਰੋਂ ਵੀ ਅੱਜ ਅਸੀਂ ਉਨ੍ਹਾਂ ਨੂੰ ਯਾਦ ਕਰ ਰਹੇ ਹਾਂ।


Sir Speedy Tustin
Printers to the Community
SUBWAY eat fresh.
OPEN 24 HOURS
7 ELEVEN
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Received From:
Address:
For: Building Fund Prasad Other
Cash Check
Received By:
Thank you for your generous donation
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
7 ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Product
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# ਡਾਰਵਿਨ ਦਾ ਵਿਕਾਸ ਸਿਧਾਂਤ ਤੇ ਵਿਗਿਆਨ ਦਾ ਮੋਦੀਕਰਨ

**ਡਾ. ਕੁਲਦੀਪ ਸਿੰਘ ਧੀਰ'**

ਮੈਨੂੰ ਸੰਵਿਧਾਨ ਦਾ ਬਹੁਤਾ ਪਤਾ ਨਹੀਂ, ਪਰ ਦੋਸਤ ਕਹਿੰਦੇ ਹਨ ਕਿ ਭਾਰਤੀ ਸੰਵਿਧਾਨ ਦੀ ਧਾਰਾ 51-ਏ (ਐੱਚ) ਅਨੁਸਾਰ ਸਰਕਾਰ ਦੇਸ਼ ਵਿੱਚ ਵਿਗਿਆਨਕ ਸੋਚ ਦੇ ਪਸਾਰ ਲਈ ਵਚਨਬੱਧ ਹੈ। ਇਸ ਵਚਨਬੱਧਤਾ ਨਾਲ ਮਜ਼ਾਕ ਅੱਜਕੱਲ੍ਹ ਆਮ ਹੋ ਰਿਹਾ ਹੈ। 68ਵੇਂ ਗਣਤੰਤਰ ਦਿਵਸ ਤੋਂ ਇੱਕ ਹਫ਼ਤਾ ਪਹਿਲਾਂ 19 ਜਨਵਰੀ 2018 ਨੂੰ ਔਰੰਗਾਬਾਦ (ਮਹਾਂਰਾਸ਼ਟਰ) ਵਿੱਚ ਦੇਸ਼ ਦੇ ਮਨੁੱਖੀ ਸਰੋਤ ਵਿਕਾਸ ਰਾਜ ਮੰਤਰੀ ਸਤਿਆਪਾਲ ਸਿੰਘ ਨੇ ਆਲ ਇੰਡੀਆ ਵੈਦਿਕ ਸੰਮੇਲਨ ਵਿੱਚ ਦੇਸ਼ ਤੇ ਦੁਨੀਆਂ ਨੂੰ ਇਹ ਕਹਿ ਕੇ ਚੌਂਕਾ ਦਿੱਤਾ ਕਿ ਡਾਰਵਿਨ ਦਾ ਵਿਕਾਸ ਸਿਧਾਂਤ ਗ਼ਲਤ ਹੈ। ਸਾਡੇ ਕਿਸੇ ਵੇਦ ਪੁਰਾਣ, ਧਾਰਮਿਕ ਗ੍ਰੰਥ ਵਿੱਚ ਮਨੁੱਖ ਦੇ ਬਾਂਦਰ ?ਲੰਗੂਰ (ਏਪ) ਤੋਂ ਵਿਕਸਿਤ ਹੋਣ ਦਾ ਜ਼ਿਕਰ ਨਹੀਂ। ਸਾਡੇ ਕਿਸੇ ਵੱਡੇ-ਵਡੇਰੇ ਨਾਨੀ-ਦਾਦੀ ਨੇ ਸਾਨੂੰ ਇਸ ਬਾਰੇ ਕਦੇ ਨਹੀਂ ਦੱਸਿਆ। ਕਿਸੇ ਨੇ ਵੀ ਲੰਗੂਰ/ਬਾਂਦਰ ਦੇ ਘਰ ਬੰਦਾ ਪੈਦਾ ਹੁੰਦਾ ਨਹੀਂ ਵੇਖਿਆ। ਕਿਸੇ ਨੇ ਲੰਗੂਰ ਨੂੰ ਬੰਦਾ ਬਣਦੇ ਨਹੀਂ ਵੇਖਿਆ। ਇਸ ਗ਼ਲਤ ਸਿਧਾਂਤ ਦਾ ਸਕੂਲਾਂ/ਕਾਲਜਾਂ ਤੇ ਪਾਠ ਪੁਸਤਕਾਂ ਰਾਹੀਂ ਅਧਿਆਪਨ ਬੰਦ ਹੋਣਾ ਚਾਹੀਦਾ ਹੈ।

ਬੜੇ ਸੂਝਵਾਨ' ਹਨ ਇਹ ਮੰਤਰੀ ਜੀ। ਉਨ੍ਹਾਂ ਦਾ ਖ਼ੂਬ ਵਿਰੋਧ ਹੋ ਰਿਹਾ ਹੈ, ਪਰ ਸਰਕਾਰ ਨੂੰ ਕੀ ਪ੍ਰਵਾਹ। ਪ੍ਰਧਾਨ ਮੰਤਰੀ ਆਪ ਦੋ ਸਾਲ ਪਹਿਲਾਂ ਮੁੰਬਈ ਦੀ ਇੰਡੀਅਨ ਸਾਇੰਸ ਕਾਂਗਰਸ ਵਿੱਚ ਬਾਹਾਂ ਉਲਾਰ ਕੇ ਕਹਿ ਚੁੱਕੇ ਹਨ ਕਿ ਪ੍ਰਾਚੀਨ ਭਾਰਤ ਵਿੱਚ ਪਲਾਸਟਿਕ ਸਰਜਰੀ ਇੰਨੀ ਵਿਕਸਿਤ ਸੀ ਕਿ ਅਸੀਂ ਸਿਰ ਟਰਾਂਸਪਲਾਂਟ ਕਰ ਲੈਂਦੇ ਸਾਂ।' ਇਸ਼ਾਰਾ ਉਹ ਗਣੇਸ਼ ਭਗਵਾਨ ਵੱਲ ਕਰ ਰਹੇ ਸਨ। "ਅਸੀਂ ਕਲੋਨਿੰਗ ਨਾਲ ਸੌ ਬੰਦੇ ਪੈਦਾ ਕਰ ਲੈਂਦੇ ਸਾਂ।" ਇਸ਼ਾਰਾ ਸੌ ਕੌਰਵ ਪੁੱਤਰਾਂ ਵੱਲ ਸੀ। "ਅਸੀਂ ਭਾਂਤ ਭਾਂਤ ਦੇ ਜਹਾਜ਼, ਰਾਕੇਟ ਤੇ ਬੰਬ ਬਣਾ ਲੈਂਦੇ ਸਾਂ।" ਇਸ਼ਾਰਾ ਪੌਰਾਣਿਕ ਅਗਨ ਬਾਣਾਂ ਤੇ ਪੁਸ਼ਪਕ ਵਿਮਾਨਾਂ ਵੱਲ ਸੀ। ਰਾਸ਼ਟਰੀ ਅੰਤਰਰਾਸ਼ਟਰੀ ਪੱਧਰ ਉੱਤੇ ਦੇਸ਼ ਦੇ ਗੌਰਵ ਨਾਲ ਇਹ ਮਜ਼ਾਕ ਨਹੀਂ, ਤਾਂ ਹੋਰ ਕੀ ਸੀ। ਪਿੱਛੇ ਜਿਹੇ ਉਨ੍ਹਾਂ ਦੇ ਇੱਕ ਹੋਰ ਮੰਤਰੀ ਨੇ ਦਾਅਵਾ ਕੀਤਾ ਸੀ ਕਿ ਨਿਊਟਨ ਦੇ ਗੁਰੂਤਾ ਸਿਧਾਂਤ ਦੀ ਖੋਜ ਉਸ ਤੋਂ ਕਿਤੇ ਪਹਿਲਾਂ ਭਾਰਤੀ ਵਿਗਿਆਨੀ ਕਰ ਚੁੱਕੇ ਸਨ।

ਵਿਗਿਆਨ ਹਰਫ਼-ਏ-ਆਖ਼ਿਰ ਦਾ ਦਾਅਵਾ ਨਹੀਂ ਕਰਦਾ। ਨਵੀਂ ਖੋਜ ਵਿਗਿਆਨਕ ਲੱਭਤਾਂ ਸਿਧਾਂਤਾਂ ਨੂੰ ਰੱਦ ਕਰ ਸਕਦੀ ਹੈ, ਸੋਧ ਸਕਦੀ ਹੈ। ਇਨ੍ਹਾਂ ਦੀ ਮੌਡੀਫਿਕੇਸ਼ਨ' (ਸੁਧਾਈ) ਕਰ ਸਕਦੀ ਹੈ। ਕੇਂਦਰੀ ਮੰਤਰੀ ਵਿਗਿਆਨਕ ਸਿਧਾਂਤਾਂ ਦੀ ਖੋਜ ਤੇ ਦਲੀਲ ਨਾਲ ਮੌਡੀਫਿਕੇਸ਼ਨ' ਜੀਅ ਸਕਦੇ ਕਰਨ, ਪਰ ਇਨ੍ਹਾਂ ਦੀ ਮੋਦੀਫਿਕੇਸ਼ਨ ਕਰਕੇ ਭਾਰਤੀ ਪ੍ਰਾਪਤੀਆਂ ਦਾ ਮਜ਼ਾਕ ਨਾ ਉਡਾਉਣ। ਅਜਿਹੇ ਬਿਆਨਾਂ ਉਪਰੰਤ ਲੋਕ ਸਾਡੀਆਂ ਵਾਸਤਵਿਕ ਪ੍ਰਾਪਤੀਆਂ ਨੂੰ ਵੀ ਗੰਭੀਰਤਾ ਨਾਲ ਨਹੀਂ ਲੈਣਗੇ।

ਕੇਂਦਰੀ ਮੰਤਰੀ ਦੀ ਗੱਲ ਮੰਨੀਏ ਤਾਂ ਨਿਊਟਨ ਦੇ ਨੇਮ ਵੀ ਗ਼ਲਤ ਹਨ ਕਿਉਂ ਜੋ ਇਨ੍ਹਾਂ ਦਾ ਜ਼ਿਕਰ ਵੇਦਾਂ ਵਿੱਚ ਨਹੀਂ। ਆਇੰਸਟਾਈਨ ਦੇ ਸਾਪੇਖਤਾ ਸਿਧਾਂਤ ਤੇ ਕੁਆਂਟਮ ਥਿਊਰੀ ਗ਼ਲਤ ਹਨ। ਇਨ੍ਹਾਂ ਬਾਰੇ ਸਾਡੇ ਵੱਡੇ-ਵਡੇਰਿਆਂ ਨੇ ਸਾਨੂੰ ਕਦੇ ਦੱਸਿਆ ਨਹੀਂ ਸੀ। ਚੰਨ ਮੰਗਲ ਜਾਂ ਪੁਲਾੜ ਵਿੱਚ ਕਿਸੇ ਗ੍ਰਹਿ ਉੱਤੇ ਪਾਣੀ ਮਨੁੱਖ ਨਹੀਂ ਹੋ ਸਕਦੇ। ਹੁੰਦੇ ਤਾਂ ਉਹ ਹੇਠਾਂ ਡਿੱਗਦੇ ਸਾਨੂੰ ਕਦੋਂ ਦੇ ਦਿਸ ਜਾਂਦੇ। ਕੀ ਕਹੀਏ ? ਸਰੇ ਤਸਲੀਮ ਖ਼ਮ ਹੈ ਜੋ ਮਜ਼ਾਜੇ ਯਾਰ ਮੇਂ ਆਏ।' ਵਿਚਾਰੇ ਡਾਰਵਿਨ ਨਾਲ ਇੰਨੀ ਮਾੜੀ ਸ਼ਾਇਦ ਹੀ ਕਦੇ ਹੋਈ ਹੋਵੇ। ਚਲੋ ਉਸ ਬਾਰੇ ਵੀ ਆਮ ਭਾਰਤੀਆਂ ਨੂੰ ਕੁਝ ਦੱਸ ਦੇਈਏ ਜਿਸ ਨੂੰ ਲੈ ਕੇ ਇਹ ਬਿਆਨ ਦੇਣ ਦਾ ਕਸ਼ਟ ਕੇਂਦਰੀ ਮੰਤਰੀ ਨੇ ਕੀਤਾ ਹੈ।



ਡਾਰਵਿਨ 12 ਫਰਵਰੀ 1809 ਨੂੰ ਇੰਗਲੈਂਡ ਵਿੱਚ ਉਸੇ ਦਿਨ ਜੰਮਿਆ ਜਿਸ ਦਿਨ ਅਮਰੀਕਾ ਵਿੱਚ ਅਬਰਾਹਮ ਲਿੰਕਨ। ਡਾਰਵਿਨ ਨੇ ਵੱਡੀ ਗੱਲ ਇਹ ਕਹੀ ਕਿ ਮਨੁੱਖ, ਪਸ਼ੂ ਤੋਂ ਵੀ ਹੇਠਲੇ ਪੱਧਰ ਉੱਤੋਂ ਤੁਰ ਕੇ ਇੱਥੇ ਤਕ ਪੁੱਜਾ ਹੈ। ਨਾਨਕੇ ਦਾਦਕੇ ਦੋਵਾਂ ਪਰਿਵਾਰਾਂ ਵੱਲੋਂ ਉਹ ਚੰਗੇ ਨਾਂਅ-ਥਾਂ ਵਾਲਾ ਸੀ। ਦਾਦਾ 18ਵੀਂ ਸਦੀ ਦਾ ਮੰਨਿਆ ਹੋਇਆ ਬੁੱਧੀਜੀਵੀ ਸੀ ਇਰੈਸਮਸ ਡਾਰਵਿਨ। ਨਾਨਾ ਜੋਸੀਆ ਵੈਸਵੁਡ ਚੰਗਾ ਵਪਾਰੀ। ਪਿਤਾ ਨੇ ਡਾਰਵਿਨ ਨੂੰ ਡਾਕਟਰ ਬਣਾਉਣ ਲਈ ਐਡਿਨਬਰਾ ਯੂਨੀਵਰਸਿਟੀ (ਸਕੌਟਲੈਂਡ) ਵਿੱਚ ਦਾਖਲ ਕਰਾਇਆ। ਉੱਥੇ ਉਸ ਦਾ ਦਿਲ ਨਾ ਲੱਗਾ। ਛੱਡ ਕੇ ਧਾਰਮਿਕ ਵਿੱਦਿਆ ਲਈ ਕੈਂਬਰਿਜ ਪਹੁੰਚ ਗਿਆ ਤਾਂ ਕਿ ਸਿਖਲਾਈ ਲੈ ਕੇ ਚਰਚ ਦੀ ਸੇਵਾ ਕਰੇ। ਕੈਂਬਰਿਜ ਵਿੱਚ ਵਿਗਿਆਨੀਆਂ ਦੇ ਸੰਪਰਕ ਵਿੱਚ ਆਇਆ ਤਾਂ ਉਸ ਦਾ ਮਨ ਵਿਗਿਆਨ ਵੱਲ ਮੁੜ ਗਿਆ। ਬਾਟਨੀ ਦੇ ਪ੍ਰੋਫ਼ੈਸਰ ਜੌਹਨ ਹੈਂਸਲੋ ਨੇ ਉਸ ਨੂੰ ਐੱਚ. ਐੱਮ.ਐੱਸ. ਬੀਗਲ ਨਾਂ ਦੇ ਸਮੁੰਦਰੀ ਜਹਾਜ਼ ਉੱਤੇ ਬਿਨਾਂ ਤਨਖ਼ਾਹ ਅਪਰੈਂਟਿਸ ਲਵਾ ਦਿੱਤਾ। ਇਸ ਨੇ ਪੰਜ ਸਾਲ ਦੀ ਲੰਬੀ ਯਾਤਰਾ ਵਿੱਚ ਦੂਰ ਦੇਸ਼ਾਂ ਦੇ ਕੀਟ-ਪਤੰਗੇ, ਪੌਦੇ, ਚੱਟਾਨਾਂ, ਮਿੱਟੀ ਆਦਿ ਇਕੱਠੇ ਕਰਨੇ ਸਨ। ਇਸ ਆਸਰੇ ਹੀ ਡਾਰਵਿਨ ਨੇ ਆਪਣਾ ਵਿਕਾਸ ਸਿਧਾਂਤ ਪੇਸ਼ ਕੀਤਾ।

ਉਸ ਨੇ ਜੀਅ-ਜੰਤ ਵਿੱਚ ਨਿਰੰਤਰ ਵਾਪਰੇ ਸੂਖ਼ਮ ਪਰਿਵਰਤਨਾਂ ਨੂੰ ਮੂਟੇਸ਼ਨ ਦੇ ਸੰਕਲਪ ਰਾਹੀਂ ਸਮਝਾਇਆ। ਉਸ ਨੇ ਕਿਹਾ ਕਿ ਵਿਕਾਸ ਦੇ ਹਰ ਪੜਾਅ ਉੱਤੇ ਹਾਲਾਤ ਦਾ ਮੁਕਾਬਲਾ ਕਰਨ ਦੀ ਸਮਰੱਥਾ ਰੱਖਣ ਵਾਲੀਆਂ ਨਸਲਾਂ ਹੀ ਅੱਗੇ ਤੁਰਦੀਆਂ ਹਨ। ਹਰ ਨਵੀਂ ਪ੍ਰਜਾਤੀ ਵਿੱਚ ਨਵੀਆਂ ਸਥਿਤੀਆਂ ਦਾ ਮੁਕਾਬਲਾ ਕਰਨ ਵਾਲੇ ਅੰਗ, ਗੁਣ, ਲੱਛਣ ਉਸ ਦਾ ਮੁਹਾਂਦਰਾ ਨਿਸ਼ਚਿਤ ਕਰਦੇ ਹਨ। ਉਹ ਇਸ ਸਿਧਾਂਤ ਲਈ ਇੱਕ ਪਾਸੇ ਲਾਈਲ ਦੀ ਕਿਤਾਬ ਪ੍ਰਿੰਸੀਪਲਜ਼ ਆਫ ਜ਼ਿਆਲੌਜੀ' ਅਤੇ ਦੂਜੇ ਪਾਸੇ ਜੀਵ-ਜੰਤੂਆਂ ਦੇ ਪਥਰਾਟਾਂ ਦੇ ਅਧਿਐਨ ਤੋਂ ਪ੍ਰਭਾਵਿਤ ਹੋਇਆ। ਇਸ ਤੋਂ ਇਲਾਵਾ ਉਹ ਮਾਲਥਸ ਦੇ ਜਨਸੰਖਿਆ ਅਤੇ ਪ੍ਰਕ੍ਰਿਤਕ ਸਾਧਨਾਂ ਦੇ ਪਰਸਪਰ ਰਿਸ਼ਤੇ ਬਾਰੇ ਪੇਸ਼ ਧਾਰਨਾਵਾਂ ਤੋਂ ਵੀ ਪ੍ਰਭਾਵਿਤ ਹੋਇਆ। ਉਸ ਨੇ ਆਪਣਾ ਸਿਧਾਂਤ ਐਵੇਂ ਤਤਫੱਟ ਪੇਸ਼ ਨਹੀਂ ਕੀਤਾ। ਇਸ ਬਾਰੇ ਵੀਹ ਸਾਲ ਸੋਚਿਆ। ਇਸੇ ਦੌਰਾਨ ਉਸ ਨੂੰ ਪਤਾ ਲੱਗਾ ਕਿ ਉਸ ਵਰਗੇ ਹੀ ਵਿਚਾਰ ਇੱਕ ਹੋਰ ਵਿਗਿਆਨੀ ਐਲਫਰੈਡ ਰਸਲ ਵੈਲੇਸ ਦੇ ਵੀ ਹਨ। ਡਾਰਵਿਨ ਨੇ ਉਸ ਨਾਲ ਰਾਬਤਾ ਕੀਤਾ। ਸੰਨ 1858 ਵਿੱਚ ਦੋਵਾਂ ਨੇ ਇਸ ਬਾਰੇ ਸਾਂਝਾ ਐਲਾਨ ਕੀਤਾ। ਸੰਨ 1859 ਵਿੱਚ ਡਾਰਵਿਨ ਨੇ ਆਪਣਾ ਪਹਿਲਾ ਸਿਧਾਂਤਕ ਗ੍ਰੰਥ ਆਨ ਦਿ ਓਰਿਜਿਨ ਆਫ ਸਪੀਸ਼ੀਜ਼ ਬਾਈ ਨੈਚੁਰਲ ਸਿਲੈਕਸ਼ਨ' ਪ੍ਰਕਾਸ਼ਿਤ ਕੀਤਾ।

ਇਸ ਨਾਲ ਤਰਥੱਲੀ ਮਚ ਗਈ। ਸਾਡੇ ਮੰਤਰੀ ਵਾਂਗ ਕਿੰਨੇ ਹੀ ਕਹਿੰਦੇ ਕਹਾਉਂਦੇ ਬੰਦੇ ਇਸ ਦੇ ਵਿਰੋਧ ਵਿੱਚ ਉੱਠ ਖਲੋਤੇ। ਲੰਗੂਰ ਨੂੰ ਮਨੁੱਖ ਦਾ ਵਡੇਰਾ ਮੰਨਣਾ ਸੌਖਾ ਨਹੀਂ ਸੀ। ਉਨ੍ਹਾਂ ਲੰਗੂਰ ਉੱਤੇ ਡਾਰਵਿਨ ਦਾ ਸਿਰ ਲਾ ਕੇ ਕਾਰਟੂਨ ਬਣਾਏ। ਉਸ ਵਿਰੁੱਧ ਜਲੂਸ ਕੱਢੇ। ਇਸੇ ਤੂਫ਼ਾਨ ਦੌਰਾਨ ਕਈ ਵੱਡੇ ਬੰਦੇ ਉਸ ਦੇ ਸਮਰਥਨ ਵਿੱਚ ਵੀ ਅੱਗੇ ਆਏ। ਟੀ.ਐੱਚ. ਹਕਸਲੇ, ਜੇ.ਬੀ.ਐੱਸ. ਹਾਲਡੇਨ, ਸੀਵਾਲ ਰਾਈਟ ਤੇ ਰੇਨਾਲਡ ਫਿਸ਼ਰ ਇਨ੍ਹਾਂ ਵਿੱਚੋਂ ਪ੍ਰਮੁੱਖ ਸਨ। ਤੀਹ ਜੂਨ 1860 ਨੂੰ ਆਕਸਫੋਰਡ ਵਿੱਚ ਇਸ ਸਿਧਾਂਤ ਉੱਤੇ ਬਹਿਸ ਹੋਈ। ਆਰਚਬਿਸ਼ਪ ਵਿਲਬਰਫੋਰਸ, ਡਾਰਵਿਨ ਦਾ ਮਜ਼ਾਕ ਉਡਾਉਂਦਿਆਂ ਹਕਸਲੇ ਨਾ ਤਿੱਖੀ ਨੋਕ ਝੋਕ ਸ਼ੁਰੂ ਕਰ ਬੈਠਾ। ਉਸ ਨੇ ਹਕਸਲੇ ਨੂੰ ਸਵਾਲ ਕੀਤਾ: "ਲੰਗੂਰ ਨਾਲ ਤੁਹਾਡਾ ਰਿਸ਼ਤਾ ਨਾਨਕਿਆਂ ਵੱਲੋਂ ਜਾਂ ਦਾਦਕਿਆਂ ਵੱਲੋਂ ?" ਹਕਸਲੇ ਦਾ ਉੱਤਰ ਸੀ: "ਆਕਸਫੋਰਡ ਦੇ ਤੇਰੇ ਜਿਹੇ ਜਾਹਿਲ ਬਿਸ਼ਪ ਦੀ ਔਲਾਦ ਹੋਣ ਨਾਲੋਂ ਤਾਂ ਮੈਂ ਨਾਨਕਿਆਂ ਦਾਦਕਿਆਂ ਦੋਵਾਂ ਵੱਲੋਂ ਹੀ ਲੰਗੂਰ ਦੀ ਨਸਲ ਨਾਲ ਨਾਤਾ ਜੋੜਨਾ ਫ਼ਖ਼ਰ ਦੀ ਗੱਲ ਸਮਝਦਾ ਹਾਂ।" ਹਕਸਲੇ ਨੇ ਥਾਂ ਥਾਂ ਡਾਰਵਿਨ ਦੇ ਹੱਕ ਵਿੱਚ ਭਾਸ਼ਣ ਕੀਤੇ।

ਡਾਰਵਿਨ ਤੇ ਵੈਲੇਸ ਦਾ ਰਿਸ਼ਤਾ ਵੀ ਕਮਾਲ ਸੀ। ਇੱਕ ਪਾਸੇ ਡਾਰਵਿਨ ਨੇ ਵਿਕਾਸ ਸਿਧਾਂਤ ਦਾ ਸਿਹਰਾ ਵੈਲੇਸ ਦੇ ਸਿਰ ਬੰਨ੍ਹਣ ਦੀ ਗੱਲ ਕੀਤੀ। ਦੂਜੇ ਪਾਸੇ ਵੈਲੇਸ ਨੇ ਕਿਹਾ ਕਿ ਵਿਕਾਸ ਸਿਧਾਂਤ ਪੂਰੇ ਦਾ ਪੂਰਾ ਡਾਰਵਿਨ ਦੀ ਦੇਣ ਹੈ। ਡਾਰਵਿਨ ਸੁਭਾਅ ਪੱਖੋਂ ਚੁੱਪ ਤੇ ਸ਼ਰਮੀਲਾ ਸੀ। ਓਰਿਜਿਨ ਆਫ ਸਪੀਸ਼ੀਜ਼' ਦੇ ਪ੍ਰਕਾਸ਼ਨ ਲਈ ਜੌਹਨ ਮਰੇ ਨਾਲ ਇਕਰਾਰਨਾਮਾ ਹੋ ਗਿਆ। ਡਾਰਵਿਨ ਨੂੰ ਲੱਗਾ ਕਿ ਇਹ ਕਿਤਾਬ ਪ੍ਰਕਾਸ਼ਨ ਲਈ ਘਾਟੇਵੰਦੀ ਰਹੇਗੀ। ਉਸ ਨੇ ਜੌਹਨ ਨੂੰ ਲਿਖਿਆ: ਹੁਣ ਤਕ ਤੁਸੀਂ ਮੇਰੀ ਕਿਤਾਬ ਚੰਗੀ ਤਰ੍ਹਾਂ ਫਰੋਲ ਕੇ ਸਮਝ ਲਈ ਹੋਵੇਗੀ। ਜੇ ਤੁਹਾਨੂੰ ਇਹ ਸੌਦਾ ਘਾਟੇਵੰਦਾ ਲੱਗੇ ਤਾਂ ਤੁਸੀਂ ਇਸ ਇਕਰਾਰਨਾਮੇ ਨੂੰ ਜਦੋਂ ਚਾਹੋ ਰੱਦ ਕਰ ਸਕਦੇ ਹੋ।"

ਲੰਗੂਰ ਤੋਂ ਮਨੁੱਖ ਬਣਨ ਵਾਲੀ ਗੱਲ ਸਿੱਧੇ ਰੂਪ ਵਿੱਚ ਡਾਰਵਿਨ ਨੇ ਸੰਨ 1859 ਵਾਲੀ ਆਪਣੀ ਪਹਿਲੀ ਕਿਤਾਬ ਵਿੱਚ ਨਹੀਂ ਸੀ ਕਹੀ। ਇਹ ਉਸ ਨੇ ਸਪਸ਼ਟ ਰੂਪ ਵਿੱਚ ਸੰਨ 1871 ਵਿੱਚ ਪ੍ਰਕਾਸ਼ਿਤ ਆਪਣੀ ਦੂਜੀ ਕਿਤਾਬ ਡਿਸੈਂਟ ਆਫ ਮੈਨ' ਵਿੱਚ ਕਹੀ ਸੀ। ਉਂਜ, ਉਸ ਦਾ ਵਿਰੋਧ ਉਸ ਦੀ ਮੌਤ ਪਿੱਛੋਂ ਵੀ ਦੇਰ ਤਕ ਹੁੰਦਾ ਰਿਹਾ। ਚਰਚ ਤੇ ਡਾਰਵਿਨ ਦੇ ਉਮਰ ਭਰ ਦੇ ਵਿਰੋਧ ਦੇ ਬਾਵਜੂਦ ਸਾਲ 1882 ਵਿੱਚ ਉਸ ਦੀ ਮੌਤ ਉਪਰੰਤ ਚਰਚ ਨੇ ਉਸ ਨੂੰ ਵੈਸਟਮਿਨਸਟਰ ਐਬੇ ਵਿੱਚ ਨਿਊਟਨ ਦੀ ਕਬਰ ਨੇੜੇ ਸ਼ਾਹੀ ਸਨਮਾਨਾਂ ਨਾਲ ਦਫ਼ਨਾਉਣ ਦੀ ਆਗਿਆ ਦਿੱਤੀ। 10 ਪੌਂਡ ਦੇ ਬ੍ਰਿਟਿਸ਼ ਨੋਟ ਉੱਤੇ ਡਾਰਵਿਨ ਦੀ ਫੋਟੋ ਛਾਪ ਕੇ ਇੰਗਲੈਂਡ ਉਸ ਨੂੰ ਆਪਣੀ ਅਕੀਦਤ ਕਾਫ਼ੀ ਦੇਰ ਪਹਿਲਾਂ ਭੇਟ ਕਰ ਚੁੱਕਾ ਹੈ।

ਡਾਰਵਿਨ ਆਪ ਇਸ ਵਿਰੋਧ ਤੇ ਮਾਨ-ਸਨਮਾਨ ਦੌਰਾਨ ਨਿਮਰ ਤੇ ਸਹਿਜ ਰਿਹਾ। ਇੱਕ ਵਾਰ ਇੰਗਲੈਂਡ ਦਾ ਪ੍ਰਧਾਨ ਮੰਤਰੀ ਗਲੈਡਸਟੋਨ ਉਸ ਨੂੰ ਮਿਲਣ ਆਇਆ। ਉਹ ਮਿਲ ਕੇ ਗਿਆ ਤਾਂ ਡਾਰਵਿਨ ਨੇ ਦੋਸਤਾਂ ਨੂੰ ਕਿਹਾ, ਗਲੈਡਸਟਨ ਨੂੰ ਇਹ ਨਹੀਂ ਸੀ ਪਤਾ ਕਿ ਉਹ ਕਿੱਡਾ ਵੱਡਾ ਬੰਦਾ ਹੈ। ਮੇਰੇ ਨਾਲ ਇੰਜ ਗੱਲਾਂ ਕਰਦਾ ਰਿਹਾ ਜਿਵੇਂ ਉਹ ਮੇਰੇ ਜਿਹਾ ਸਾਧਾਰਨ ਬੰਦਾ ਹੋਵੇ।' ਇਹ ਟਿੱਪਣੀ ਜਦੋਂ ਕਿਸੇ ਨੇ ਗਲੈਡਸਟੋਨ ਨੂੰ ਦੱਸੀ ਤਾਂ ਉਸ ਨੇ ਕਿਹਾ, "ਕਮਾਲ ਹੈ, ਮੈਂ ਵੀ ਡਾਰਵਿਨ ਬਾਰੇ ਇਹੀ ਸੋਚ ਰਿਹਾ ਸਾਂ।"

ਡਾਰਵਿਨ ਦਾ ਵਿਰੋਧ ਮਰਨ ਉਪਰੰਤ ਵੀ ਕਰਨ ਵਾਲੇ ਦੇਰ ਤਕ ਸਰਗਰਮ ਰਹੇ। ਅਮਰੀਕਾ ਦੇ ਇੱਕ ਸਕੂਲ ਅਧਿਆਪਕ ਟੌਮਸ ਸਕੋਪਸ ਉੱਤੇ ਸੰਨ 1925 ਵਿੱਚ ਵਿਕਾਸ ਸਿਧਾਂਤ ਪੜ੍ਹਾਉਣ ਕਾਰਨ ਮੁਕੱਦਮਾ ਠੋਕ ਦਿੱਤਾ ਗਿਆ। ਦੋਸ਼ ਇਹ ਲਾਇਆ ਗਿਆ ਕਿ ਇਹ ਬਾਈਬਲ ਦੇ ਉਲਟ ਹੈ। ਜੱਜਾਂ ਨੇ ਸਕੋਪਸ ਨੂੰ ਇੱਕ ਸੌ ਡਾਲਰ ਜੁਰਮਾਨਾ ਕੀਤਾ। ਅਮਰੀਕੀ ਸੂਬੇ ਟੈਨੇਸੀ ਦਾ ਕਾਨੂੰਨ ਹੀ ਐਸਾ ਸੀ। ਇਹ ਕਾਨੂੰਨ ਸੰਨ 1967 ਵਿੱਚ ਰੱਦ ਕੀਤਾ ਗਿਆ।

ਮੰਤਰੀ ਸਤਿਆਪਾਲ ਸਿੰਘ ਦੇ ਬਿਆਨ ਦਾ ਭਾਰਤ ਭਰ ਵਿੱਚ ਵਿਆਪਕ ਪੱਧਰ ਉੱਤੇ ਵਿਰੋਧ ਹੋਇਆ ਹੈ। ਵਿਗਿਆਨਕ ਸੋਚ ਵਾਲੇ ਲੋਕਾਂ ਦਾ ਕਹਿਣਾ ਹੈ ਕਿ ਇਸ ਨਾਲ ਵਿਗਿਆਨਕ ਸੋਚ ਦੇ ਪਸਾਰ ਦੇ ਯਤਨਾਂ ਨੂੰ ਸੱਟ ਵੱਜੀ ਹੈ। ਵਿਸ਼ਵ ਪੱਧਰ ਉੱਤੇ ਦੇਸ਼ ਦੀ ਛਵੀ ਖਰਾਬ ਹੋਈ ਹੈ। ਦੇਸ਼ ਦੀਆਂ ਵਿਗਿਆਨ ਨਾਲ ਸਬੰਧਿਤ ਤਿੰਨ ਮੁੱਖ ਅਕੈਡਮੀਆਂ ਇਸ ਦੇ ਵਿਰੋਧ ਵਿੱਚ ਅੱਗੇ ਆਈਆਂ ਹਨ। ਇਹ ਹਨ: ਨਵੀਂ ਦਿੱਲੀ ਦੀ ਇੰਡੀਅਨ ਨੈਸ਼ਨਲ ਸਾਇੰਸ ਅਕੈਡਮੀ, ਬੰਗਲੌਰ ਦੀ ਇੰਡੀਅਨ ਅਕੈਡਮੀ ਆਫ ਸਾਇੰਸਿਜ਼ ਅਤੇ ਅਲਾਹਾਬਾਦ ਦੀ ਨੈਸ਼ਨਲ ਅਕੈਡਮੀ ਆਫ ਸਾਇੰਸਿਜ਼।

ਅਕੈਡਮੀਆਂ ਤੋਂ ਇਲਾਵਾ ਦੇਸ਼ ਦੇ ਨਾਮਵਰ ਵਿਗਿਆਨੀ ਤੇ ਸਮਾਜਿਕ ਖੇਤਰ ਦੀਆਂ ਸ਼ਖ਼ਸੀਅਤਾਂ ਨੇ ਮੰਤਰੀ ਦੇ ਬੇਤੁਕੇ ਬਿਆਨ ਦਾ ਵਿਰੋਧ ਕੀਤਾ ਹੈ। ਇਹ ਸਾਰੇ ਲੋਕ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਨੂੰ ਟਵੀਟਾਂ, ਬਿਆਨਾਂ, ਪੱਤਰਾਂ ਆਦਿ ਰਾਹੀਂ ਆਪਣਾ ਵਿਰੋਧ ਦਰਸਾ ਚੁੱਕੇ ਹਨ ਅਤੇ ਦਰਸਾ ਰਹੇ ਹਨ। ਵਿਗਿਆਨਕ ਸੋਚ ਦੇ ਪਸਾਰ ਲਈ ਪ੍ਰਤੀਬੱਧ ਹਰ ਪੰਜਾਬੀ ਨੂੰ ਇਸ ਕਿਸਮ ਦੀ ਗ਼ੈਰ-ਵਿਗਿਆਨਕ ਸੋਚ ਦੇ ਪਸਾਰ ਦੇ ਯਤਨਾਂ ਦਾ ਪੂਰੇ ਜ਼ੋਰ ਨਾਲ ਵਿਰੋਧ ਕਰਨਾ ਚਾਹੀਦਾ ਹੈ।

'ਸਾਬਕਾ ਪ੍ਰੋਫ਼ੈਸਰ ਅਤੇ ਡੀਨ, ਅਕਾਦਮਿਕ ਮਾਮਲੇ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ

**ਡਾ. ਹਰਸ਼ਿੰਦਰ ਕੌਰ, ਐਮ. ਡੀ.,**
(ਪਟਿਆਲਾ। ਫੋਨ ਨੰ: 0175-2216783)

ਸ੍ਰੀ ਗੁਰੂ ਤੇਗ਼ ਬਹਾਦਰ ਜੀ, ਹਿੰਦ ਦੀ ਚਾਦਰ, ਵੱਲੋਂ ਉਚਾਰੀਆਂ ਇਹ ਤੁਕਾਂ ਮਨੋਵਿਗਿਆਨੀਆਂ ਵੱਲੋਂ ਕੀਤੀਆਂ ਜਾ ਰਹੀਆਂ ਉੱਚ ਕੋਟੀ ਦੀਆਂ



ਖੋਜਾਂ ਨੂੰ ਮਾਤ ਪਾਉਂਦੀ ਹੈ। ਗੁਰੂ ਸਾਹਿਬ ਨੇ ਸਮਝਾਇਆ ਹੈ ਕਿ ਜਿਹੜਾ ਮਨੁੱਖ ਸੁਖ, ਦੁਖ ਵੇਲੇ ਡੋਲਦਾ ਨਹੀਂ ਤੇ ਜਿਸ ਉੱਤੇ ਲੋਭ, ਮੋਹ, ਅਹੰਕਾਰ ਜ਼ੋਰ ਨਾ ਪਾ ਸਕਣ ਅਤੇ ਜਿਹੜਾ ਜਣਾ ਆਪਣੀ ਉਸਤਤਿ ਅਤੇ ਨਿੰਦਿਆ ਵੇਲੇ ਸਹਿਜ ਰਹਿ ਸਕਦਾ ਹੋਵੇ, ਉਹੀ ਪ੍ਰਮਾਤਮਾ ਦਾ ਰੂਪ ਹੁੰਦਾ ਹੈ।

ਅਜਿਹੇ ਮਨੁੱਖ ਨੂੰ ਵੈਰੀ ਤੇ ਮਿੱਤਰ ਇੱਕੋ ਜਿਹੇ ਜਾਪਦੇ ਹਨ ਤੇ ਉਹ ਦੁਨਿਆਈ ਮਾਇਆ ਮੋਹ ਤੋਂ ਖਲਾਸੀ ਪਾ ਚੁੱਕਿਆ ਹੁੰਦਾ ਹੈ। ਸਭ ਤੋਂ ਉੱਤਮ ਤੇ ਦੇਹ ਨਿਰੋਗਤਾ ਵਾਲੀ ਗੱਲ ਇਹ ਹੈ ਕਿ ਜਿਹੜਾ ਮਨੁੱਖ ਕਿਸੇ ਨੂੰ ਡਰਾਵੇ ਨਹੀਂ ਦਿੰਦਾ ਤੇ ਨਾ ਹੀ ਕਿਸੇ ਦੇ ਡਰਾਉਣ ਤੋਂ ਘਬਰਾਉਂਦਾ ਹੈ, ਉਹੀ ਆਤਮਕ ਜੀਵਨ ਦੀ ਸੂਝ ਵਾਲਾ ਹੁੰਦਾ ਹੈ। ਅਜਿਹੀ ਉੱਚੀ ਅਵਸਥਾ ਵਿਚ ਜਾਣਾ ਔਖਾ ਜ਼ਰੂਰ ਹੈ ਪਰ ਅਸੰਭਵ ਨਹੀਂ ਕਿਉਂਕਿ ਇਤਿਹਾਸ ਵਿਚ ਅਤਿ ਦੇ ਘਿਨਾਉਣੇ ਜ਼ੁਲਮ ਸਹਿਣ ਬਾਅਦ ਵੀ ਕਿਸੇ ਵੱਲੋਂ ਸੀਅ ਤਕ ਨਾ ਕਰਨਾ ਇਸੇ ਉੱਚੇ ਸੁੱਚੇ ਰੂਪ ਵਿਚ ਪਹੁੰਚਣ ਬਾਰੇ ਸਪਸ਼ਟ ਕਰਦਾ ਹੈ। ਇਸ ਹਾਲਤ ਨੂੰ ਵਿਗਿਆਨਿਕ ਪੱਖੋਂ ਸਮਝਣ ਲਈ ਕੁਦਰਤ ਦੀ ਕਾਰੀਗਰੀ ਦੀ ਮਿਸਾਲ ਦੇਣੀ ਪਵੇਗੀ।

**ਡਰ ਅਸਰ ਕਿਵੇਂ ਕਰਦਾ ਹੈ :-**

ਕਿਸੇ ਭੈਅ ਤਹਿਤ ਦਿਮਾਗ਼ ਅੰਦਰ ਤੇਜੀ ਨਾਲ ਸੁਨੇਹੇ ਜਾਂਦੇ ਹਨ ਜਿਸ ਨਾਲ ਢੇਰਾਂ ਦੇ ਢੇਰ ਕੈਮੀਕਲ ਨਿਕਲਦੇ ਹਨ, ਜਿਨ੍ਹਾਂ ਨਾਲ ਸਾਹ ਦਾ ਤੇਜ਼ ਹੋਣਾ, ਦਿਲ ਦੀ ਧੜਕਨ ਤੇਜ਼ ਹੋਣੀ, ਪੱਠਿਆਂ ਦਾ ਖਿੱਚਿਆ ਜਾਣਾ, ਗਲਾ ਸੁੱਕਣਾ, ਆਦਿ ਅਨੇਕ ਚੀਜ਼ਾਂ ਇਕਦਮ ਸਰੀਰ ਅੰਦਰ ਹੁੰਦੀਆਂ ਹਨ। ਇਨ੍ਹਾਂ ਨਾਲ ਹੀ ਵੱਖੋ-ਵੱਖਰੇ ਅੰਗਾਂ ਵੱਲ ਜਾਂਦਾ ਲਹੂ ਘਟਾ ਕੇ ਪੱਠਿਆਂ ਵੱਲ ਭੇਜ ਦਿੱਤਾ ਜਾਂਦਾ ਹੈ।

ਸਾਰੇ ਸਰੀਰ ਨੂੰ ਅਜਿਹੀ ਹਾਲਤ ਵਿਚ ਲਿਜਾਉਣ ਵਾਸਤੇ 100 ਬਿਲੀਅਨ ਦਿਮਾਗ਼ ਵਿਚਲੇ ਸੈੱਲ ਹਰਕਤ ਵਿਚ ਆਉਂਦੇ ਹਨ। ਦਿਮਾਗ਼ ਵਿਚਲੇ ਕੁੱਝ ਹਿੱਸੇ ਲੋੜੋਂ ਵੱਧ ਹਰਕਤ ਕਰਦੇ ਹਨ, ਜਿਵੇਂ, ਥੈਲਮਸ, ਸੈਂਸਰੀ ਕੌਰਟੈਕਸ, ਹਿੱਪੋਕੈਂਪਸ, ਅਮਿਗਡਲਾ ਤੇ ਹਾਈਪੋਥੈਲਮਸ।

ਇਨ੍ਹਾਂ ਹਿੱਸਿਆਂ ਵਿੱਚੋਂ ਲਗਾਤਾਰ ਨਿਕਲਦੇ ਸੁਨੇਹੇ ਦਿਮਾਗ਼ ਤੇ ਸਰੀਰ ਨੂੰ ਛੇਤੀ ਨਾਰਮਲ ਨਹੀਂ ਹੋਣ ਦਿੰਦੇ। ਜਿਨ੍ਹਾਂ ਨੂੰ ਡਰ ਦੀ ਬੀਮਾਰੀ ਹੋ ਜਾਵੇ, ਉਨ੍ਹਾਂ ਨੂੰ ਦਵਾਈਆਂ ਦੇ ਕੇ ਦਿਮਾਗ਼ ਦੇ ਇਨ੍ਹਾਂ ਹਿੱਸਿਆਂ ਨੂੰ ਸ਼ਾਂਤ ਕਰਨਾ ਪੈਂਦਾ ਹੈ ਤਾਂ ਜੋ ਬਲੱਡ ਪ੍ਰੈੱਸ਼ਰ, ਘਬਰਾਹਟ, ਹੱਥ ਪੈਰ ਕੰਬਣੇ ਆਦਿ ਰੋਕੇ ਜਾ ਸਕਣ। ਕਾਫ਼ੀ ਮਰੀਜ਼ ਸ਼ਾਂਤ ਕਰਨ ਵਾਲੀਆਂ ਦਵਾਈਆਂ ਵੀ ਖਾਣ ਦੇ ਆਦੀ ਬਣ ਜਾਂਦੇ ਹਨ ਤੇ ਉਨ੍ਹਾਂ ਦੀ ਖ਼ੁਰਾਕ ਵਧਾ ਕੇ ਨਸ਼ਾ ਕਰਨ ਲੱਗ ਪੈਂਦੇ ਹਨ। ਦਿਮਾਗ਼ ਵਿਚਲੇ ਅਨੇਕ ਨਿਊਰੋਟਰਾਂਸਮੀਟਰ, ਹਾਰਮੋਨ ਤੇ ਬਾਇਓ ਕੈਮੀਕਲ ਤੱਤ ਜੇ ਵਾਰ-ਵਾਰ ਨਿਕਲਦੇ ਰਹਿਣ ਤਾਂ ਕਈ ਵਾਰ ਬੰਦਾ ਮਾਨਸਿਕ ਰੋਗੀ ਬਣ ਜਾਂਦਾ ਹੈ ਜਾਂ ਉਸਦੀ ਸ਼ਖ਼ਸੀਅਤ ਵਿਚ ਹੀ ਬਦਲਾਓ ਆ ਜਾਂਦਾ ਹੈ। ਜੇ ਕੋਈ ਜਣਾ ਵਾਰ-ਵਾਰ ਡਰ ਜਾਣ ਵਾਲੀ ਹਾਲਤ ਉੱਤੇ ਕਾਬੂ ਪਾ ਲਵੇ (ਅਜਿਹਾ ਚੂਹਿਆਂ ਉੱਤੇ ਕੀਤੀ ਖੋਜ ਰਾਹੀਂ ਸਾਹਮਣੇ ਆਇਆ) ਤਾਂ ਸੈਰੇਬਰਲ ਹਿੱਸੇ ਵਿਚ ਮਚ ਰਹੀ ਤਰਥੱਲੀ ਹੌਲੀ-ਹੌਲੀ ਘਟਣ ਲੱਗ ਪੈਂਦੀ ਹੈ ਤੇ ਉਹ ਇਕ ਸੋਚ ਉੱਤੇ ਆ ਕੇ ਟਿਕ ਜਾਂਦੀ ਹੈ ਜਿੱਥੇ ਭੈਅ ਮਹਿਸੂਸ ਹੋਣਾ ਘਟਣ ਲੱਗ ਪੈਂਦਾ ਹੈ। ਜਿਵੇਂ ਹੀ ਡਰ ਲੱਗਣਾ ਘਟੇ ਤੇ ਹਾਲਾਤ ਨਾਲ ਸਮਝੌਤਾ ਕਰਨ ਵਾਲੀ ਸੋਚ ਉਪਜੇ, ਸਰੀਰਕ ਪੀੜ ਘੱਟ ਮਹਿਸੂਸ ਹੋਣ ਲੱਗ ਪੈਂਦੀ ਹੈ। ਪੱਠੇ ਜਿਵੇਂ ਲਗਵਾ ਮਾਰੇ ਜਾਣ ਵਾਂਗ ਢਿੱਲੇ ਪੈ ਜਾਂਦੇ ਹਨ ਤੇ ਬੰਦਾ ਸਹਿਜ ਭਾਵ ਤਿੱਖੀ ਪੀੜ ਵੀ ਜਰ ਜਾਂਦਾ ਹੈ।

ਲਗਭਗ ਸੌ ਸਾਲ ਪਹਿਲਾਂ ਲੈਤੌਰਨਿਊ ਨੇ ਆਪਣੀ ਸ਼ੁਰੂਆਤੀ ਖੋਜ ਵਿਚ ਸਪਸ਼ਟ ਕੀਤਾ ਸੀ ਕਿ ਜਜ਼ਬਾਤ ਜੇ ਕਾਬੂ ਕਰ ਲਏ ਜਾਣ ਤਾਂ ਉਹ ਬੰਦੇ ਨੂੰ ਸਖ਼ਤ ਜਾਨ ਬਣਾ ਦਿੰਦੇ ਹਨ।

ਲਗਾਤਾਰ ਹੋਈਆਂ ਖੋਜਾਂ ਵਿਚ ਦਿਮਾਗ਼ ਦੇ ਵੱਖੋ-ਵੱਖਰੇ ਹਿੱਸਿਆਂ ਵਿਚਲੀ ਹਲਚਲ ਰਿਕਾਰਡ ਕਰਨ ਦੇ ਨਾਲੋ ਨਾਲ ਲਹੂ ਦੇ ਟੈਸਟ ਵੀ ਕੀਤੇ ਗਏ। ਇਨ੍ਹਾਂ ਰਾਹੀਂ ਪਤਾ ਲੱਗਿਆ ਕਿ ਡਰ ਮਹਿਸੂਸ ਹੁੰਦੇ ਸਾਰ ਮਾਨਸਿਕ ਯਾਨੀ ਦਿਮਾਗੀ, ਸਰੀਰਕ ਤੇ ਵਿਵਹਾਰਕ ਅਸਰ ਦਿਸਦੇ ਹਨ। ਥੈਲਮਸ ਪੱਧਰ ਉੱਤੇ, ਜਿੱਥੋਂ ਸਾਰੇ ਸਰੀਰ ਨੂੰ ਸੁਨੇਹਾ ਵਾਪਸ ਦਿਮਾਗ਼ ਵੱਲੋਂ ਪਹੁੰਚਣਾ ਹੁੰਦਾ ਹੈ। ਉੱਥੋਂ ਹੀ ਡਰ ਨੂੰ ਕਿਸ ਹਦ ਤਕ ਜਾਂ ਪੀੜ ਨੂੰ ਕਿਸ ਹਦ ਤਕ ਸਹਿਣਾ ਹੈ, ਫੈਸਲਾ ਕੀਤਾ ਜਾਂਦਾ ਹੈ।

ਚੂਹਿਆਂ ਨੂੰ ਵਾਰ-ਵਾਰ ਡਰਾਉਣ ਉੱਤੇ ਵੀ ਅਜਿਹਾ ਹੀ ਕੁੱਝ ਵੇਖਣ ਵਿਚ ਆਇਆ ਕਿ ਉਹ ਹੌਲੀ-ਹੌਲੀ ਘੱਟ ਡਰਨ ਲੱਗ ਪਏ ਸਨ ਤੇ ਅਖ਼ੀਰ ਤਿੱਖੀ ਅਵਾਜ਼ ਉੱਤੇ ਵੀ ਹਲਕੀ ਅੱਖ ਖੋਲ੍ਹ ਕੇ ਵੇਖ ਕੇ ਸਹਿਜ ਹੋ ਜਾਂਦੇ ਸਨ। ਅਜਿਹੀ ਹੀ ਸਥਿਤੀ ਬੰਦਿਆਂ ਵਿਚ ਹੁੰਦੀ ਹੈ। ਜਦੋਂ ਦੁਖ ਦੀ ਚਰਮ ਸੀਮਾ ਹੋਵੇ ਤਾਂ ਪੀੜ ਮਹਿਸੂਸ ਹੋਣੀ ਬੰਦ ਹੋ ਜਾਂਦੀ ਹੈ ਤੇ ਬੰਦਾ ਖ਼ੁਦਕੁਸ਼ੀ ਕਰਨ ਲੱਗਿਆਂ ਦੋ ਪਲ ਵੀ ਨਹੀਂ ਸੋਚਦਾ।

ਦੁਖ ਜਾਂ ਪੀੜ ਨੂੰ ਮਹਿਸੂਸ ਕਰਨ ਦੀ ਸਮਰਥਾ ਹਰ ਕਿਸੇ ਵੀ ਵੱਖ ਹੁੰਦੀ ਹੈ। ਕੋਈ ਉਂਗਲ ਕੱਟੇ ਜਾਣ ਉੱਤੇ ਵੀ ਸਹਿਜ ਰਹਿੰਦਾ ਹੈ ਤੇ ਕੋਈ ਝਰੀਟ ਆਉਣ ਉੱਤੇ ਵੀ ਤੂਫ਼ਾਨ ਖੜ੍ਹਾ ਕਰ ਦਿੰਦਾ ਹੈ। ਅਜਿਹਾ ਹੀ ਡਰ ਨਾਲ ਹੁੰਦਾ ਹੈ। ਹੌਲੀ-ਹੌਲੀ ਆਪਣੇ ਅੰਦਰੋਂ ਡਰ ਦੀ ਭਾਵਨਾ ਘਟਾਉਣ ਨਾਲ, ਦਿਮਾਗ਼ ਅਤੇ ਸਰੀਰ ਦੀ ਸਹਿਜ ਅਵਸਥਾ ਆ ਜਾਂਦੀ ਹੈ। ਇਸ ਹਾਲਤ ਵਿਚ ਜਦੋਂ ਜੰਬੂਰਾਂ ਨਾਲ ਮਾਸ ਪੁੱਟਿਆ ਜਾ ਰਿਹਾ ਹੋਵੇ ਤਾਂ ਉੱਚ ਅਵਸਥਾ ਵਿਚ ਪਹੁੰਚਿਆ ਬੰਦਾ ਇਕਾਗਰਚਿੱਤ ਹੋ ਕੇ ਸਹਿਜ ਭਾਵ ਨਾਲ ਟਿਕਿਆ ਰਹਿ ਸਕਦਾ ਹੈ। ਪੀੜ ਮਹਿਸੂਸ ਹੀ ਨਹੀਂ ਕਰਦਾ। ਇਸ ਨੂੰ 'ਫੀਅਰ ਹੈਬੀਚੁਏਸ਼ਨ' ਕਿਹਾ ਜਾਂਦਾ ਹੈ ਜਿੱਥੇ ਜਾਨਵਰ ਵੀ ਹੌਲੀ-ਹੌਲੀ ਡਰ ਛੱਡ ਦਿੰਦੇ ਹਨ। ਜਦੋਂ ਮੌਤ ਦਾ ਭੈਅ ਛੰਡਿਆ ਜਾਵੇ ਤਾਂ ਹਿਰਨੀ ਵੀ ਆਪਣੇ ਬੱਚੇ ਨੂੰ ਬਚਾਉਣ ਲਈ ਸ਼ੇਰਾਂ ਨਾਲ ਭਿੜ ਜਾਂਦੀ ਹੈ। ਜਦੋਂ ਮੌਤ ਸਾਹਮਣੇ ਦਿਸਦੀ ਹੋਵੇ ਤਾਂ ਕਈ ਵਾਰ 'ਪੈਂਸਿਵ ਕੋਪਿੰਗ ਸਟਰੈਟਜੀ' ਅਧੀਨ ਆਪਣੇ ਅੰਦਰਲੀ ਸਾਰੀ ਤਾਕਤ ਬਟੋਰ ਕੇ ਮਰੋ ਜਾਂ ਮਾਰੋ ਵਰਗੀ ਸੋਚ

**ਬਾਕੀ ਸਫ਼ਾ 28 'ਤੇ**

## ਪਾਠਕਾਂ ਦੀ ਸੱਥ

### ਜਸਵੰਤ ਸਿੰਘ ਖਾਲੜਾ ਦੇ ਨਾਂ ਤੇ ਪਾਰਕ ਦਾ ਨਾਂ ਰੱਖਣ ਬਦਲੇ ਫਰਿਜ਼ਨੋ ਸਿਟੀ ਦਾ ਧੰਨਵਾਦ




ਫਰਿਜ਼ਨੋ ਸਿਟੀ ਦੇ ਉੱਘੇ ਪਾਰਕ ਦਾ ਨਾਂਅ ਜਸੰਵਤ ਸਿੰਘ ਖਾਲੜਾ ਦੇ ਨਾਂ ਰੱਖੇ ਜਾਣ ਦਾ ਮਸਲਾ ਕਾਫ਼ੀ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਜਿਉਂ ਹੀ ਇਹ ਯਤਨ ਸ਼ੁਰੂ ਹੋਏ ਲੋਕਾਂ ਨੇ ਲੰਘਦਿਆਂ ਕਰਦਿਆਂ ਬੜੇ ਸੁਆਲ ਖੜ੍ਹੇ ਕੀਤੇ ਸਨ, ਮੈਂ ਦਸਣਾ ਚਾਹਾਂਗਾ ਕਿ ਇਹ ਉਸ ਸ਼ਖਸੀਅਤ ਦੀ ਯਾਦ ਦਿਵਾਉਦਾ ਹੈ ਜਿਸ ਨੇ ਪੰਜਾਬ 'ਚ ਸਿੱਖ ਸੰਘਰਸ਼ ਦੇ ਦੌਰ ਵਿਚ ਪੁਲਿਸ ਮੁਕਾਬਲੇ ਵਿਚ ਮਾਰੇ ਗਏ ਨੌਜਵਾਨਾਂ ਨੂੰ ਲਾਵਾਰਸ ਲਾਸ਼ਾ ਕਹਿ ਕੇ ਖੁਰਦ ਬੁਰਦ ਕਰਨ ਵਾਲੀ ਸਰਕਾਰ ਦੇ ਕਾਰਨਾਮਿਆਂ ਦੀ ਛਾਣਬੀਣ ਕਰਕੇ ਲੋਕਾਂ ਸਾਹਮਣੇ ਕੌੜਾ ਸੱਚ ਪੇਸ਼ ਕੀਤਾ । ਫਿਰ ਉਨ੍ਹਾਂ ਪੁਲਸੀਏ ਬੁੱਚੜਾਂ ਅਤੇ ਗੁਨਾਹਗਾਰਾਂ ਨੂੰ ਜਸਵੰਤ ਸਿੰਘ ਖਾਲੜਾ ਵਲੋਂ ਸਾਹਮਣੇ ਲਿਆਂਦਾ ਸੱਚ ਬਰਦਾਸ਼ਤ ਕਰਨਾ ਔਖਾ ਹੋ ਗਿਆ । ਜਿਸ ਦੇਸ਼ ਵਿਚ ਇਨਸਾਫ ਦੀ ਆਸ ਘੱਟ ਹੋਵੇ ਤੇ ਜਾਨ ਤਲੀ ਤੇ ਧਰ ਕੇ ਕੰਮ ਕਰਨਾ ਪੈਂਦਾ ਉੱਥੇ ਜਸਵੰਤ ਸਿੰਘ ਦੀ ਅਦੁੱਤੀ ਸ਼ਹਾਦਤ ਨੇ ਸਭ ਨੂੰ ਝੰਜੋੜ ਕੇ ਰੱਖ ਦਿੱਤਾ ਇਸ ਕੁਰਬਾਨੀ ਨੂੰ ਮੁੱਖ ਰਖਦਿਆਂ ਪੰਜਾਬੀਆਂ ਨੇ ਫਰਿਜਨੋ ਸਿਟੀ ਅੱਗੇ ਗੁਹਾਰ ਲਾਈ ਤਾਂ ਕੁਝ ਕੁ ਦਿਨਾਂ ਦੇ ਵਿਚ ਪਾਰਕ ਦਾ ਨਾਂ ਬਦਲਣ ਦੀ ਮਨਜ਼ੂਰੀ ਦੇ ਦਿੱਤੀ। ਸਾਡੀ ਸਾਰੀ ਗੀਤਕਾਰ ਕਮੇਟੀ ਵੱਲੋਂ ਪੰਜਾਬੀ ਕਮਾਉਨਟੀ ਅਤੇ ਫਰਿਜ਼ਨੋ ਸਿਟੀ ਦਾ ਧੰਨਵਾਦ।

**ਦੇਵ ਘੋਲੀਆ ਖੁਰਦ (ਫਰਿਜ਼ਨੋ)**
559-232-7764

### ਨਿੱਜੀ ਪ੍ਰੋਗਰਾਮ 'ਚ ਜਾਣੋਂ ਨਾਂਹ ਕਰਨ ਉੱਤੇ ਪਸ਼ਤੋ ਅਦਾਕਾਰਾ ਦਾ ਕਤਲ

**ਪਿਸ਼ਾਵਰ/ਬਿਊਰੋ ਨਿਊਜ਼:** ਪਾਕਿਸਤਾਨ ਦੇ ਖ਼ੈਬਰ ਪਖ਼ਤੂਨਖਵਾ ਸੂਬੇ 'ਚ ਨਿੱਜੀ ਪ੍ਰੋਗਰਾਮ 'ਚ ਜਾਣ ਤੋਂ ਇਨਕਾਰ ਕਰਨ 'ਤੇ ਪਸ਼ਤੋ ਥਿਏਟਰ ਅਦਾਕਾਰਾ ਅਤੇ ਗਾਇਕਾ ਸੁੰਬਲ ਦੀ ਗੋਲੀਆਂ ਮਾਰ ਕੇ ਜਾਨ ਲੈ ਲਈ ਗਈ। ਪੁਲੀਸ ਮੁਤਾਬਕ ਤਿੰਨ ਦੋਸ਼ੀਆਂ ਦੀ ਪਛਾਣ ਹੋ ਚੁੱਕੀ ਹੈ ਅਤੇ ਉਨ੍ਹਾਂ



ਦੀ ਸਰਗਰਮੀ ਨਾਲ ਭਾਲ ਚਲ ਰਹੀ ਹੈ। 'ਡਾਅਨ' ਦੀ ਰਿਪੋਰਟ ਮੁਤਾਬਕ ਬੰਦੂਕਧਾਰੀ ਕੱਲ ਸ਼ਾਮ ਅਦਾਕਾਰਾ ਦੇ ਘਰ ਆਏ ਅਤੇ ਉਸ ਨੂੰ ਨਾਲ ਚਲਣ ਲਈ ਆਖਿਆ ਪਰ ਸੁੰਬਲ ਨੇ ਇਸ ਤੋਂ ਇਨਕਾਰ ਕਰ ਦਿੱਤਾ ਤਾਂ ਉਸ 'ਤੇ ਗੋਲੀਆਂ ਚਲਾ ਦਿੱਤੀਆਂ ਗਈਆਂ ਅਤੇ ਉਹ ਮੌਕੇ ਤੋਂ ਫਰਾਰ ਹੋ ਗਏ। ਸੁੰਬਲ ਨੂੰ ਜਦੋਂ ਮਰਦਾਨ ਮੈਡੀਕਲ ਕੰਪਲੈਕਸ ਪਹੁੰਚਾਇਆ ਜਾ ਰਿਹਾ ਸੀ ਤਾਂ ਉਸ ਨੇ ਰਾਹ 'ਚ ਹੀ ਦਮ ਤੋੜ ਦਿੱਤਾ। ਪੋਸਟਮਾਰਟਮ ਮਗਰੋਂ ਉਸ ਦੀ ਲਾਸ਼ ਪਰਿਵਾਰ ਹਵਾਲੇ ਕਰ ਦਿੱਤੀ ਗਈ ਹੈ। ਅਦਾਕਾਰਾ ਦੇ ਦਾਦੇ ਅਮੀਰ ਬਹਾਦਰ ਦੀ ਸ਼ਿਕਾਇਤ 'ਤੇ ਪੁਲੀਸ ਨੇ ਤਿੰਨ ਮੁਲਜ਼ਮਾਂ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ ਅਤੇ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ। ਸੂਤਰਾਂ ਨੇ ਕਿਹਾ ਕਿ ਮੁਲਜ਼ਮਾਂ 'ਚ ਪੁਲੀਸ ਵਿਭਾਗ ਦਾ ਇਕ ਸਾਬਕਾ ਮੁਲਾਜ਼ਮ ਨਈਮ ਅਤੇ ਕਤਲ ਕੀਤੀ ਗਈ ਪਸ਼ਤੋ ਗਾਇਕਾ ਗਜ਼ਾਲਾ ਜਾਵੇਦ ਦਾ ਸਾਬਕਾ ਪਤੀ ਜਹਾਂਗੀਰ ਸ਼ਾਮਲ ਹਨ। ਜਹਾਂਗੀਰ ਨੂੰ ਗਜ਼ਾਲਾ ਅਤੇ ਉਸ ਦੇ ਪਿਤਾ ਜਾਵੇਦ ਖ਼ਾਨ ਦੀ ਹੱਤਿਆ ਦੇ ਦੋਸ਼ 'ਚ ਸਵਾਤ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਨੇ ਦਸੰਬਰ 2013 'ਚ ਦੋ ਵਾਰ ਸਜ਼ਾ-ਏ-ਮੌਤ ਅਤੇ 7 ਕਰੋੜ ਰੁਪਏ ਜੁਰਮਾਨਾ ਕੀਤਾ ਸੀ। ਉਂਜ ਗਜ਼ਾਲਾ ਦੇ ਪਰਿਵਾਰ ਨਾਲ ਸਮਝੌਤਾ ਹੋਣ ਮਗਰੋਂ ਉਸ ਨੂੰ ਮਈ 2014 'ਚ ਪਿਸ਼ਾਵਰ ਹਾਈ ਕੋਰਟ ਨੇ ਬਰੀ ਕਰ ਦਿੱਤਾ ਸੀ।

# ਗੁੰਡਾ ਟੈਕਸ ਦੇ ਮਾਮਲੇ ਤੋਂ ਬਲਜਿੰਦਰ ਕੌਰ ਅਤੇ ਜੀਤ ਮਹਿੰਦਰ ਸਿੱਧੂ ਮੇਹਣੋਂ ਮੇਹਣੀਂ

**ਬਠਿੰਡਾ/ਬਿਊਰੋ ਨਿਊਜ਼,** ਬਠਿੰਡਾ ਰਿਫਾਈਨਰੀ ਦੇ 'ਗੁੰਡਾ ਟੈਕਸ' ਤੋਂ 'ਆਪ' ਵਿਧਾਇਕ ਪ੍ਰੋ. ਬਲਜਿੰਦਰ ਕੌਰ ਅਤੇ ਸਾਬਕਾ ਅਕਾਲੀ ਵਿਧਾਇਕ ਜੀਤ ਮਹਿੰਦਰ ਸਿੰਘ ਸਿੱਧੂ ਭਿੜ ਪਏ ਹਨ। ਚਾਰ ਦਿਨਾਂ ਦੇ ਰੌਲੇ-ਰੱਪੇ ਮਗਰੋਂ ਦੋਵੇਂ ਨੇਤਾ ਮੰਗਲਵਾਰ ਨੂੰ ਮੈਦਾਨ ਵਿੱਚ ਨਿੱਤਰੇ ਜਦਕਿ ਪਹਿਲਾਂ ਦੋਵਾਂ ਨੇ ਚੁੱਪ ਵੱਟੀ ਹੋਈ ਸੀ।

ਸੂਤਰਾਂ ਮੁਤਾਬਕ ਆਪ' ਦੇ ਸੀਨੀਅਰ ਆਗੂਆਂ ਨੇ ਤਲਵੰਡੀ ਸਾਬੋ ਤੋਂ ਵਿਧਾਇਕ ਪ੍ਰੋ. ਬਲਜਿੰਦਰ ਕੌਰ ਦੀ ਗੁੰਡਾ ਟੈਕਸ 'ਤੇ ਵੱਟੀ ਚੁੱਪ ਦਾ ਸਖ਼ਤ ਨੋਟਿਸ ਲਿਆ ਅਤੇ ਇਸ ਮਾਮਲੇ 'ਤੇ ਫੌਰੀ ਬੋਲਣ ਲਈ ਆਖਿਆ ।

ਜਦੋਂ ਵਿਧਾਇਕ ਬਲਜਿੰਦਰ ਕੌਰ ਨੇ ਗੁੰਡਾ ਟੈਕਸ 'ਤੇ ਬਿਆਨ ਜਾਰੀ ਕਰ ਦਿੱਤਾ ਤਾਂ ਉਸ ਮਗਰੋਂ ਹੀ ਹਲਕਾ ਤਲਵੰਡੀ ਸਾਬੋ ਤੋਂ ਸਾਬਕਾ ਅਕਾਲੀ ਵਿਧਾਇਕ ਜੀਤ ਮਹਿੰਦਰ ਸਿੱਧੂ ਦੀ ਜਾਗ ਵੀ ਖੁੱਲ੍ਹ ਗਈ।

ਸਾਬਕਾ ਅਕਾਲੀ ਵਿਧਾਇਕ ਜੀਤ ਮਹਿੰਦਰ ਸਿੰਘ ਸਿੱਧੂ ਦਾ ਦੋਸ਼ ਸੀ ਕਿ ਗੁੰਡਾ ਟੈਕਸ ਮਾਮਲੇ 'ਤੇ ਕਾਂਗਰਸੀ ਅਤੇ ਆਪ' ਆਗੂ ਆਪਸ ਵਿੱਚ ਮਿਲੇ ਹੋਏ ਹਨ। ਉਨ੍ਹਾਂ ਕਿਹਾ ਕਿ ਪਹਿਲਾਂ ਤਾਂ ਹਲਕਾ ਵਿਧਾਇਕ ਨੇ ਵਿਧਾਨ ਸਭਾ ਵਿੱਚ ਗੁੰਡਾ ਟੈਕਸ 'ਤੇ ਰੌਲਾ ਪਾ ਕੇ ਹਾਕਮ ਧਿਰ 'ਤੇ ਦਬਾਅ ਬਣਾ ਲਿਆ ਅਤੇ ਮਗਰੋਂ ਚੁੱਪ ਧਾਰ ਲਈ, ਜਿਸ ਤੋਂ ਦੋਵਾਂ ਧਿਰਾਂ ਦੀ



ਆਪਸੀ ਮਿਲੀਭੁਗਤ ਸਾਫ਼ ਦਿਸਦੀ ਹੈ। ਸ੍ਰੀ ਸਿੱਧੂ ਨੇ ਕਿਹਾ ਕਿ ਸਰਕਾਰ ਨੇ ਟਰੱਕ ਯੂਨੀਅਨਾਂ ਭੰਗ ਕਰ ਦਿੱਤੀਆਂ ਹਨ, ਪਰ ਰਾਮਾਂ ਮੰਡੀ ਦੀ ਯੂਨੀਅਨ ਹਾਲੇ ਵੀ ਚੱਲ ਰਹੀ ਹੈ।

### ਇਕੱਠ 'ਤੇ ਪਾਬੰਦੀ

ਬਠਿੰਡਾ: ਕਾਨੂੰਨ ਦੀ ਸਥਿਤੀ ਨੂੰ ਕਾਇਮ ਰੱਖਣ ਲਈ ਉੱਪ ਮੰਡਲ ਮੈਜਿਸਟ੍ਰੇਟ ਤਲਵੰਡੀ ਸਾਬੋ ਵਰਿੰਦਰ ਸਿੰਘ ਨੇ ਰਿਫਾਇਨਰੀ ਨੇੜਲੇ ਪਿੰਡਾਂ ਫੁੱਲੋਖਾਰੀ ਅਤੇ ਕਣਕਵਾਲ ਦੀ ਹਦੂਦ ਅੰਦਰ ਲਾਇਸੰਸੀ, ਗੈਰ ਲਾਇਸੰਸੀ ਅਸਲਾ, ਮਾਨਵ ਜੀਵਨ ਲਈ ਘਾਤਕ ਹਰ ਤਰਾਂ ਦੇ ਹਥਿਆਰ ਨਾਲ ਲੈ ਕੇ ਜਾਣ ਅਤੇ ਪੰਜ ਵਿਅਕਤੀਆਂ ਦੇ ਇਕੱਠੇ ਹੋਣ 'ਤੇ ਪਾਬੰਦੀ ਲਗਾ ਦਿੱਤੀ ਹੈ। ਇਹ ਹੁਕਮ 28 ਫਰਵਰੀ 2018 ਤੱਕ ਲਾਗੂ ਰਹਿਣਗੇ।

### ਹਰ ਜਾਂਚ ਲਈ ਤਿਆਰ ਹਾਂ: ਬਲਜਿੰਦਰ ਕੌਰ

ਵਿਧਾਇਕ ਪ੍ਰੋ. ਬਲਜਿੰਦਰ ਕੌਰ ਨੇ ਵਿਰੋਧੀ ਧਿਰਾਂ ਦੇ ਦੋਸ਼ ਨਕਾਰਦਿਆਂ ਕਿਹਾ ਕਿ ਉਨ੍ਹਾਂ ਦਾ ਅਕਸ ਖ਼ਰਾਬ ਕਰਨ ਲਈ ਇਹ ਇਲਜ਼ਾਮ ਲਾਏ ਜਾ ਰਹੇ ਹਨ। ਜੇਕਰ ਉਨ੍ਹਾਂ ਖ਼ਿਲਾਫ਼ ਕੋਈ ਸ਼ਿਕਾਇਤ ਹੈ ਤਾਂ ਸਰਕਾਰ ਜਾਂਚ ਕਰਾਉਣ ਤੋਂ ਕਿਉਂ ਡਰ ਰਹੀ ਹੈ? ਉਨ੍ਹਾਂ ਕਿਹਾ ਕਿ ਅਸਲ ਵਿੱਚ ਨਾਜਾਇਜ਼ ਮਾਈਨਿੰਗ ਅਤੇ ਗੁੰਡਾ ਟੈਕਸ ਤੋਂ ਧਿਆਨ ਲਾਂਭੇ ਕਰਨ ਲਈ ਕਾਂਗਰਸੀ ਆਗੂ ਅਜਿਹਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅਪਰਾਧਾਂ ਅਤੇ ਗੈਂਗਸਟਰਾਂ ਨਾਲ ਅਕਾਲੀ, ਭਾਜਪਾ ਤੇ ਕਾਂਗਰਸੀ ਨੇਤਾਵਾਂ ਦੇ ਨਾਂ ਜੁੜ ਰਹੇ ਹਨ, ਜਿਸ ਕਾਰਨ ਇਹ ਪਾਰਟੀਆਂ ਆਪ' ਆਗੂਆਂ ਨੂੰ ਉਲਝਾਉਣਾ ਚਾਹੁੰਦੀਆਂ ਹਨ। ਉਨ੍ਹਾਂ ਦੋਸ਼ ਲਾਇਆ ਕਿ ਜਦੋਂ ਅਕਾਲੀ ਸਰਕਾਰ ਸੀ, ਉਦੋਂ ਵੀ ਗੁੰਡਾ ਟੈਕਸ ਚੱਲਦਾ ਸੀ ਜਿਸ ਤੋਂ ਸਾਰੇ ਜਾਣੂ ਹਨ। ਉਨ੍ਹਾਂ ਦੋਸ਼ ਲਾਇਆ ਕਿ ਅਕਾਲੀ ਤੇ ਕਾਂਗਰਸੀ ਆਪਸ ਵਿੱਚ ਮਿਲ ਕੇ ਚੱਲਦੇ ਹਨ। ਉਹ ਆਪਣੇ ਖ਼ਿਲਾਫ਼ ਲਾਏ ਜਾ ਰਹੇ ਇਲਜ਼ਾਮਾਂ ਦੀ ਜਾਂਚ ਲਈ ਤਿਆਰ ਹਨ।

# ਗੁੰਡਾ ਟੈਕਸ: ਚੌਧਰੀਆਂ ਦੀ ਸਤਾਈ ਕੰਪਨੀ ਨੇ ਝੰਡਾ ਚੁੱਕਿਆ

**ਬਠਿੰਡਾ/ਬਿਊਰੋ ਨਿਊਜ਼ :**
ਬਠਿੰਡਾ ਰਿਫਾਈਨਰੀ ਕੋਲ 'ਗੁੰਡਾ ਟੈਕਸ' ਤੋਂ ਸਤਾਈ ਦਿੱਲੀ ਦੀ ਇੱਕ ਕੰਪਨੀ ਨੇ ਰਿਫਾਈਨਰੀ ਅੰਦਰ ਝੀਲਾਂ ਦੀ ਉਸਾਰੀ ਦਾ ਕੰਮ ਕਰਨ ਤੋਂ ਹੱਥ ਖਿੱਚ ਲਏ ਹਨ। ਦਿੱਲੀ ਦੀ 'ਬਾਂਸਲ ਇਨਫਰਾਟੈੱਕ ਸਿਨਰਜੀਜ਼ ਇੰਡੀਆ ਲਿਮਟਿਡ' ਨੇ ਅੱਜ ਬਠਿੰਡਾ ਰਿਫਾਈਨਰੀ ਦੇ ਜਨਰਲ ਮੈਨੇਜਰ ਅਤੇ ਉਸਾਰੀ ਮੈਨੇਜਰ ਨੂੰ ਪੱਤਰ ਲਿਖ ਕੇ ਟੇਢੇ ਢੰਗ ਨਾਲ 'ਗੁੰਡਾ ਟੈਕਸ' ਦੇ ਮਾਮਲੇ ਖ਼ਿਲਾਫ਼ ਝੰਡਾ ਚੁੱਕਿਆ ਹੈ। ਬਠਿੰਡਾ ਰਿਫਾਈਨਰੀ 'ਚ ਪੈਟਰੋ ਕੈਮੀਕਲ ਯੂਨਿਟ ਦੀ ਉਸਾਰੀ 'ਚ ਅੱਧੀ ਦਰਜਨ ਪ੍ਰਾਈਵਟ ਫਰਮਾਂ ਕੰਮ ਕਰ ਰਹੀਆਂ ਹਨ, ਜਿਨ੍ਹਾਂ ਪਹਿਲਾਂ ਡਿਪਟੀ ਕਮਿਸ਼ਨਰ ਕੋਲ ਆਪਣਾ ਰੋਣਾ ਰੋਇਆ। ਅੱਜ ਇਸ ਕੰਪਨੀ ਨੇ ਸ਼ਰੇਆਮ ਰੇਤਾ ਬਜਰੀ ਦੇ ਉੱਚੇ ਭਾਅਾਂ ਖ਼ਿਲਾਫ਼ ਝੰਡਾ ਚੁੱਕ ਲਿਆ, ਜਿਸ ਤੋਂ ਗੁੰਡਾ ਟੈਕਸ ਦੀ ਅੱਤ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਦੱਸਣਯੋਗ ਹੈ ਕਿ ਕਾਂਗਰਸੀ ਹਕੂਮਤ ਨਾਲ ਸਬੰਧਤ ਕੁਝ ਆਗੂਆਂ ਵੱਲੋਂ ਰਿਫਾਈਨਰੀ ਕੋਲ 'ਗੁੰਡਾ ਟੈਕਸ' ਦੀ ਉਗਰਾਹੀ ਸਬੰਧੀ ਖ਼ਬਰ ਨੂੰ ਇਨ੍ਹਾਂ ਕਾਲਮਾਂ 'ਚ ਪ੍ਰਮੁੱਖਤਾ ਨਾਲ ਉਭਾਰਿਆ ਗਿਆ ਸੀ। ਉਸਾਰੀ ਕੰਪਨੀਆਂ ਨੇ ਜਦੋਂ ਉੱਚੇ ਭਾਅ 'ਤੇ ਰੇਤਾ ਬਜਰੀ ਲੈਣ ਤੋਂ ਤੌਬਾ ਕਰ ਦਿੱਤੀ ਤਾਂ 25 ਜਨਵਰੀ ਤੋਂ ਰੇਤਾ ਬਜਰੀ ਨੂੰ ਬਰੇਕ ਲੱਗ ਗਈ।

ਬਾਂਸਲ ਇਨਫਰਾਟੈੱਕ ਸਿਨਰਜੀਜ਼ ਇੰਡੀਆ ਲਿਮਟਿਡ ਨੇ ਰਿਫਾਈਨਰੀ ਪ੍ਰਬੰਧਕਾਂ ਨੂੰ ਲਿਖੇ ਪੱਤਰ ਵਿੱਚ ਆਖਿਆ ਹੈ ਕਿ 'ਜਿਵੇਂ ਕਿ ਤੁਸੀਂ ਜਾਣੂ ਹੀ ਹੋ ਕਿ ਕੁਝ ਹਫਤਿਆਂ ਤੋਂ ਉਸਾਰੀ ਲਈ ਕੱਚਾ ਮਾਲ ਮਿਲ ਨਹੀਂ ਰਿਹਾ ਹੈ ਤੇ ਉਸਾਰੀ ਸਾਈਟ 'ਤੇ ਭੰਡਾਰ ਖ਼ਤਮ ਹੋਣ ਕਿਨਾਰੇ ਹੈ।' ਕੰਪਨੀ ਨੇ ਲਿਖਿਆ ਹੈ ਕਿ 'ਸਿੰਡੀਕੇਟਸ' ਸਭ ਮਟੀਰੀਅਲ ਅਤੇ ਟਰਾਂਸਪੋਰਟ ਚਾਰਜਿਜ਼ ਬਹੁਤ ਉੱਚੇ ਮੰਗ ਰਹੇ ਹਨ। ਕੰਪਨੀ ਨੇ ਅੱਗੇ ਲਿਖਿਆ ਹੈ ਕਿ ਉਹ ਸਮੱਸਿਆ ਨਾਲ ਨਜਿੱਠਣ ਦੇ ਸਮਰੱਥ ਨਹੀਂ ਹਨ ਅਤੇ ਉਨ੍ਹਾਂ ਨੂੰ ਵੱਡੇ ਵਿੱਤੀ ਘਾਟੇ ਦਾ ਡਰ ਹੈ। ਕੰਪਨੀ ਨੇ ਪ੍ਰਬੰਧਕਾਂ ਨੂੰ ਇਸ ਮਾਮਲੇ ਦਾ ਜਲਦੀ ਨਿਪਟਾਰਾ ਕਰਨ ਲਈ ਕਿਹਾ ਹੈ। ਗੌਰਤਲਬ ਹੈ ਕਿ ਪੈਟਰੋ ਕੈਮੀਕਲ ਯੂਨਿਟ ਵਿੱਚ ਇਸ ਕੰਪਨੀ ਵੱਲੋਂ ਝੀਲਾਂ ਦੀ ਉਸਾਰੀ ਦਾ ਕੰਮ ਕੀਤਾ ਜਾ ਰਿਹਾ ਹੈ, ਜੋ ਕਿ ਕਰੀਬ 40 ਕਰੋੜ ਦਾ ਹੈ। ਇਸ ਦੌਰਾਨ ਰਿਫਾਈਨਰੀ ਦੇ 'ਗੁੰਡਾ ਟੈਕਸ' ਦੀ ਖੁਫ਼ੀਆ ਰਿਪੋਰਟ ਵੀ ਤਿਆਰ ਹੋਣ ਲੱਗੀ ਹੈ ਜਿਸ 'ਚ ਸ਼ਾਮਲ ਸਿਆਸੀ ਲੋਕਾਂ ਦਾ ਭੇਤ ਕੱਢਿਆ ਜਾਣ ਲੱਗਾ ਹੈ। ਰਿਫਾਈਨਰੀ ਦਾ ਗੁੰਡਾ ਟੈਕਸ ਕਾਂਗਰਸ ਹਕੂਮਤ ਲਈ ਬਦਨਾਮੀ ਦਾ ਟਿੱਕਾ ਬਣਨ ਲੱਗਾ ਹੈ। ਭਾਵੇਂ ਕਾਂਗਰਸੀ ਚੌਧਰੀਆਂ ਨੇ ਰੁਖ਼ ਵਿੱਚ ਥੋੜੀ ਨਰਮੀ ਲਿਆਂਦੀ ਹੈ ਪ੍ਰੰਤੂ ਰਿਫਾਈਨਰੀ ਰੋਡ 'ਤੇ ਅੱਜ ਸਵੇਰ ਵਕਤ ਚਾਰ ਪੰਜ ਟਰੱਕ ਮੁੜ ਰੋਕੇ ਗਏ ਹਨ। ਸੂਤਰ ਦੱਸਦੇ ਹਨ ਕਿ ਉਦੋਂ ਟਰੱਕਾਂ ਵਾਲਿਆਂ ਨੇ ਪੁਲੀਸ ਦੇ ਕੰਟਰੋਲ ਰੂਮ 'ਤੇ ਵੀ ਫੋਨ ਖੜਕਾਏ ਸਨ। ਇਹ ਵੀ ਪਤਾ ਲੱਗਾ ਹੈ ਕਿ ਰਾਜ ਸਰਕਾਰ ਇਸ ਗੱਲੋਂ ਵੀ ਡਰੀ ਹੋਈ ਹੈ ਕਿ ਰਿਫਾਈਨਰੀ ਦੇ ਪ੍ਰੋਜੈਕਟ ਪ੍ਰਭਾਵਿਤ ਹੁੰਦੇ ਹਨ ਤਾਂ ਇਸ ਦਾ ਸਿਆਸੀ ਅਸਰ ਪੈ ਸਕਦਾ ਹੈ। ਉਧਰ 'ਆਪ' ਦੀ ਤਲਵੰਡੀ ਸਾਬੋ ਤੋਂ ਵਿਧਾਇਕ ਪ੍ਰੋ.ਬਲਜਿੰਦਰ ਕੌਰ ਵੱਲੋਂ 'ਗੁੰਡਾ ਟੈਕਸ' ਦੇ ਮਾਮਲੇ 'ਤੇ ਧਾਰੀ ਚੁੱਪੀ 'ਤੇ ਵੀ ਉਂਗਲ ਉੱਠਣ ਲੱਗੀ ਹੈ। ਮਹਿਲਾ ਵਿਧਾਇਕ ਨੂੰ ਫੋਨ ਕੀਤਾਠ ਪਰ ਉਨ੍ਹਾਂ ਚੁੱਕਿਆ ਨਹੀਂ। ਇਸ ਦੌਰਾਨ ਡਿਪਟੀ ਕਮਿਸ਼ਨਰ ਦੀਪਰਵਾ ਲਾਕਰਾ ਨੇ ਕਿਹਾ ਕਿ ਉਨ੍ਹਾਂ ਐਸਐਸਪੀ ਨੂੰ ਸਾਰੇ ਮਾਮਲੇ ਦੀ ਘੋਖ ਲਈ ਕਿਹਾ ਹੈ, ਪਰ ਅਜੇ ਤਕ ਇਸ ਮਾਮਲੇ ਵਿੱਚ ਕੋਈ ਲਿਖਤੀ ਸ਼ਿਕਾਇਤ ਨਹੀਂ ਆਈ ਹੈ।


BANSAL INFRATECH
SYNERGIES INDIA LTD

ਕੰਪਨੀ ਵੱਲੋਂ ਜਾਰੀ ਚਿੱਠੀ ਦੀ ਨਕਲ।

### ਕੈਪਟਨ ਦੇ ਚੌਧਰੀਆਂ ਵੱਲੋਂ 'ਘੁਰਕੀ ਤੇ ਬੁਰਕੀ' ਦਾ ਪੈਂਤੜਾ

**ਬਠਿੰਡਾ/ਬਿਊਰੋ ਨਿਊਜ਼,** ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੇ ਚੌਧਰੀਆਂ ਨੇ ਗੁੰਡਾ ਟੈਕਸ ਦੀ ਵਸੂਲੀ ਲਈ 'ਘੁਰਕੀ ਤੇ ਬੁਰਕੀ' ਦਾ ਪੈਂਤੜਾ ਲਿਆ ਹੈ। ਭਿਸੀਆਣਾ ਹਵਾਈ ਅੱਡੇ ਤੋਂ 'ਗੁੰਡਾ ਟੈਕਸ' ਵਸੂਲੀ ਖ਼ਿਲਾਫ਼ ਜਦੋਂ ਟਰੱਕ ਅਪਰੇਟਰਾਂ ਨੇ ਤੇਵਰ ਦਿਖਾਏ ਤਾਂ ਕਾਂਗਰਸੀ ਚੌਧਰੀਆਂ ਨੇ ਪਹਿਲਾਂ ਸਖ਼ਤੀ ਦਿਖਾਈ ਅਤੇ ਮਗਰੋਂ ਠੇਕੇਦਾਰਾਂ ਤੇ ਅਪਰੇਟਰਾਂ ਨਾਲ 'ਦੋਸਤਾਨਾ ਮੈਚ' ਖੇਡਣ ਦਾ ਫੈਸਲਾ ਕਰ ਲਿਆ। ਕੱਲ੍ਹ ਜਦੋਂ ਬਠਿੰਡਾ ਰਿਫਾਈਨਰੀ ਦੇ 'ਗੁੰਡਾ ਟੈਕਸ' ਖ਼ਿਲਾਫ਼ ਠੇਕੇਦਾਰ ਖੜ੍ਹੇ ਹੋਏ ਤਾਂ ਅੱਜ 'ਸ਼ਾਹੀ ਦਰਬਾਰ' ਦਾ ਮੁਹਾਲੀ ਤੋਂ ਇੱਕ 'ਏਲਚੀ' ਰਿਫਾਈਨਰੀ ਸਾਈਟ 'ਤੇ ਪੁੱਜ ਗਿਆ। ਕਾਂਗਰਸੀ ਏਲਚੀ ਨੇ ਇਕੱਲੇ ਇਕੱਲੇ ਠੇਕੇਦਾਰ ਨੂੰ ਬੁਲਾ ਕੇ ਮੀਟਿੰਗ ਕੀਤੀ ਅਤੇ 'ਗੁੰਡਾ ਟੈਕਸ' ਵਿੱਚ 10 ਫ਼ੀਸਦੀ ਛੋਟ ਦੇਣ ਦੀ ਪੇਸ਼ਕਸ਼ ਕੀਤੀ।

ਦੱਸਣਯੋਗ ਹੈ ਕਿ 'ਪੰਜਾਬੀ ਟ੍ਰਿਬਿਊਨ' ਨੇ ਕਾਂਗਰਸੀ ਲੀਡਰਾਂ ਵੱਲੋਂ ਰਿਫਾਈਨਰੀ 'ਚ ਜਾਂਦੇ ਰੇਤਾ-ਬਜਰੀ ਦੇ ਟਰੱਕਾਂ ਤੋਂ 'ਗੁੰਡਾ ਟੈਕਸ' ਉਗਰਾਹੇ ਜਾਣ ਦੇ ਮਾਮਲੇ ਨੂੰ ਪ੍ਰਮੁੱਖਤਾ ਨਾਲ ਛਾਪਿਆ ਸੀ। ਇਸ ਮਗਰੋਂ ਉਪਰੋਂ ਆਏ 'ਏਲਚੀ' ਨੇ ਭਿਸੀਆਣਾ ਵਾਂਗ 'ਦੋਸਤਾਨਾ ਮੈਚ' ਖੇਡਣ ਦਾ ਫਾਰਮੂਲਾ ਰੱਖਿਆ ਹੈ। ਇੱਕ ਠੇਕੇਦਾਰ ਨੇ ਦੱਸਿਆ ਕਿ 'ਗੁੰਡਾ ਟੈਕਸ' ਵਿੱਚ ਛੋਟ ਦੇਣ ਦੀ ਗੱਲ ਆਖੀ ਗਈ ਹੈ ਪਰ ਉਨ੍ਹਾਂ ਨੂੰ ਇਹ ਮਨਜ਼ੂਰ ਨਹੀਂ ਹੈ। ਠੇਕੇਦਾਰਾਂ ਨੇ ਦੱਸਿਆ ਕਿ ਉਨ੍ਹਾਂ ਨੇ ਰਿਫਾਈਨਰੀ ਦੀ ਸਬੰਧਤ ਮੈਨੇਜਮੈਂਟ ਨੂੰ ਸੂਚਿਤ ਕਰ ਦਿੱਤਾ ਹੈ ਅਤੇ ਹੁਣ ਪ੍ਰਬੰਧਕ ਸੋਚਣ ਕੀ ਕਰਨਾ ਹੈ।

ਸੂਤਰਾਂ ਮੁਤਾਬਕ ਜੇਕਰ ਠੇਕੇਦਾਰ ਅੜ ਗਏ ਤਾਂ ਰਿਫਾਈਨਰੀ 'ਚ ਪੈਟਰੋ ਕੈਮੀਕਲ ਯੂਨਿਟ ਦੀ ਉਸਾਰੀ ਨੂੰ ਧੱਕਾ ਲੱਗ ਸਕਦਾ ਹੈ। ਰਿਫਾਈਨਰੀ ਸਾਈਟ 'ਤੇ ਇੱਕ ਕਾਂਗਰਸੀ ਨੇਤਾ ਦੇ ਰਿਸ਼ਤੇਦਾਰਾਂ ਵੱਲੋਂ ਤਾਂ ਬਕਾਇਦਾ ਫਰਮਾਂ ਬਣਾ ਕੇ ਕੰਮ ਸ਼ੁਰੂ ਕੀਤਾ ਹੋਇਆ ਹੈ। ਐਮਈਐਸ ਬਿਲਡਰਜ਼ ਐਸੋਸੀਏਸ਼ਨ ਬਠਿੰਡਾ ਦੇ ਚੇਅਰਮੈਨ ਸੁਰਿੰਦਰ ਵਾਲੀਆ ਨੇ ਦੱਸਿਆ ਕਿ ਕੁਝ ਮਹੀਨੇ ਪਹਿਲਾਂ ਗੱਡੀਆਂ ਰੋਕ ਲਈਆਂ ਜਾਂਦੀਆਂ ਸਨ, ਜਿਸ ਬਾਰੇ ਉਨ੍ਹਾਂ ਨੇ ਐਸਐਸਪੀ ਨੂੰ ਪੱਤਰ ਵੀ ਲਿਖਿਆ ਸੀ ਪਰ ਹੁਣ ਮਸਲਾ ਹੱਲ ਹੋ ਗਿਆ ਹੈ। ਬਠਿੰਡਾ ਕੈਂਟ ਦੇ ਇੱਕ ਹੋਰ ਬਿਲਡਰ ਨੇ ਦੱਸਿਆ ਕਿ ਟਰੱਕਾਂ ਤੋਂ ਪ੍ਰਤੀ ਫੁੱਟ ਦੋ ਰੁਪਏ 'ਗੁੰਡਾ ਟੈਕਸ' ਲਿਆ ਜਾਂਦਾ ਹੈ। ਸੂਤਰਾਂ ਮੁਤਾਬਕ ਬਠਿੰਡਾ ਕੈਂਟ ਵਿੱਚ ਤਾਂ ਹੁਣ ਉਸਾਰੀ ਦਾ ਕੰਮ ਮੱਠਾ ਪੈ ਗਿਆ ਹੈ ਜਦੋਂਕਿ ਭਿਸੀਆਣਾ ਹਵਾਈ ਅੱਡੇ ਅੰਦਰ ਕਈ ਪ੍ਰਾਜੈਕਟ ਚੱਲ ਰਹੇ ਹਨ। ਕਾਂਗਰਸੀ ਆਗੂਆਂ ਨੇ ਹਵਾਈ ਅੱਡਾ ਸਾਈਟ ਉਤੇ 'ਗੁੰਡਾ ਟੈਕਸ' ਵਸੂਲੀ ਲਈ ਟਰੱਕ ਯੂਨੀਅਨ ਦੇ ਇੱਕ ਸਾਬਕਾ ਅਕਾਲੀ ਪ੍ਰਧਾਨ ਦੀਆਂ ਸੇਵਾਵਾਂ ਲਈਆਂ ਹਨ। ਜਾਣਕਾਰੀ ਅਨੁਸਾਰ ਤਕਰੀਬਨ ਮਹੀਨਾ ਕੁ ਪਹਿਲਾਂ ਇੱਕ ਟਰਾਂਸਪੋਰਟਰ ਦੀਆਂ ਗੱਡੀਆਂ ਨੂੰ ਗੁੰਡਾ ਟੈਕਸ ਬਗ਼ੈਰ ਹਵਾਈ ਅੱਡੇ ਵਿੱਚ ਦਾਖਲ ਨਾ ਹੋਣ ਦੇਣ ਤੋਂ ਰੌਲਾ ਪੈ ਗਿਆ ਸੀ। ਉਦੋਂ ਕੁਝ ਟਰਾਂਸਪੋਰਟਰ ਇਕੱਠੇ ਹੋ ਕੇ ਆਈਜੀ ਨੂੰ ਮਿਲੇ ਸਨ, ਜਿਨ੍ਹਾਂ ਨੇ ਥਾਣਾ ਸਦਰ ਦੇ ਮੁਖੀ ਨੂੰ ਇਹ ਮਾਮਲਾ ਹੱਲ ਕਰਨ ਲਈ ਆਖਿਆ ਸੀ। ਥਾਣਾ ਸਦਰ ਦੇ ਮੁਖੀ ਨਰਿੰਦਰ ਸ਼ਰਮਾ ਨੇ ਦੱਸਿਆ ਕਿ ਭਿਸੀਆਣਾ 'ਚ ਰੇਤਾ-ਬਜਰੀ ਦੀ ਸਪਲਾਈ ਦੇ ਮਾਮਲੇ 'ਚ ਇੱਕ ਟਰਾਂਸਪੋਰਟਰ ਦਾ ਮਾਮਲਾ ਸੀ, ਜੋ ਹੱਲ ਕਰ ਦਿੱਤਾ ਹੈ। ਸੂਤਰਾਂ ਮੁਤਾਬਕ ਭਿਸੀਆਣਾ ਹਵਾਈ ਅੱਡੇ 'ਤੇ ਪਹਿਲਾਂ ਰੇਤਾ-ਬਜਰੀ ਦੇ ਪ੍ਰਤੀ ਫੁੱਟ ਦੇ 5 ਰੁਪਏ ਅਤੇ ਰੌਲਾ ਪੈਣ ਮਗਰੋਂ ਤਿੰਨ ਤੋਂ ਚਾਰ ਰੁਪਏ ਪ੍ਰਤੀ ਫੁੱਟ 'ਗੁੰਡਾ ਟੈਕਸ' ਲਿਆ ਜਾ ਰਿਹਾ ਹੈ।

### ਗੁੰਡਾ ਗਰਦੀ ਨਹੀਂ ਚੱਲਣ ਦਿਆਂਗੇ: ਸੁਨੀਲ ਜਾਖੜ

ਪੰਜਾਬ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਨੇ 'ਗੁੰਡਾ ਟੈਕਸ' ਦਾ ਸਖ਼ਤ ਨੋਟਿਸ ਲੈਂਦਿਆਂ ਕਿਹਾ ਕਿ ਉਹ ਗੁੰਡਾ ਟੈਕਸ ਨਹੀਂ ਚੱਲਣ ਦੇਣਗੇ ਅਤੇ ਇਹ ਮਾਮਲਾ ਮੁੱਖ ਮੰਤਰੀ ਦੇ ਧਿਆਨ 'ਚ ਲਿਆਂਦਾ ਜਾਵੇਗਾ। ਭਾਵੇਂ ਕੋਈ ਵੀ ਹੋਵੇ ਪਰ ਗੁੰਡਾਗਰਦੀ ਨਹੀਂ ਚੱਲਣ ਦਿਆਂਗੇ।

### ਫੌਰੀ ਬੰਦ ਹੋਣਾ ਚਾਹੀਦਾ ਹੈ ਗੁੰਡਾ ਟੈਕਸ: ਸੁਖਪਾਲ ਖਹਿਰਾ

ਵਿਰੋਧੀ ਧਿਰ ਦੇ ਆਗੂ ਤੇ 'ਆਪ' ਵਿਧਾਇਕ ਸੁਖਪਾਲ ਖਹਿਰਾ ਨੇ ਕਿਹਾ ਕਿ ਕਾਂਗਰਸੀ ਆਗੂ ਵੀ ਅਕਾਲੀਆਂ ਦੀ ਤਰਜ਼ 'ਤੇ ਗੁੰਡਾ ਟੈਕਸ ਵਸੂਲ ਰਹੇ ਹਨ, ਜੋ ਫੌਰੀ ਬੰਦ ਹੋਣਾ ਚਾਹੀਦਾ ਹੈ। ਕਾਂਗਰਸ ਨੂੰ ਵੀ ਗੁੰਡਾ ਟੈਕਸ ਦਾ ਖ਼ਮਿਆਜ਼ਾ ਭੁਗਤਣਾ ਪਵੇਗਾ, ਜਿਵੇਂ ਅਕਾਲੀ ਦਲ ਨੇ ਭੁਗਤਿਆ ਹੈ।

### ਅਜਿਹੇ ਮਾਹੌਲ 'ਚ ਕੰਮ ਕਰਨਾ ਔਖਾ : ਹੁਕਮ ਸਿੰਘ

ਰਿਫਾਈਨਰੀ 'ਚ ਪੈਟਰੋ ਕੈਮੀਕਲ ਯੂਨਿਟ ਦੀ ਉਸਾਰੀ ਕਰਾ ਰਹੀ ਆਰਐਸਬੀ ਕੰਪਨੀ ਦੇ ਮੁਲਾਜ਼ਮ ਹੁਕਮ ਸਿੰਘ ਨੇ ਕਿਹਾ ਕਿ ਏਦਾ ਦੇ ਮਾਹੌਲ ਵਿੱਚ ਕੰਮ ਕਰਨਾ ਔਖਾ ਹੈ। 10 ਦਿਨਾਂ ਤੋਂ ਗੱਡੀਆਂ ਬੰਦ ਹੋਣ ਕਰਕੇ ਲੇਬਰ ਵਿਹਲੀ ਬੈਠੀ ਹੈ। ਕੁਝ ਲੋਕ ਰੇਤਾ-ਬਜਰੀ ਦੇ ਆਮ ਭਾਅ ਤੋਂ ਜ਼ਿਆਦਾ ਦੀ ਮੰਗ ਕਰ ਰਹੇ ਹਨ।

### ਮਲੂਕਾ ਵੱਲੋਂ ਸੰਘਰਸ਼ ਦਾ ਐਲਾਨ

ਸ਼੍ਰੋਮਣੀ ਅਕਾਲੀ ਦਲ ਦੇ ਕਿਸਾਨ ਵਿੰਗ ਦੇ ਪ੍ਰਧਾਨ ਅਤੇ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਐਲਾਨ ਕੀਤਾ ਹੈ ਕਿ ਜੇਕਰ ਕਾਂਗਰਸ ਸਰਕਾਰ ਨੇ ਗੁੰਡਾ ਟੈਕਸ ਬੰਦ ਨਾ ਕੀਤਾ ਤਾਂ ਪਾਰਟੀ ਵੱਲੋਂ ਸੰਘਰਸ਼ ਵਿੱਢਿਆ ਜਾਵੇਗਾ। ਉਨ੍ਹਾਂ ਕਿਹਾ ਕਿ ਕੈਪਟਨ ਸਰਕਾਰ ਰਾਜ ਦੇ ਪ੍ਰਾਜੈਕਟਾਂ ਨੂੰ ਉਜਾੜਨ ਦੇ ਰਾਹ ਪਈ ਹੈ ਜਿਸ ਤੋਂ ਅੱਕੀਆਂ ਪ੍ਰਾਈਵੇਟ ਉਸਾਰੀ ਕੰਪਨੀਆਂ ਨੇ ਹੱਥ ਖੜ੍ਹੇ ਕਰ ਦਿੱਤੇ ਹਨ।

## Classified


**ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਧਿਆਨ ਹਿੱਤ**

ਅੰਤਰਰਾਸ਼ਟਰੀ ਵਿਦਿਆਰਥੀਆਂ ਵਾਸਤੇ ਆਨ ਲਾਈਨ NCLEX ਕਲਾਸਾਂ

ਪੰਜਾਬੀ ਜਾਂ ਅੰਗਰੇਜੀ ਕਿਸੇ ਵੀ ਭਾਸ਼ਾ ਵਿਚ ਕਲਾਸਾਂ ਲਓ

ਸਮੇਂ ਦੀ ਕੋਈ ਪਾਬੰਦੀ ਨਹੀਂ, ਕਿਸੇ ਵੀ ਦਿਨ, ਕਿਸੇ ਵੀ ਟਾਈਮ

ਹੋਰ ਜਾਣਕਾਰੀ ਲਈ ਸੰਪਰਕ ਕਰੋ :

ਈਮੇਲ: successonnclex@gmail.com

ਜਾਂ ਕਾਲ ਕਰੋ:

612-849-5258

**ATTENTION**

**International Students**

Online NCLEX Classes for International Students

Available in English & Punjabi

Flexible Days and Time

For more information

Email: successonnclex@gmail.com

**Call: 612-849-5258**

### ਵਰ ਦੀ ਲੋੜ

ਜੱਟ ਸਿੱਖ 25 ਸਾਲਾ 5'11" ਲੰਬੀ ਲੜਕੀ ਲਈ ਯੋਗ ਦਸਤਾਰਧਾਰੀ। ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਲੜਕੀ ਨੇ ਨਵੀਂ ਦਿੱਲੀ 'ਚ ਕਾਨਵੈਂਟ ਸਕੂਲ ਤੋਂ ਪੜ੍ਹਾਈ ਕਰਕੇ ਐਮ ਕਾਮ ਕੀਤੀ ਹੈ ਅਤੇ ਚਾਰਟਡ ਅਕਾਂਊਟੈਂਟ ਹੈ ਆਈਲਟਸ 6.5 ਬੈਂਡਜ਼ ਨਾਲ ਪਾਸ। ਪਰਿਵਾਰ ਅਮਰੀਕਾ ਅਤੇ ਕੈਨੇਡਾ ਵਿਚ ਸੈਟ ਹੈ। ਇਨ੍ਹਾਂ ਨੰਬਰ ਦੇ ਫੋਨ ਜਾਂ ਵਟਸਐਪ ਕਰ ਸਕਦੇ ਹੋ: 530-300-5115 ਜਾਂ +919958919217

**Indian Restaurant for Rent**

Highly profitable Indian restaurant in Glendale with consistent Sales and profit grossing over 600K yearly. Low rent Current owners for 13 years retiring.

Contact : 818-472-3927

**For Classified Contact**

**510.240.5949**


## ਸ਼ਸ਼ੀ ਥਰੂਰ ਨੇ ਹਿੰਦੂਤਵ ਦੇ ਠੇਕੇਦਾਰਾਂ ਨੂੰ ਆੜੇ ਹੱਥੀਂ ਲਿਆ

ਸਿਆਸੀ ਏਜੰਡੇ ਦਾ ਵੱਡਾ ਹਿੱਸਾ ਹੈ। ਮੈਂ ਮਹਿਸੂਸ ਕੀਤਾ ਕਿ ਕਿਸੇ ਨੂੰ ਤਾਂ ਇਸ ਖ਼ਿਲਾਫ਼ ਆਵਾਜ਼ ਬੁਲੰਦ ਕਰਨੀ ਹੋਵੇਗੀ ਅਤੇ ਇਸ ਤਰ੍ਹਾਂ ਇਸ ਕਿਤਾਬ ਦਾ ਜਨਮ ਹੋਇਆ।' ਲੋਕ ਸਭਾ ਮੈਂਬਰ ਨੇ ਕਿਹਾ, 'ਮੈਂ ਪਿਛਲੇ ਕੁਝ ਸਮੇਂ ਤੋਂ ਹਿੰਦੂ ਧਰਮ, ਅਕੀਦੇ ਤੇ ਪਛਾਣ ਦੀ ਸੰਕੀਰਨ ਸੋਚ ਵਾਲੇ ਸਿਆਸੀ ਅਕੀਦਿਆਂ ਲਈ ਹੋ ਰਹੀ ਦੁਰਵਰਤੋਂ ਤੋਂ ਫ਼ਿਕਰਮੰਦ ਸੀ। ਅਤੇ ਖਾਸ ਕਰਕੇ ਕਿਉਂ ਜੋ ਮੈਂ ਅਕੀਦਿਆਂ ਨੂੰ ਤੋੜੇ ਮਰੋੜ ਜਾਣ, ਜੋ ਕਿ ਬੁਨਿਆਦੀ ਤੌਰ 'ਤੇ ਗ਼ਲਤ ਹੈ, ਨੂੰ ਖੁ ?ਦ ਵੇਖਿਆ ਸੀ। ਲਿਹਾਜ਼ਾ ਮੈਨੂੰ ਲੱਗਾ ਕਿ ਆਪਣੇ ਅਕੀਦੇ ਬਾਰੇ ਬੋਲਣਾ ਜ਼ਰੂਰੀ ਹੈ।' ਉਨ੍ਹਾਂ ਕਿਹਾ ਕਿ ਵੀ.ਡੀ.ਸਾਵਰਕਰ, ਜਿਨ੍ਹਾਂ ਹਿੰਦੂਤਵ ਸਤਰ ਦੀ ਖੋਜ ਕੀਤੀ ਸੀ, ਨੇ ਖਾਸ ਤੌਰ 'ਤੇ ਲਿਖਿਆ ਸੀ ਕਿ ਉਹ ਕੋਈ ਬਹੁਤਾ ਧਾਰਮਿਕ ਖ਼ਿਆਲਾਂ ਵਾਲਾ ਵਿਅਕਤੀ ਨਹੀਂ ਅਤੇ ਇਹ ਨਹੀਂ ਚਾਹੁੰਦਾ ਕਿ ਲੋਕ ਹਿੰਦੂਤਵ ਤੇ ਹਿੰਦੂਵਾਦ ਦਰਮਿਆਨ ਸ਼ਸ਼ੋਪੰਜ 'ਚ ਪਏ ਰਹਿਣ।

## ਹੁਣ ਪੰਜਾਬ ਦੇ ਕਿਸੇ ਵੀ ਸਾਂਝ ਕੇਂਦਰ ਉੱਤੇ ਸ਼ਿਕਾਇਤ ਦਰਜ ਕਰਵਾ ਸਕਣਗੇ ਪਰਵਾਸੀ

ਦਫ਼ਤਰ ਐੱਸਐੱਸਪੀ (ਸੀਪੀਆਰਸੀ), ਸਬ-ਡਿਵੀਜਨ ਪੱਧਰ 'ਤੇ ਥਾਣਾ ਸਿਟੀ ਮੋਗਾ, ਬਾਘਾਪੁਰਾਣਾ, ਨਿਹਾਲ ਸਿੰਘ ਵਾਲਾ ਅਤੇ ਧਰਮਕੋਟ ਵਿੱਚ ਸਥਾਪਤ ਸਾਂਝ ਕੇਂਦਰ ਅਤੇ ਇੱਕ ਦਰਜਨ ਪੁਲੀਸ ਥਾਣਿਆਂ ਵਿੱਚ ਆਊਟ-ਰੀਚ ਸੈਂਟਰ ਲੋਕਾਂ ਨੂੰ ਬਿਹਤਰ ਸੇਵਾਵਾਂ ਪ੍ਰਦਾਨ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਪਹਿਲੀ ਅਪਰੈਲ 2017 ਤੋਂ 31 ਜਨਵਰੀ, 2018 ਤੱਕ ਪਰਵਾਸੀ ਪੰਜਾਬੀਆਂ ਦੇ ਆਉਣ ਤੇ ਜਾਣ ਦੀ ਰਜਿਸਟਰੇਸ਼ਨ ਸਬੰਧੀ 275, ਵੀਜ਼ੇ ਦੇ ਵਾਧੇ ਸਬੰਧੀ 183, ਚਾਲ-ਚਲਨ ਤਸਦੀਕ ਕਰਨ ਸਬੰਧੀ 3263, ਪਾਸਪੋਰਟ ਵੈਰੀਫਿਕੇਸ਼ਨ ਸਬੰਧੀ 45899, ਨਵੇਂ ਅਸਲਾ ਲਾਇਸੈਂਸ ਦੀ ਤਸਦੀਕ ਲਈ 44, ਸ਼ਿਕਾਇਤਾਂ ਦੀ ਪੜਤਾਲ ਸਬੰਧੀ 5426 ਅਤੇ ਪਾਸਪੋਰਟ ਨਾਲ ਸਬੰਧਿਤ ਹੋਰ ਸੇਵਾਵਾਂ ਸਬੰਧੀ 821 ਦਰਖ਼ਾਸਤਾਂ ਦਾ ਨਿਪਟਾਰਾ ਕੀਤਾ ਗਿਆ। ਐੱਫਆਈਆਰ ਤੇ ਡੀਡੀਆਰ ਸਬੰਧੀ 15931, ਅਸਲੇ ਲਾਇਸੈਂਸ ਨੂੰ ਨਵਿਆਉਣ ਸਬੰਧੀ ਪੜਤਾਲ ਦੇ 4272, ਅਸਲਾ ਖਰੀਦਣ ਤੇ ਵੇਚਣ ਸਬੰਧੀ 251 ਦਰਖ਼ਾਸਤਾਂ, ਕਿਰਾਏਦਾਰਾਂ ਅਤੇ ਨੌਕਰਾਂ ਦੇ ਚਾਲ-ਚਲਨ ਸਬੰਧੀ 154, ਗੱਡੀਆਂ ਦੇ ਇਤਰਾਜ਼-ਹੀਣਤਾ ਸਰਟੀਫਿਕੇਟਾਂ ਸਬੰਧੀ 3327, ਸਰਵਿਸ ਵੈਰੀਫਿਕੇਸ਼ਨ ਸਬੰਧੀ ਪ੍ਰਾਪਤ ਹੋਈਆਂ 452, ਹੋਰ ਸਰਵਿਸ ਵੇਰੀਫ਼ੀਕੇਸ਼ਨ ਸਬੰਧੀ 950 ਅਤੇ ਪੈਟਰੋਲ ਪੰਪ ਵੇਰੀਫ਼ੀਕੇਸ਼ਨ ਸਬੰਧੀ 2 ਦਰਖ਼ਾਸਤਾਂ ਦਾ ਨਿਪਟਾਰਾ ਨਿਸ਼ਚਿਤ ਸਮੇਂ ਸੀਮਾ ਅੰਦਰ ਕੀਤਾ ਗਿਆ ਹੈ।

## ਸਾਕਾ ਨਕੋਦਰ ਦੇ ਸ਼ਹੀਦਾਂ ਦੀ 32ਵੀਂ ਬਰਸੀ ਸਬੰਧੀ ਮਹਾਨ ਸ਼ਹੀਦੀ ਸਮਾਗਮ ਐਤਵਾਰ 11 ਫ਼ਰਵਰੀ ਨੂੰ

'ਤੇ ਪੁਲਿਸ ਵੱਲੋਂ ਚਲਾਈ ਗੋਲੀ ਨਾਲ ਉਕਤ ਚਾਰ ਨੌਜਵਾਨ ਸਿੰਘ ਸ਼ਹੀਦ ਹੋ ਗਏ ਸਨ ਅਤੇ ਉਨ੍ਹਾਂ ਦੀਆਂ ਮਿਰਤਕ ਦੇਹਾਂ ਵੀ ਪਰਿਵਾਰਾਂ ਨੂੰ ਨਹੀਂ ਦਿੱਤੀਆਂ ਗਈਆਂ ਸਨ । ਜਥੇਬੰਦੀ ਨੇ ਇਹ ਵੀ ਮੰਗ ਕੀਤੀ ਕਿ ਸਾਕਾ ਨਕੋਦਰ ਸੰਬੰਧੀ ਪੰਜਾਬ ਸਰਕਾਰ ਨੇ ਜੋ ਅਦਾਲਤੀ ਜਾਂਚ ਰਿਟਾਇਰਡ ਜੱਜ ਗੁਰਨਾਮ ਸਿੰਘ ਕੋਲੋਂ ਕਾਰਵਾਈ ਸੀ ਉਸ ਨੂੰ ਬਿਨਾ ਕਿਸੇ ਦੇਰੀ ਦੇ ਜਨਤਕ ਕੀਤਾ ਜਾਵੇ ਤਾਂ ਕਿ ਰਿਪੋਰਟ ਦਾ ਸੱਚ ਸਾਹਮਣੇ ਆ ਸਕੇ ।

ਵਰਨਣਯੋਗ ਹੈ ਕਿ ਪੰਜਾਬ ਸਰਕਾਰ ਨੇ 5 ਫਰਵਰੀ 1986 ਨੂੰ ਰਿਟਾਇਰਡ ਜੱਜ ਗੁਰਨਾਮ ਸਿੰਘ ਨੂੰ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅਗਨ ਭੇਂਟ ਸਰੂਪਾਂ ਸਬੰਧੀ ,4 ਸਿੱਖ ਨੌਜਵਾਨਾਂ ਦੇ ਪੁਲਿਸ ਦੀ ਗੋਲੀ ਨਾਲ ਕੀਤੇ ਕਤਲਾਂ ਅਤੇ ਇਨ੍ਹਾਂ ਚਾਰੇ ਸਿੱਖ ਨੌਜਵਾਨਾਂ ਦਾ ਸਰਕਾਰੀ ਹੁਕਮਾਂ ਦੇ ਵਿਰੁੱਧ ਜਾਕੇ ਆਪ ਅੰਤਿਮ ਸੰਸਕਾਰ ਕਰਨ ਸੰਬੰਧੀ ਅਦਾਲਤੀ ਜਾਂਚ ਕਰਨ ਲਈ ਕਿਹਾ ਸੀ। ਰਿਟਾਇਰਡ ਜੱਜ ਗੁਰਨਾਮ ਸਿੰਘ ਨੇ ਆਪਣੀ ਰਿਪੋਰਟ ਪੰਜਾਬ ਸਰਕਾਰ ਨੂੰ 29 ਮਾਰਚ 1987 ਨੂੰ ਸੌਂਪ ਦਿੱਤੀ ਸੀ ਅਤੇ ਅੱਜ ਤੱਕ ਕਦੇ ਵੀ ਜਨਤਿਕ ਨਹੀਂ ਕੀਤੀ ਗਈ । ਪੰਜਾਬ ਦਾ ਮੌਜੂਦਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਉਸ ਸਮੇ ਦੀ ਬਰਨਾਲੇ ਦੀ ਸਰਕਾਰ ਵਿੱਚ ਖੇਤੀ ਮੰਤਰੀ ਸੀ।

## ਨਵੇਂ ਬਜਟ 'ਚ ਖੇਤੀ ਵਾਸਤੇ ਰਾਹਤ ਨਿਰਾ ਭੰਬਲਭੂਸਾ

ਜ਼ਮੀਨ ਦੀ ਮਾਲਕੀ ਵਾਲੇ ਹਨ ਪਰ 10.53 ਲੱਖ ਹੀ ਖੇਤੀ ਕਰਦੇ ਹਨ। ਖੇਤੀ ਛੱਡ ਕੇ ਉਹ ਕਿੱਧਰ ਜਾਣਗੇ ? ਜੇਕਰ ਸਰਕਾਰ ਦਾ ਇਹ ਨਵਾਂ ਫਾਰਮੂਲਾ ਮੰਨ ਲਿਆ ਜਾਵੇ ਤਾਂ ਕਣਕ ਦੇ ਅਗਲੇ ਸੀਜ਼ਨ ਵਿੱਚ ਏ-2 ਅਤੇ ਪਰਿਵਾਰਕ ਲੇਬਰ ਤਾਂ 817 ਰੁਪਏ ਕੁਇੰਟਲ ਬਣਦੀ ਹੈ। ਸੀ-2 ਪਾ ਕੇ 1256 ਬਣਾਈ ਗਈ ਹੈ। ਸਰਕਾਰ ਦੇ ਕਣਕ ਦਾ ਭਾਅ 1735 ਐਲਾਨਿਆ ਹੈ। ਇਸ ਦਾ ਮਤਲਬ ਹੈ ਕੇਂਦਰ ਸਰਕਾਰ ਕਿਸਾਨਾਂ ਨੂੰ ਦੁੱਗਣੇ ਤੋਂ ਵੀ ਵੱਧ ਦਿੱਤੇ ਭਾਅ 'ਚੋਂ ਪੰਜਾਹ ਫੀਸਦ ਵਾਪਸ ਲੈਣ ਦੀ ਹੱਕਦਾਰ ਹੋ ਗਈ ਹੈ। ਸਰਕਾਰ 24 ਫ਼ਸਲਾਂ ਦਾ ਘੱਟੋ ਘੱਟ ਸਮਰਥਨ ਮੁੱਲ ਨਿਰਧਾਰਤ ਕਰਦੀ ਹੈ ਪਰ ਖਰੀਦ ਛੇ ਫਸਲਾਂ ਦੀ ਹੀ ਹੁੰਦੀ ਹੈ। ਬਾਕੀ ਦੀਆਂ ਫਸਲਾਂ ਦੀ ਖਰੀਦ ਲਈ ਨੀਤੀ ਆਯੋਗ ਅਜੇ ਇੱਕ ਕਮੇਟੀ ਬਣਾਵੇਗਾ, ਜੋ ਰਿਪੋਰਟ ਦੇਵੇਗੀ। ਇਸ ਤੋਂ ਪਹਿਲਾਂ 20 13 ਵਿੱਚ ਕੇਂਦਰ ਸਰਕਾਰ ਨੇ ਰਮੇਸ਼ ਚੰਦ ਦੀ ਅਗਵਾਈ 'ਚ ਇੱਕ ਕਮੇਟੀ ਕਾਇਮ ਕੀਤੀ ਸੀ, ਜਿਸ ਨੇ 2015 'ਚ ਰਿਪੋਰਟ ਸੌਂਪੀ ਸੀ।

ਕਮੇਟੀ ਨੇ ਸਿਫਾਰਿਸ਼ ਕੀਤੀ ਸੀ ਕਿ ਕਿਸਾਨਾਂ ਦੇ ਸਮੇਂ ਨੂੰ ਕੇਵਲ ਪੈਦਾਵਾਰ ਦੇ ਨਜ਼ਰੀਏ ਤੋਂ ਹੀ ਨਹੀਂ ਦੇਖਿਆ ਜਾਣਾ ਚਾਹੀਦਾ। ਇਸ ਨੂੰ ਫਸਲ ਦੀ ਬਿਜਾਈ ਅਤੇ ਇਸ ਤੋਂ ਬਾਅਦ ਦੇ ਕੰਮ ਨੂੰ ਵੀ ਸ਼ਾਮਲ ਕਰਨਾ ਚਾਹੀਦਾ ਹੈ। ਕਿਸਾਨ ਨੂੰ ਹੁਨਰਮੰਦ ਕਾਮਾ ਨਾ ਮੰਨਣਾ ਉਸ ਦੇ ਕੰਮ ਦੀ ਕੀਮਤ ਘਟਾਉਣ ਦਾ ਗੰਭੀਰ ਮਾਮਲਾ ਹੈ। ਇਸ ਲਈ ਘੱਟੋ ਘੱਟ ਸਮਰਥਨ ਮੁੱਲ ਤੈਅ ਕਰਨ ਸਮੇਂ ਕਿਸਾਨ ਪਰਿਵਾਰ ਦੇ ਮੁਖੀ ਨੂੰ ਹੁਨਰਮੰਦ ਕਾਮਾ ਮੰਨ ਕੇ ਕੀਮਤ ਤੈਅ ਕੀਤੀ ਜਾਵੇ। ਫਸਲੀ ਕਰਜ਼ੇ ਉੱਤੇ ਵਿਆਜ ਅੱਧੇ ਦੀ ਬਜਾਇ ਪੂਰਾ ਲਗਾ ਕੇ ਸਮਰਥਨ ਮੁੱਲ ਦਾ ਆਧਾਰ ਬਣੇ, ਕਿਸਾਨ ਵੱਲੋਂ ਖੇਤੀ ਖੇਤਰ ਵਿੱਚ ਕੀਤੇ ਪੂੰਜੀਗਤ ਖਰਚੇ ਨੂੰ ਮਹਿੰਗਾਈ ਅਤੇ ਰੁਪਏ ਦੀ ਘਟ ਰਹੀ ਕੀਮਤ ਦੇ ਹਿਸਾਬ ਨਾਲ ਜੋੜ ਕੇ ਇਸ ਦੀ ਘਸਾਈ ਅਤੇ ਹੋਰ ਕੀਮਤਾਂ ਦਾ ਹਿਸਾਬ ਲਗਾਇਆ ਜਾਵੇ।

## ਵਿਦਵਾਨਾਂ ਵਲੋਂ ਪੰਜਾਬੀ ਨੂੰ ਦਰਪੇਸ਼ ਚੁਣੌਤੀਆਂ ਤੇ ਮਾਂ ਬੋਲੀ ਨੂੰ ਬਣਦਾ ਮਾਣ ਦਿਵਾਉਣ ਲਈ ਸਾਂਝੇ ਯਤਨਾਂ ਉੱਤੇ ਜ਼ੋਰ

ਪੰਜਾਬੀ ਸਵੈ-ਜੀਵਨੀ ਅਤੇ ਨਾਟਕ ਦੀਆਂ ਸਮਕਾਲੀ ਸਥਿਤੀਆਂ 'ਤੇ ਵਿਚਾਰ ਪੇਸ਼ ਕੀਤੇ। ਡਾ. ਜਸਪਾਲ ਕੌਰ ਨੇ ਪਰਵਾਸੀ ਪੰਜਾਬੀ ਸਾਹਿਤ ਤੇ ਪੰਜਾਬੀ ਡਾਇਸਪੋਰਾ ਦੀ ਪਛਾਣ ਦੇ ਸੰਕਟ ਬਾਰੇ ਗੱਲ ਕੀਤੀ। ਪ੍ਰਧਾਨਗੀ ਕਰ ਰਹੇ ਡਾ. ਜਸਵਿੰਦਰ ਸਿੰਘ ਨੇ ਪੰਜਾਬੀ ਸਾਹਿਤ ਦੀਆਂ ਪ੍ਰਾਪਤੀਆਂ, ਇਸ ਦੇ ਵੱਖ-ਵੱਖ ਸਾਹਿਤ ਰੂਪਾਂ ਦੀ ਸਥਿਤੀ ਅਤੇ ਪੰਜਾਬੀ ਭਾਸ਼ਾ ਨੂੰ ਦਰਪੇਸ਼ ਚੁਣੌਤੀਆਂ ਬਾਰੇ ਵਿਚਾਰ ਪੇਸ਼ ਕੀਤੇ।

ਇਸ ਮੌਕੇ ਪੰਜਾਬੀ ਭਾਸ਼ਾ ਦੇ ਵਿਸ਼ਵ ਪੱਧਰੀ ਵਿਕਾਸ ਲਈ ਸੰਭਾਵਨਾਵਾਂ ਅਤੇ ਚੁਣੌਤੀਆਂ ਉੱਪਰ ਭਰਪੂਰ ਚਰਚਾ ਹੋਈ। ਪ੍ਰੋ. ਮਨਜੀਤ ਸਿੰਘ, ਮਨਮੋਹਨ ਬਾਵਾ, ਡਾ. ਹਰਮੋਹਿੰਦਰ ਸਿੰਘ, ਸਰਦੂਲ ਸਿੰਘ ਥਿਆੜਾ (ਕੈਨੇਡਾ), ਡਾ. ਮਹਿੰਦਰਜੀਤ ਕੌਰ, ਡਾ. ਕ੍ਰਾਂਤੀਪਾਲ, ਡਾ. ਹਰਬੰਸ ਸਿੰਘ, ਡਾ. ਸਵਿੰਦਰ ਕੌਰ, ਸੁਸ਼ੀਲ ਕੁਮਾਰ, ਡਾ. ਨਛੱਤਰ ਸਿੰਘ (ਦਿੱਲੀ ਯੂਨੀਵਰਸਿਟੀ), ਡਾ. ਬਲਜੀਤ ਕੌਰ (ਜੰਮੂ ਯੂਨੀਵਰਸਿਟੀ), ਡਾ. ਗੁਰਦੀਪ ਕੌਰ, ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਪ੍ਰੋ. ਰੇਣੂਕਾ ਸਿੰਘ ਨੇ ਪੰਜਾਬੀ ਭਾਸ਼ਾ ਵਿੱਚ ਉਚੇਰੀ ਸਿੱਖਿਆ ਲਈ ਪੰਜਾਬੀ ਦੀ ਲੋੜ 'ਤੇ ਜ਼ੋਰ ਦਿੰਦਿਆਂ ਦਿੱਲੀ ਦੀਆਂ ਸਾਰੀਆਂ ਯੂਨੀਵਰਸਿਟੀਆਂ ਵਿੱਚ ਪੰਜਾਬੀ ਨੂੰ ਬਣਦੀ ਥਾਂ ਦੇਣ 'ਤੇ ਜ਼ੋਰ ਦਿੱਤਾ। ਇਸ ਮੌਕੇ ਗੁਰਭੇਜ ਸਿੰਘ ਗੁਰਾਇਆ, ਕੁਲਦੀਪ ਸਿੰਘ, ਡਾ. ਇੰਦਰਦੀਪ ਕੌਰ, ਪ੍ਰਿੰਸੀਪਲ ਸਰਵਣ ਸਿੰਘ ਨੇ ਵੀ ਵਿਚਾਰ ਪੇਸ਼ ਕੀਤੇ। ਡਾ. ਬਜਿੰਦਰ ਸਿੰਘ, ਬਹਾਦਰ ਸਿੰਘ, ਭਾਈ ਮਨਿੰਦਰ ਪਾਲ ਸਿੰਘ, ਤਜਿੰਦਰ ਸਿੰਘ ਸੰਧੂ ਅਤੇ ਸੁਖਪਾਲ ਸਿੰਘ ਧਨੋਆ ਨੇ ਵੀ ਪੰਜਾਬੀ ਭਾਸ਼ਾ ਦੇ ਪ੍ਰਚਾਰ ਅਤੇ ਪ੍ਰਸਾਰ ਬਾਰੇ ਚਰਚਾ ਕੀਤੀ।

## ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ

ਨਾਲ ਦਿਮਾਗ਼ ਦੇ ਕੁੱਝ ਜੋੜ ਤੇ ਉਨ੍ਹਾਂ ਵਿਚਲੇ ਰਿਐਕਸ਼ਨ ਤਬਦੀਲ ਕੀਤੇ ਜਾ ਸਕਦੇ ਹਨ।

ਕੁੱਝ ਅਜਿਹਾ ਹੀ ਸਾਰਾਗੜ੍ਹੀ ਵਿਚਲੇ ਸ਼ਹੀਦਾਂ ਨਾਲ ਵਾਪਰਿਆ ਹੋਵੇਗਾ।

ਕਿਸੇ ਹੋਰ ਨੂੰ ਭੈਭੀਤ ਕਰਨ ਨਾਲ ਕੀ ਹੁੰਦਾ ਹੈ ?

ਕੁੱਝ ਲੋਕ ਡਰਾਵਨੇ ਸੀਰੀਅਲ ਜਾਂ ਫਿਲਮਾਂ ਵੇਖ ਕੇ ਮਜ਼ਾ ਲੈਂਦੇ ਹਨ। ਡਾ. ਮਾਰਗੀ ਰੌਬਰਟ ਮੌਰਿਸ ਯੂਨੀਵਰਸਿਟੀ ਵਿਖੇ ਪੜ੍ਹਾਉਂਦੀ ਹੈ ਤੇ ਡਰ ਉੱਤੇ ਕੀਤੀਆਂ ਖੋਜਾਂ ਦੀ ਸਪੈਸ਼ਲਿਸਟ ਹੈ। ਕਿਸੇ ਨੂੰ ਡਰਾਉਣ ਧਮਕਾਉਣ ਜਾਂ ਆਪ ਉੱਚੀ ਛਾਲ ਮਾਰਨ ਲੱਗਿਆਂ ਸਰੀਰ ਅੰਦਰ ਡੋਪਾਮੀਨ ਨਿਕਲ ਪੈਂਦੀ ਹੈ ਤੇ ਅਜਿਹਾ ਕਰਨ ਵਾਲੇ ਨੂੰ ਮਜ਼ਾ ਆਉਣ ਲੱਗ ਪੈਂਦਾ ਹੈ। ਜਦੋਂ ਕਿਸੇ ਹੋਰ ਨੂੰ ਡਰਾਉਣਾ ਜਾਂ ਮਾਰਨਾ ਹੋਵੇ ਤਾਂ ਮਾਰਨ ਵਾਲੇ ਜਾਂ ਡਰਾਉਣ ਵਾਲੇ ਦੇ ਦਿਮਾਗ਼ ਅੰਦਰ ਵੀ ਓਨੀ ਹੀ ਤਰਥੱਲੀ ਮਚਦੀ ਹੈ ਜਿੰਨੀ ਡਰ ਜਾਂ ਮਰ ਜਾਣ ਵਾਲੇ ਅੰਦਰ ਹੁੰਦੀ ਹੈ। 'ਸੋਸ਼ਲ, ਕੌਗਨਿਟਿਵ ਐਂਡ ਅਫੈਕਟਿਵ' ਜਰਨਲ ਵਿਚ ਛਪੀ ਨਵੀਂ ਖੋਜ ਰਾਹੀਂ ਇਹ ਖੁਲਾਸਾ ਕੀਤਾ ਗਿਆ ਹੈ ਕਿ ਕਈ ਵਾਰ ਤਾਂ ਡਰਾਉਣ ਧਮਕਾਉਣ ਜਾਂ ਮਾਰਨ ਵਾਲੇ ਦਾ ਦਿਮਾਗ਼ ਤੇ ਸਰੀਰ ਸਗੋਂ ਵੱਧ ਤਣਾਓ ਅਧੀਨ ਹੁੰਦਾ ਹੈ ਤੇ ਲਗਾਤਾਰ ਏਨਾ ਤਣਾਓ ਸਹੇੜਨ ਨਾਲ ਮਾਨਸਿਕ ਤੇ ਸਰੀਰਕ ਰੋਗ ਤੱਕ ਲਾ ਲੈਂਦਾ ਹੈ। ਮੋਨਾਸ਼ ਯੂਨੀਵਰਸਿਟੀ ਮੈਲਬੋਰਨ ਵਿਖੇ 48 ਅਜਿਹੇ ਬੰਦਿਆਂ ਦੇ ਐਮ.ਆਰ.ਆਈ. ਮੈਪਿੰਗ ਤੇ ਵੀਡੀਓ ਰਿਕਾਰਡਿੰਗ ਨਾਲ ਕੀਤੀ ਖੋਜ ਵਿਚ ਟੈਂਪੋਰੋਪੈਰਾਈਟਲ ਜੋੜ ਵਿਚ ਲੋੜੋਂ ਵੱਧ ਹਰਕਤ ਦਿਸੀ। ਇਸ ਤੋਂ ਇਲਾਵਾ ਫਰੰਟਲ ਕੌਰਟੈਕਸ ਦੇ ਪਾਸੇ ਉੱਤੇ ਵੀ ਬਹੁਤ ਸਾਰੇ ਸੁਨੇਹੇ ਜਾਂਦੇ ਦਿਸੇ। ਫਿਊਸੀਫਾਰਮ ਗਾਇਰਸ ਵਿਚ ਵੀ ਲੋੜੋਂ ਵੱਧ ਲਹੂ ਜਾਂਦਾ ਦਿਸਿਆ। ਇਕਦਮ ਡਰਾਉਣ ਜਾਂ ਮਾਰਨ ਲੱਗਿਆਂ ਦਿਮਾਗ਼ ਦੇ ਲਿੰਗੁਅਲ ਗਾਇਰਸ ਵਿਚ ਵੀ ਤਰਥੱਲੀ ਮਚੀ ਦਿਸੀ।

ਇਨ੍ਹਾਂ ਸਾਰਿਆਂ ਵਿਚ ਹੀ ਕੁੱਝ ਨਾ ਕੁੱਝ ਮਨੋਰੋਗ ਲੱਭੇ ਤੇ ਕੁੱਝ ਤਾਂ ਸਾਈਕੋਪੈਥ ਵੀ ਸਨ। ਕੁੱਝ ਤਣਾਓ ਅਧੀਨ ਤੇ ਕੁੱਝ ਪਛਤਾਵੇ ਦੇ ਅਸਰ ਅਧੀਨ ਬਲੱਡ ਪ੍ਰੈਸ਼ਰ, ਨੀਂਦਰ ਦੇ ਰੋਗ, ਸਿਰ ਪੀੜ, ਇਕਦਮ ਭੜਕ ਜਾਣ, ਆਦਿ ਵਰਗੇ ਲੱਛਣ ਲਈ ਬੈਠੇ ਸਨ। ਇਨ੍ਹਾਂ ਵਿਚ ਹਾਰਟ ਅਟੈਕ ਹੋਣ ਦਾ ਖ਼ਤਰਾ ਵੱਧ ਚੁੱਕਿਆ ਸੀ।

ਅਖ਼ੀਰ ਨਤੀਜਾ ਇਹ ਕੱਢਿਆ ਗਿਆ ਕਿ ਡਰਨ ਵਾਲੇ ਤੇ ਡਰਾਉਣ ਵਾਲੇ, ਦੋਨਾਂ ਦੇ ਸਰੀਰਾਂ ਤੇ ਦਿਮਾਗ਼ ਦਾ ਨਾਸ ਵੱਜ ਜਾਂਦਾ ਹੈ। ਇਸੇ ਲਈ ਭੈਅ ਤੋਂ ਮੁਕਤੀ ਪਾਉਣ ਲਈ ਆਪਣੇ ਆਪ ਨੂੰ ਸ਼ਾਂਤ ਕਰਨਾ ਜ਼ਰੂਰੀ ਹੈ, ਜਿਸ ਲਈ ਭਗਤੀ, 'ਆਰਟ ਆਫ ਲਿਵਿੰਗ' ਜਾਂ ਯੋਗ ਆਦਿ ਦੀ ਮਦਦ ਲਈ ਜਾ ਸਕਦੀ ਹੈ।

ਏਨੀ ਡੂੰਘੀ ਖੋਜ ਤੋਂ ਬਾਅਦ ਜੋ ਨਿਚੋੜ ਕੱਢਿਆ ਗਿਆ, ਉਹ ਸਿਰਫ਼ ਇਕ ਤੁਕ ਰਾਹੀਂ ਗੁਰੂ ਸਾਹਿਬ ਨੇ ਬਿਨਾਂ ਐਮ.ਆਰ.ਆਈ. ਤੇ ਲਹੂ ਦੇ ਟੈਸਟਾਂ ਤੋਂ, ਸਿਰਫ਼ ਉੱਚੀ ਸੁੱਚੀ ਸੋਚ ਤੇ ਜ਼ਿੰਦਗੀ ਦੇ ਨਿਚੋੜ ਰਾਹੀਂ ਸਮਝਾ ਦਿੱਤਾ। ਨਾ ਡਰੋ ਤੇ ਨਾ ਹੀ ਕਿਸੇ ਨੂੰ ਡਰਾਓ!

ਜੇ ਹਾਲੇ ਵੀ ਕੋਈ ਭੈਅ ਨੂੰ ਤਿਆਗਣ ਜਾਂ ਕਿਸੇ ਹੋਰ ਨੂੰ ਡਰਾਉਣਾ ਛੱਡਣ ਨੂੰ ਤਿਆਰ ਨਹੀਂ ਤਾਂ ਰਬ ਰਾਖਾ। ਪਰ ਇਨ੍ਹਾਂ ਤੁਕਾਂ ਨੂੰ ਅਜ਼ਮਾ ਕੇ ਅਤੇ ਆਪਣੇ ਉੱਤੇ ਲਾਗੂ ਕਰ ਕੇ ਇਕ ਵਾਰ ਵੇਖਣਾ ਜ਼ਰੂਰ।

"ਭੈ ਕਾਹੁ ਕਉ ਦੇਤ ਨਹਿ, ਨਹਿ ਭੈ ਮਾਨਤ ਆਨ।
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ।"
(ਅੰਗ 1427)

## 'ਰਾਮ ਮੰਦਿਰ ਦਾ ਵਿਰੋਧ ਕਰਨ ਵਾਲੇ ਪਾਕਿਸਤਾਨ ਚਲੇ ਜਾਣ'

ਹੋ ਜਾਣਾ ਚਾਹੀਦਾ ਹੈ।' ਉਨ੍ਹਾਂ ਦੋਸ਼ ਲਾਇਆ ਕਿ ਕੱਟੜਵਾਦੀ ਮੌਲਵੀ ਇਸ ਮੁਲਕ ਨੂੰ ਬਰਬਾਦ ਕਰਨ ਦਾ ਯਤਨ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਪਾਕਿਸਤਾਨ ਅਤੇ ਅਫ਼ਗਾਨਿਸਤਾਨ ਪਰਵਾਸ ਕਰ ਜਾਣਾ ਚਾਹੀਦਾ ਹੈ।

**ਰਿਜ਼ਵੀ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ**

ਇਨ੍ਹਾਂ ਟਿੱਪਣੀਆਂ 'ਤੇ ਤਿੱਖੀ ਪ੍ਰਤੀਕਿਰਿਆ ਦਿੰਦਿਆਂ ਸ਼ੀਆ ਮੌਲਵੀਆਂ ਨੇ ਮੰਗ ਕੀਤੀ ਹੈ ਕਿ ਸਮਾਜ ਵਿੱਚ ਫਿਰਕੂ ਜ਼ਹਿਰ ਘੋਲਣ ਦਾ ਯਤਨ ਕਰਨ ਲਈ ਵਸੀਮ ਰਿਜ਼ਵੀ ਨੂੰ ਗ੍ਰਿਫ਼ਤਾਰ ਕੀਤਾ ਜਾਵੇ। ਸ਼ੀਆ ਉਲੇਮਾ ਕੌਂਸਲ ਦੇ ਪ੍ਰਧਾਨ ਮੌਲਾਨਾ ਇਫਤਿਖ਼ਾਰ ਹੁਸੈਨ ਇਨਕਲਾਬੀ ਨੇ ਦੋਸ਼ ਲਾਇਆ, 'ਰਿਜ਼ਵੀ ਇਕ ਅਪਰਾਧੀ ਹੈ, ਜੋ ਵਕਫ਼ ਬੋਰਡ ਦੀਆਂ ਜਾਇਦਾਦਾਂ ਨੱਪਣ ਅਤੇ ਗ਼ੈਰਕਾਨੂੰਨੀ ਢੰਗ ਨਾਲ ਵੇਚਣ ਵਿੱਚ ਸ਼ਾਮਲ ਸੀ। ਉਸ ਨੂੰ ਸੀਬੀ-ਸੀਆਈਡੀ ਵੱਲੋਂ ਚਾਰਜਸ਼ੀਟ ਕੀਤਾ ਗਿਆ ਹੈ ਅਤੇ ਖ਼ੁਦ ਨੂੰ ਬਚਾਉਣ ਲਈ ਉਹ ਨਾਟਕ ਕਰ ਰਿਹਾ ਹੈ।'

## 'ਕਸ਼ਮੀਰ ਮਸਲੇ ਦੇ ਦੋਸਤਾਨਾ ਹੱਲ ਲਈ ਰਾਜੀਵ ਤੇ ਬੇਨਜ਼ੀਰ ਵਿਚਾਲੇ ਹੋਈ ਸੀ ਸਹਿਮਤੀ'

ਪਾਕਿਸਤਾਨ ਪੀਪਲਜ਼ ਪਾਰਟੀ (ਪੀਪੀਪੀ) ਦੇ ਸਹਿ-ਚੇਅਰਮੈਨ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਨੂੰ ਛੱਡ ਕੇ ਕੋਈ ਵੀ ਸਰਕਾਰ ਇਸ ਮੁੱਦੇ ਨੂੰ ਭਾਰਤ ਨਾਲ ਨਹੀਂ ਵਿਚਾਰਨ ਦਾ ਹੀਆ ਨਹੀਂ ਕਰ ਸਕਦੀ। ਬੇਨਜ਼ੀਰ ਤੋਂ ਬਾਅਦ ਪੀਪੀਪੀ ਦੀ ਪਿਛਲੀ ਸਰਕਾਰ (2008-13) ਨੇ ਹੀ ਤਤਕਾਲੀਨ ਭਾਰਤੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨਾਲ ਕਸ਼ਮੀਰ ਮੁੱਦਾ ਛੋਹਿਆ ਸੀ। ਜ਼ਰਦਾਰੀ ਨੇ ਕਿਹਾ ਕਿ ਗੱਦੀਓਂ ਲਾਹੇ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਮੁਜ਼ੱਫ਼ਰਾਬਾਦ (ਪੀਓਕੇ) ਵਿੱਚ ਰੈਲੀ ਕਰਕੇ ਵੀ ਕਸ਼ਮੀਰ ਮੁੱਦੇ 'ਤੇ ਗੱਲ ਨਹੀਂ ਕਰ ਸਕਦੇ, ਕਿਉਂਕਿ ਉਹ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਗੂੜ੍ਹਾ ਯਾਰ ਹੈ। ਉਨ੍ਹਾਂ ਕਿਹਾ, ਮੋਦੀ ਦਾ ਯਾਰ ਕਸ਼ਮੀਰ ਦੀ ਗੱਲ ਨਹੀਂ ਕਰ ਸਕਦਾ। ਕਸ਼ਮੀਰੀਆਂ ਨਾਲ ਦਗ਼ਾ ਕਰਨ ਵਾਲੇ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਲਾਂਭੇ ਕਰਨਾ ਬਿਲਕੁਲ ਦਰੁਸਤ ਸੀ।'

## ਟਾਈਟਲਰ ਨੇ ਕੀਤਾ 100 ਸਰਦਾਰਾਂ ਦੇ ਕਤਲ ਦਾ ਇਕਬਾਲ !

ਕਿ ਲਿਫਾਫੇ 'ਤੇ ਮੇਰੇ ਨਾਂ ਦੇ ਨਾਲ ਲਿਫਾਫੇ ਨੂੰ ਗੁਪਤ ਦੱਸਦੇ ਹੋਏ ਮੈਨੂੰ ਖੁੱਦ ਲਿਫਾਫਾ ਖੋਲਣ ਦੀ ਹਿਦਾਇਤ ਦਿੱਤੀ ਗਈ ਸੀ। ਜਦੋਂ ਬਾਅਦ ਦੁਪਹਿਰ 3:00 ਵਜੇ ਦੇ ਕਰੀਬ ਮੇਰੇ ਗਾਰਡ ਨੇ ਮੈਨੂੰ ਇਹ ਲਿਫਾਫਾ ਦਿੱਤਾ। ਲਿਫਾਫਾ ਖੋਲਣ 'ਤੇ ਕੁਝ ਕਾਗਜਾਤ ਅਤੇ ਪੈਨ-ਡਰਾਈਵ ਮਿਲੀ। ਕਾਗਜਾਤ ਨੂੰ ਪੜ੍ਹਨ ਨਾਲ ਸਮਝ ਆਇਆ ਕਿ ਇਸ 'ਚ 8 ਦਸੰਬਰ 2011 ਦੀ 5 ਵੀਡੀਓ ਦੀ ਸਕਰਿਪਟ ਲਿੱਖੀ ਹੋਈ ਹੈ।

ਪ੍ਰੈਸ ਕਾਨਫਰੰਸ ਬਾਅਦ ਇਸ ਟੇਪਾਂ ਤੇ ਕਾਗਜ਼ਾਤ ਅਗਲੀ ਕਾਰਵਾਈ ਲਈ ਇਸ ਲਿਫਾਫੇ ਨੂੰ ਸੀ.ਬੀ.ਆਈ. ਅਤੇ ਦਿੱਲੀ ਪੁਲਿਸ ਨੂੰ ਸੌਂਪ ਦਿੱਤੇ ਗਏ।

ਮਨਜੀਤ ਸਿੰਘ ਜੀ. ਕੇ. ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ: "ਮੈਂ ਤੁਰੰਤ ਇਸ ਲਿਫਾਫੇ ਨੂੰ ਗੁਰਦੁਆਰਾ ਰਕਾਬਗੰਜ ਸਾਹਿਬ ਆਪਣੇ ਦਫ਼ਤਰ 'ਚ ਆਪਣੇ ਨਿਜ਼ੀ ਸਹਾਇਕ ਵਿਕਰਮ ਸਿੰਘ ਕੋਲ ਭੇਜਿਆ ਤਾਂਕਿ ਅਗਲੀ ਕਾਰਵਾਈ ਲਈ ਕਮੇਟੀ ਦਾ ਮੀਡੀਆ ਅਤੇ ਕਾਨੂੰਨੀ ਵਿਭਾਗ ਆਪਣੀ ਰਾਇ ਦੇ ਸਕੇ। ਉਸਤੋਂ ਬਾਅਦ ਮੀਡੀਆ ਵਿਭਾਗ ਮੁਖੀ ਪਰਮਿੰਦਰ ਪਾਲ ਸਿੰਘ ਨੇ ਜਦੋਂ ਪੈਨ ਡਰਾਈਵ ਨੂੰ ਚਲਾ ਕੇ ਵੇਖਿਆ ਤਾਂ ਉਸ 'ਚ ਟਾਈਟਲਰ ਦੇ ਕਿਸੇ ਸਟਿੰਗ ਅੱਪਰੇਸ਼ਨ ਦੀ 5 ਵੀਡੀਓ ਸਨ। ਫੋਨ 'ਤੇ ਇਸ ਦੇ ਬਾਅਦ ਦੋਨੋਂ ਵਿਭਾਗ ਮੁਖੀਆਂ ਨਾਲ ਹੋਈ ਗੱਲਬਾਤ ਤੋਂ ਬਾਅਦ ਮੈਂ ਤੁਰੰਤ ਇਸ ਮਸਲੇ 'ਤੇ ਪ੍ਰੈਸ ਕਾਨਫਰੰਸ ਕਰਨ ਦਾ ਫੈਸਲਾ ਲਿਆ ਤਾਂਕਿ ਟਾਈਟਲਰ ਦਾ ਸੱਚ ਲੋਕਾਂ ਸਾਹਮਣੇ ਆ ਸਕੇ।

ਜੀ.ਕੇ. ਨੇ ਕਿਹਾ ਕਿ ਵੀਡੀਓ ਨੰਬਰ 3 'ਚ ਟਾਈਟਲਰ ਖੁਦ ਕਹਿ ਰਿਹਾ ਹੈ ਕਿ ਉਸਨੇ 100 ਸਰਦਾਰਾਂ ਦਾ ਕਤਲ ਕੀਤਾ ਹੈ ਪਰ ਕੁਝ ਨਹੀਂ ਹੋਇਆ, ਜਾਂਚ ਜਾਰੀ ਹੈ। ਇਹ ਟਾਈਟਲਰ ਦਾ ਇਕਬਾਲੀਆ ਜੁਰਮ ਹੈ। ਉਨ੍ਹਾਂ ਇਹ ਚਿਤਾਵਨੀ ਦਿੱਤੀ ਕਿ ਜੇਕਰ ਅਜੇ ਵੀ ਜਾਂਚ ਏਜੰਸੀਆਂ ਨੇ 24 ਘੰਟੇ ਦੇ ਅੰਦਰ ਟਾਈਟਲਰ ਨੂੰ ਗ੍ਰਿਫਤਾਰ ਨਾ ਕੀਤਾ ਤਾਂ ਅਸੀਂ ਪੁਲਿਸ ਹੈਡਕੁਆਟਰ ਦਾ ਘਿਰਾਓ ਕਰਨ ਲਈ ਮਜਬੂਰ ਹੋਵਾਂਗੇ। ਅਕਾਲੀ ਦਲ ਇਸ ਮਸਲੇ 'ਤੇ ਹੁਣ ਚੁੱਪ ਨਹੀਂ ਬੈਠੇਗਾ, ਲੋੜ ਪੈਣ 'ਤੇ ਅਕਾਲੀ ਸਾਂਸਦ ਇਸ ਮਸਲੇ ਨੂੰ ਸੰਸਦ 'ਚ ਵੀ ਚੁੱਕਣਗੇ।

ਵੀਡੀਓ ਨੰਬਰ 1 'ਚ ਟਾਈਟਲਰ ਆਪਣੇ 4 ਦੋਸਤਾਂ ਤੋਂ 150 ਕਰੋੜ ਰੁਪਏ ਨਗਦ ਨਾ ਵਾਪਸ ਮਿਲਣ 'ਤੇ ਅਫ਼ਸੋਸ ਜਤਾ ਰਿਹਾ ਹੈ। ਜੋ ਸਿੱਧੇ ਤੌਰ 'ਤੇ ਬੇਨਾਮੀ ਅਤੇ ਅਣਐਲਾਨੇ ਕਾਲੇ ਧਨ ਦਾ ਮਾਮਲਾ ਲਗਦਾ ਹੈ। ਵੀਡੀਓ ਨੰਬਰ 2 'ਚ ਟਾਈਟਲਰ ਸਿਵਸ ਅਕਾਊਂਟ ਵਾਲੀ ਇੱਕ ਕੰਪਨੀ 'ਚ ਆਪਣੇ ਬੇਟੇ ਦੇ ਸ਼ੇਅਰ ਹੋਲਡਰ ਹੋਣ ਦੀ ਗੱਲ ਕਰਦਾ ਹੋਇਆ ਕਾਂਗਰਸ ਹਾਈਕਮਾਨ ਦੇ ਨਾਲ ਹੋਈ ਗੱਲਬਾਤ ਦੇ ਆਧਾਰ 'ਤੇ ਦੋ ਮਹੀਨੇ 'ਚ ਰਾਜਸਭਾ ਸੀਟ ਜਾਂ ਦਿੱਲੀ ਦੇ ਮੁੱਖ ਮੰਤਰੀ ਦੀ ਕੁਰਸੀ ਮਿਲਣ ਦੀ ਜਾਣਕਾਰੀ ਦੇ ਰਿਹਾ ਹੈ।

ਵੀਡੀਓ ਨੰਬਰ 3 'ਚ ਟਾਈਟਲਰ ਆਪਣੇ ਵੱਲੋਂ 100 ਸਰਦਾਰਾਂ ਦੇ ਕਤਲ ਕਰਨ ਦਾ ਹਵਾਲਾ ਦਿੰਦੇ ਹੋਏ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦਾ ਇਸੇ ਕਾਰਨ ਵਿਸ਼ਵਾਸ ਗੁਆਉਣ ਦਾ ਇਸ਼ਾਰਾ ਕਰ ਰਿਹਾ ਹੈ।

ਕਮੇਟੀ ਦੇ ਪ੍ਰਧਾਨ ਨੇ ਦੱਸਿਆ ਕਿ ਵੀਡੀਓ ਨੰਬਰ 4 'ਚ ਟਾਈਟਲਰ ਨਿਆਪਾਲਿਕਾ 'ਚ ਆਪਣੀ ਪਕੜ ਦੀ ਗੱਲ ਨੂੰ ਬਿਆਨ ਕਰ ਰਿਹਾ ਹੈ। ਟਾਈਟਲਰ ਜਿਥੇ ਚੀਫ਼ ਜਸਟਿਸ ਨੂੰ ਫੋਨ ਕਰਨ ਦੀ ਗੱਲ ਕਰਦਾ ਹੈ ਉਥੇ ਹੀ ਆਪਣੇ ਵੱਲੋਂ ਮਿਸਟਰ ਐਂਡ ਮਿਸੇਜ਼ ਪਾਠਕ ਨੂੰ ਦਿੱਲੀ ਹਾਈ ਕੋਰਟ 'ਚ ਲਗਾਉਣ ਦਾ ਵੀ ਦਾਅਵਾ ਕਰਦਾ ਹੈ। ਜੀ.ਕੇ. ਨੇ ਕਿਹਾ ਕਿ ਕਾਂਗਰਸ ਅਤੇ ਟਾਈਟਲਰ ਦਾ ਨਿਆਂਪਾਲਿਕਾ 'ਤੇ ਪਕੜ ਦਾ ਦਾਅਵਾ ਪਹਿਲੀ ਨਜ਼ਰ 'ਚ ਸਹੀ ਵੀ ਲਗਦਾ ਹੈ ਕਿਉਂਕਿ 26 ਫਰਵਰੀ 2010 ਨੂੰ ਦਿੱਲੀ ਹਾਈ ਕੋਰਟ ਨੇ ਸੱਜਣ ਕੁਮਾਰ ਅਤੇ ਉਸਦੇ ਸਾਥੀਆਂ ਨੂੰ ਇੱਕ ਮਾਮਲੇ 'ਚ ਅਗਾਊ ਜਮਾਨਤ ਦਿੱਤੀ ਸੀ। ਜਿਸ ਮਾਮਲੇ 'ਚ ਸੱਜਣ ਕੁਮਾਰ ਨਾ ਕੇਵਲ ਭਗੌੜਾ ਐਲਾਨਿਆਂ ਜਾ ਚੁੱਕਿਆ ਸੀ ਸਗੋਂ ਹੇਠਲੀ ਅਦਾਲਤ ਨੇ ਉਸਦੇ ਖਿਲਾਫ਼ ਗੈਰ ਜਮਾਨਤੀ ਵਰੰਟ ਵੀ ਜਾਰੀ ਕੀਤੇ ਹੋਏ ਸਨ। ਇਹ ਜਮਾਨਤ ਸ਼ੁਰੂ ਤੋਂ ਹੀ ਸਵਾਲਾ ਦੇ ਘੇਰੇ 'ਚ ਰਹੀ ਹੈ। ਪਰ ਹੁਣ ਟਾਈਟਲਰ ਦੇ ਦਾਅਵੇ ਦੇ ਬਾਅਦ ਇਸ ਬਾਰੇ ਸ਼ੱਕ ਹੋਰ ਵੀ ਗਹਿਰਾ ਹੋ ਗਿਆ ਹੈ।

ਜੀ.ਕੇ. ਨੇ ਦੱਸਿਆ ਕਿ ਵੀਡੀਓ ਨੰਬਰ 5 'ਚ ਟਾਈਟਲਰ ਭ੍ਰਿਸ਼ਟਾਚਾਰ ਦੇ ਖਿਲਾਫ਼ ਅੰਨਾ ਹਜ਼ਾਰੇ ਵੱਲੋਂ ਸ਼ੁਰੂ ਕੀਤੀ ਗਈ ਇੰਡੀਆ ਅੰਗੇਂਸਟ ਕਰੱਪਸ਼ੰਨ ਮੁਹਿੰਮ ਨਾਲ ਜੁੜੇ ਅੰਨਾ ਹਜ਼ਾਰੇ, ਕਿਰਨ ਬੇਦੀ ਅਤੇ ਅਰਵਿੰਦ ਕੇਜ਼ਰੀਵਾਲ 'ਤੇ ਫਾਸੀਵਾਦੀ ਤਰੀਕੇ ਨਾਲ ਨਕੇਲ ਕਸਣ ਦੀ ਵਕਾਲਤ ਕਰਦਾ ਹੋਇਆ ਦੇਸ਼ 'ਚ ਭ੍ਰਿਸ਼ਟਾਚਾਰ ਕਦੇ ਨਾ ਖਤਮ ਹੋਣ ਦੀ ਗੱਲ ਕਰ ਰਿਹਾ ਹੈ।

ਇਸ ਲਈ ਇਸ ਮਾਮਲੇ ਨੂੰ ਲੈ ਕੇ ਦਿੱਲੀ ਕਮੇਟੀ ਵੱਲੋਂ ਆਮਦਨ ਕਰ ਵਿਭਾਗ, ਪ੍ਰਵਰਤਨ ਨਿਰਦੇਸਾਲਾ, ਸੀ.ਬੀ.ਆਈ., ਦਿੱਲੀ ਪੁਲਿਸ, ਆਰਥਿਕ ਅਪਰਾਧ ਸ਼ਾਖਾ, ਭਾਰਤੀ ਰਿਜਰਵ ਬੈਂਕ, ਸੁਪਰੀਮ ਕੋਰਟ ਅਤੇ ਦਿੱਲੀ ਹਾਈਕੋਰਟ ਦੇ ਚੀਫ਼ ਜਸਟਿਸ ਅਤੇ 1984 ਦੀ ਕੇਂਦਰ ਸਰਕਾਰ ਅਤੇ ਸੁਪਰੀਮ ਕੋਰਟ ਵੱਲੋਂ ਬਣਾਈ ਐਸ.ਆਈ.ਟੀ. ਨੂੰ ਟਾਈਟਲਰ ਦੇ ਖਿਲਾਫ਼ ਤੁਰੰਤ ਕਾਰਵਾਈ ਕਰਨ ਲਈ ਪੱਤਰ ਭੇਜੇ ਜਾ ਰਹੇ ਹਨ।

ਮਨਜੀਤ ਸਿੰਘ ਜੀ.ਕੇ. ਵੱਲੋਂ ਆਪਣੇ ਫੇਸਬੁੱਕ ਪੇਜ਼ 'ਤੇ ਸਾਂਝੀਆਂ ਕੀਤੀਆਂ ਜਗਦੀਸ਼ ਟਾਈਟਲਰ ਦੀਆਂ 5 ਵੀਡੀਓ ਵੇਖਣ ਲਈ ਲਿਖ ਹੇਠਾਂ ਦੇਖੋ:

https://www.facebook.com/sharer/sharer.php?u=https%3A%2F%2Fwww.facebook.com%2Fmanjitsinghgk%2Fvideos%2F1606439402767398%2F&display=popup&ref=plugin&src=video

https://www.facebook.com/sharer/sharer.php?u=https%3A%2F%2Fwww.facebook.com%2Fmanjitsinghgk%2Fvideos%2F1606443379433667%2F&display=popup&ref=plugin&src=video

https://www.facebook.com/sharer/sharer.php?u=https%3A%2F%2Fwww.facebook.com%2Fmanjitsinghgk%2Fvideos%2F1606447022766636%2F&display=popup&ref=plugin&src=video

https://www.facebook.com/sharer/sharer.php?u=https%3A%2F%2Fwww.facebook.com%2Fmanjitsinghgk%2Fvideos%2F1606451422766196%2F&display=popup&ref=plugin&src=video

https://www.facebook.com/sharer/sharer.php?u=https%3A%2F%2Fwww.facebook.com%2Fmanjitsinghgk%2Fvideos%2F1606454596099212%2F&display=popup&ref=plugin&src=video

## ਜਗਦੀਸ਼ ਟਾਈਟਲਰ ਨੂੰ ਕਲੀਨ ਚਿੱਟ ਦੇਣ ਲਈ ਅਮਰਿੰਦਰ ਸਿੰਘ ਮਾਫ਼ੀ ਮੰਗੇ: ਜਰਨੈਲ ਸਿੰਘ

ਤੋਂ ਵਿਧਾਇਕ ਐਚ ਐਸ ਫੂਲਕਾ ਨੇ ਮੰਗ ਕੀਤੀ ਕਿ ਮਨਜੀਤ ਸਿੰਘ ਜੀਕੇ ਵੱਲੋਂ ਟਾਈਟਲਰ ਦੀ ਜਾਰੀ ਵੀਡੀਓ ਸੀਬੀਆਈ ਨੂੰ ਸੌਂਪੀ ਜਾਵੇ। ਉਨ੍ਹਾਂ ਕਿਹਾ ਕਿ ਵੀਡੀਓ ਦੇ ਸਬੂਤਾਂ ਨੂੰ ਇਸ ਆਧਾਰ 'ਤੇ ਰੱਦ ਨਹੀਂ ਕੀਤਾ ਜਾ ਸਕਦਾ ਕਿ ਇਨ੍ਹਾਂ 'ਕਲਿੱਪਸ' ਦਾ ਸਰੋਤ ਪੁਖਤਾ ਨਹੀਂ ਹੈ। ਇਸ ਦੌਰਾਨ ਦਿੱਲੀ ਭਾਜਪਾ ਦੇ ਆਗੂ ਆਰ ਪੀ ਸਿੰਘ ਨੇ ਦਿੱਲੀ ਪੁਲੀਸ ਦੇ ਵਧੀਕ ਪੁਲੀਸ ਕਮਿਸ਼ਨਰ ਨਾਲ ਮੁਲਾਕਾਤ ਕਰਕੇ ਵੀਡੀਓ ਕਲਿੱਪਾਂ ਦੇ ਆਧਾਰ 'ਤੇ ਜਗਦੀਸ਼ ਟਾਈਟਲਰ ਨੂੰ ਧਾਰਾ 302, 147-149 ਤੇ 120-ਬੀ ਤਹਿਤ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ।

### ਟਾਈਟਲਰ ਖਿਲਾਫ਼ ਤੁਰੰਤ ਕਾਰਵਾਈ ਹੋਵੇ : ਸ਼੍ਰੋਮਣੀ ਕਮੇਟੀ

ਜਿਸ ਵਿੱਚ ਉਸ ਵੱਲੋਂ ਸੌ ਸਿੱਖਾਂ ਦਾ ਕਤਲ ਕਰਾਉਣ ਦਾ ਇੰਕਸ਼ਾਫ ਕੀਤਾ ਗਿਆ ਹੈ। ਇਸ ਇੰਕਸ਼ਾਫ ਦੇ ਆਧਾਰ 'ਤੇ ਉਸ ਦੀ ਗ੍ਰਿਫ਼ਤਾਰੀ ਹੋਣੀ ਚਾਹੀਦੀ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਜਦੋਂ ਕਾਂਗਰਸੀ ਆਗੂ ਖੁਦ ਕਬੂਲ ਕਰ ਰਿਹਾ ਹੈ ਕਿ ਉਸ ਨੇ ਸੌ ਸਿੱਖਾਂ ਦਾ ਕਤਲ ਕਰਾਇਆ ਹੈ ਤਾਂ ਇਸ ਮਾਮਲੇ ਵਿੱਚ ਜਾਂਚ ਜਾਂ ਹੋਰ ਗਵਾਹਾਂ ਦੀ ਲੋੜ ਨਹੀਂ ਹੋਣੀ ਚਾਹੀਦੀ। ਉਨ੍ਹਾਂ ਨੇ ਸੁਪਰੀਮ ਕੋਰਟ ਨੂੰ ਅਪੀਲ ਕੀਤੀ ਹੈ ਕਿ ਸਿੱਖ ਕਤਲੇਆਮ ਮਾਮਲੇ ਵਿਚ ਕਾਂਗਰਸੀ ਆਗੂ ਨੂੰ ਉਸ ਦੇ ਬਿਆਨ ਦੇ ਆਧਾਰ 'ਤੇ ਦੋਸ਼ੀ ਮੰਨਦਿਆਂ ਸਖ਼ਤ ਸਜ਼ਾ ਦਿੱਤੀ ਜਾਵੇ।

ਉਨ੍ਹਾਂ ਕਿਹਾ ਕਿ ਇਸ ਦਾ ਦੁਖਦ ਪਹਿਲੂ ਇਹ ਹੈ ਕਿ 34 ਸਾਲ ਬੀਤਣ ਤੋਂ ਬਾਅਦ ਵੀ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਮਿਲੀਆਂ ਅਤੇ ਕਤਲੇਆਮ ਪੀੜਤ ਨਿਆਂ ਲਈ ਦਰ-ਦਰ ਦੀਆਂ ਠੋਕਰਾਂ ਖਾ ਰਹੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਕਾਂਗਰਸ ਨੇ ਸਿੱਖਾਂ ਦੇ ਕਤਲੇਆਮ ਕਰਨ ਵਾਲਿਆਂ ਦੀ ਹਮੇਸ਼ਾ ਪੁਸ਼ਤਪਨਾਹੀ ਕੀਤੀ ਹੈ। ਜਗਦੀਸ਼ ਟਾਈਟਲਰ, ਸੱਜਣ ਕੁਮਾਰ ਤੇ ਐਚ.ਕੇ.ਐਲ. ਭਗਤ ਵਰਗੇ ਵਿਅਕਤੀਆਂ ਵਿਰੁੱਧ ਅੱਜ ਤੱਕ ਕਾਂਗਰਸ ਵਲੋਂ ਕੋਈ ਕਾਰਵਾਈ ਨਹੀਂ ਹੋਈ, ਸਗੋਂ ਇਨ੍ਹਾਂ ਨੂੰ ਪਾਰਟੀ ਵਿਚ ਉਚ ਅਹੁਦੇ ਦਿੱਤੇ ਜਾਂਦੇ ਰਹੇ ਹਨ। ਉਨ੍ਹਾਂ ਕਿਹਾ ਕਿ ਹੁਣ ਝੂਠ ਤੋਂ ਪਰਦਾ ਉੱਠ ਗਿਆ ਹੈ ਤੇ ਸੱਚ ਸਾਹਮਣੇ ਆ ਗਿਆ ਹੈ। ਇਸ ਲਈ ਕਾਂਗਰਸੀ ਆਗੂ ਨੂੰ ਗ੍ਰਿਫ਼ਤਾਰ ਕਰਨਾ ਚਾਹੀਦਾ ਹੈ ਤਾਂ ਜੋ ਪੀੜਤਾਂ ਦੇ ਹਿਰਦੇ ਸ਼ਾਂਤ ਹੋ ਸਕਣ।

### ਨਵੀਂ ਸਿੱਟ ਵਾਸਤੇ ਵਾਸਨ ਦੇ ਨਾਂ ਦੀ ਸਿਫਾਰਿਸ਼

ਨਵੀਂ ਦਿੱਲੀ: ਕੇਂਦਰ ਨੇ ਸੋਮਵਾਰ ਨੂੰ ਸੁਪਰੀਮ ਕੋਰਟ 'ਚ ਅਪੀਲ ਦਾਖ਼ਲ ਕਰਕੇ ਮੰਗ ਕੀਤੀ ਕਿ ਸਿੱਖ ਕਤਲੇਆਮ ਦੇ 186 ਕੇਸਾਂ ਦੀ ਅੱਗੇ ਹੋਰ ਜਾਂਚ ਦੀ ਨਿਗਰਾਨੀ ਲਈ ਬਣਾਈ ਗਈ ਤਿੰਨ ਮੈਂਬਰੀ ਵਿਸ਼ੇਸ਼ ਜਾਂਚ ਟੀਮ (ਸਿੱਟ) 'ਚ ਡੀਜੀ ਰੈਂਕ ਦੇ ਸਾਬਕਾ ਅਧਿਕਾਰੀ ਨਵਨੀਤ ਰਾਜਨ ਵਾਸਨ ਨੂੰ ਮੈਂਬਰ ਵਜੋਂ ਸ਼ਾਮਲ ਕੀਤਾ ਜਾਵੇ। ਸਰਕਾਰ ਨੇ ਆਈਜੀ ਰੈਂਕ ਦੇ ਸਾਬਕਾ ਅਧਿਕਾਰੀ ਰਾਜਦੀਪ ਸਿੰਘ ਦੀ ਥਾਂ 'ਤੇ ਸ੍ਰੀ ਵਾਸਨ ਨੂੰ ਮੈਂਬਰ ਬਣਾਉਣ ਦੀ ਮੰਗ ਕੀਤੀ ਹੈ। ਚੀਫ਼ ਜਸਟਿਸ ਦੀਪਕ ਮਿਸ਼ਰਾ 'ਤੇ ਆਧਾਰਿਤ ਬੈਂਚ ਵੱਲੋਂ ਪਟੀਸ਼ਨ 'ਤੇ ਹਫ਼ਤੇ ਮਗਰੋਂ ਸੁਣਵਾਈ ਕੀਤੀ ਜਾਵੇਗੀ। ਸੁਪਰੀਮ ਕੋਰਟ ਵੱਲੋਂ ਸਾਬਕਾ ਜਸਟਿਸ ਐਸ ਐਨ ਢੀਂਗਰਾ ਦੀ ਅਗਵਾਈ ਹੇਠ ਸਿੱਟ ਬਣਾਈ ਗਈ ਸੀ ਜਿਸ 'ਚ ਅਭਿਸ਼ੇਕ ਦੁਲਾਰ ਅਤੇ ਰਾਜਦੀਪ ਸਿੰਘ ਨੂੰ ਮੈਂਬਰ ਬਣਾਇਆ ਗਿਆ ਸੀ।

## ਲਸ਼ਕਰ ਦਾ ਸ੍ਰੀਨਗਰ 'ਚ ਵੱਡਾ ਕਾਰਾ

ਫ਼ਰਾਰ ਹੋ ਗਏ। ਪੁਲੀਸ ਅਨੁਸਾਰ ਲਸ਼ਕਰ-ਏ-ਤੋਇਬਾ ਦੇ ਪਾਕਿਸਤਾਨ ਤੋਂ ਦਹਿਸ਼ਤਗਰਦ ਜੱਟ ਨੂੰ 27 ਅਗਸਤ 2014 'ਚ ਦੱਖਣੀ ਕਸ਼ਮੀਰ ਦੇ ਕੁਲਗਾਮ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਭੀੜ ਭੜੱਕੇ ਵਾਲੇ ਕਾਕਾ ਸਰਾਏ ਇਲਾਕੇ 'ਚ ਪੈਂਦੇ ਹਸਪਤਾਲ ਦੇ ਬਾਹਰ ਦਹਿਸ਼ਤਗਰਦਾਂ ਨੇ ਪੁਲੀਸ ਪਾਰਟੀ ਨੂੰ ਨਿਸ਼ਾਨਾ ਬਣਾਇਆ ਜਿਸ ਨਾਲ ਅਬੂ ਹੰਜ਼ਾਲਾ ਵੀ ਮੌਜੂਦ ਸੀ। ਹਮਲੇ 'ਚ ਹੈੱਡ ਕਾਂਸਟੇਬਲ ਮੁਸ਼ਤਾਕ ਅਹਿਮਦ ਮਾਰਿਆ ਗਿਆ ਜਦੋਂ ਕਿ ਉਸ ਦਾ ਸਾਥੀ ਕਾਂਸਟੇਬਲ ਬਾਬਰ ਅਹਿਮਦ ਗੰਭੀਰ ਰੂਪ 'ਚ ਜ਼ਖ਼ਮੀ ਹੋ ਗਿਆ ਸੀ ਅਤੇ ਉਸ ਨੂੰ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਜਿਥੇ ਕੁਝ ਘੰਟਿਆਂ ਮਗਰੋਂ ਉਸ ਨੇ ਦਮ ਤੋੜ ਦਿੱਤਾ। ਡੀਜੀਪੀ ਐਸ ਪੀ ਵੈਦ ਨੇ ਕਿਹਾ ਕਿ ਦਹਿਸ਼ਤਗਰਦਾਂ ਨੂੰ ਫੜਨ ਲਈ ਰੈੱਡ ਅਲਰਟ ਐਲਾਨ ਦਿੱਤਾ ਗਿਆ ਹੈ। ਮੌਕੇ 'ਤੇ ਪੁੱਜੇ ਡੀਆਈਜੀ (ਸੈਂਟਰਲ ਕਸ਼ਮੀਰ) ਗੁਲਾਮ ਹਸਨ ਬੱਟ ਨੇ ਦੱਸਿਆ ਕਿ ਪੁਲੀਸ ਟੀਮ ਝੁੱਟ ਸਮੇਤ ਛੇ ਕੈਦੀਆਂ ਨੂੰ ਇਲਾਜ ਲਈ ਹਸਪਤਾਲ ਲੈ ਕੇ ਜਾ ਰਹੀ ਸੀ। ਪ੍ਰਤੱਖਦਰਸ਼ੀਆਂ ਮੁਤਾਬਕ ਜਿਵੇਂ ਹੀ ਜੱਟ ਪੰਜ ਹੋਰ ਕੈਦੀਆਂ ਅਤੇ ਪੁਲੀਸ ਟੀਮ ਨਾਲ ਹਸਪਤਾਲ ਦੀ ਓਪੀਡੀ ਦੇ ਬਾਹਰ ਵਾਹਨ 'ਚੋਂ ਉਤਰਿਆ ਤਾਂ ਫਿਰਨ ਪਹਿਨੇ ਦੋ ਦਹਿਸ਼ਤਗਰਦਾਂ ਨੇ ਗੋਲੀਆਂ ਵਰ੍ਹਾ ਦਿੱਤੀਆਂ। ਦਹਿਸ਼ਤਗਰਦਾਂ ਵੱਲੋਂ ਹਸਪਤਾਲ ਦੀ ਪਾਰਕਿੰਗ 'ਚ ਪਹਿਲਾਂ ਤੋਂ ਹੀ ਉਡੀਕ ਕੀਤੀ ਜਾ ਰਹੀ ਸੀ। ਜੰਮੂ ਕਸ਼ਮੀਰ ਪੁਲੀਸ ਜੱਟ ਅਤੇ ਪੰਜ ਹੋਰ ਕੈਦੀਆਂ ਨੂੰ ਸ੍ਰੀਨਗਰ ਜੇਲ੍ਹ ਤੋਂ ਤਬਦੀਲ ਕਰਕੇ ਵਾਦੀ ਤੋਂ ਬਾਹਰ ਕਿਸੇ ਹੋਰ ਉੱਚ ਸੁਰੱਖਿਆ ਵਾਲੀ ਜੇਲ੍ਹ 'ਚ ਭੇਜਣਾ ਚਾਹੁੰਦੀ ਸੀ ਪਰ ਸੈਸ਼ਨ ਅਦਾਲਤ ਨੇ 26 ਦਸੰਬਰ ਨੂੰ ਇਸ ਦੀ ਇਜਾਜ਼ਤ ਨਹੀਂ ਦਿੱਤੀ ਸੀ।

### ਕਈ ਵਾਰਦਾਤਾਂ 'ਚ ਸ਼ਾਮਲ ਰਿਹੈ ਮੁਲਤਾਨ ਵਾਸੀ ਮੁਹੰਮਦ ਨਾਵੀਦ ਜੱਟ

ਜੰਮੂ ਕਸ਼ਮੀਰ ਰਿਆਸਤ ਦੇ ਆਖਰੀ ਰਾਜਾ ਸ੍ਰੀ ਮਹਾਰਾਜਾ ਹਰੀ ਸਿੰਘ ਦੇ ਨਾਮ 'ਤੇ ਬਣਿਆ ਹਸਪਤਾਲ (ਐਸਐਮਐਚਐਸ) ਜਿਹਲਮ ਦਰਿਆ ਦੀ ਸਹਾਇਕ ਨਦੀ ਦੇ ਕੰਢੇ 'ਤੇ ਸਥਿਤ ਹੈ ਅਤੇ ਇਸ ਦੇ ਉਪਰਲੇ ਪਾਸੇ ਕਰਨ ਨਗਰ ਅਤੇ ਹੇਠਲੇ ਪਾਸੇ ਨਵਾਬ ਬਾਜ਼ਾਰ ਹੈ। ਮੁਲਤਾਨ (ਪਾਕਿਸਤਾਨ) ਦੇ ਬੋਰਵੇਲਾ ਖੇਤਰ ਦੇ ਵਸਨੀਕ ਜੱਟ ਨੇ ਸਕੂਲ ਦੀ ਪੜ੍ਹਾਈ ਵਿਚਾਲੇ ਹੀ ਛੱਡ ਦਿੱਤੀ ਸੀ ਅਤੇ ਉਹ ਕਈ ਹਮਲਿਆਂ 'ਚ ਸ਼ਾਮਲ ਰਿਹਾ। ਹੈਦਰਪੋਰਾ 'ਚ ਫ਼ੌਜ, ਸਿਲਵਰ ਸਟਾਰ ਹੋਟਲ, ਪੁਲੀਸ ਅਤੇ ਸੀਆਰਪੀਐਫ ਕੈਂਪਾਂ 'ਤੇ ਹਮਲਿਆਂ 'ਚ ਉਸ ਦੀ ਸ਼ਮੂਲੀਅਤ ਰਹੀ ਹੈ। ਉਸ ਨੂੰ ਆਧੁਨਿਕ ਹਥਿਆਰ ਚਲਾਉਣ ਦੀ ਪੂਰੀ ਸਿਖਲਾਈ ਮਿਲੀ ਹੋਈ ਹੈ।

## ਹਰਿਆਣਾ 'ਚ ਕਸ਼ਮੀਰੀ ਪਾੜ੍ਹਿਆਂ ਦੀ ਕੁੱਟਮਾਰ; ਤਿੰਨ ਗ੍ਰਿਫ਼ਤਾਰ

ਟੈਗ ਕਰ ਕੇ ਟਵੀਟ ਕੀਤਾ, 'ਮਹੇਂਦਰਗੜ੍ਹ ਵਿੱਚ ਕਸ਼ਮੀਰੀ ਵਿਦਿਆਰਥੀਆਂ 'ਤੇ ਹਮਲੇ ਦੀਆਂ ਰਿਪੋਰਟਾਂ ਪ੍ਰੇਸ਼ਾਨ ਕਰਨ ਵਾਲੀਆਂ ਹਨ। ਮੈਂ, ਅਧਿਕਾਰੀਆਂ ਨੂੰ ਇਸ ਮਾਮਲੇ ਦੀ ਪੜਤਾਲ ਕਰਨ ਅਤੇ ਸਖ਼ਤ ਕਾਰਵਾਈ ਕਰਨ ਲਈ ਬੇਨਤੀ ਕਰਦੀ ਹਾਂ।'

**ਵਿਦਿਆਰਥੀਆਂ 'ਤੇ ਹਮਲੇ ਤੋਂ ਜੰਮੂ ਕਸ਼ਮੀਰ ਅਸੈਂਬਲੀ 'ਚ ਹੰਗਾਮਾ**

ਜੰਮੂ: ਹਰਿਆਣਾ 'ਚ ਦੋ ਕਸ਼ਮੀਰੀ ਵਿਦਿਆਰਥੀਆਂ 'ਤੇ ਹਮਲੇ ਤੋਂ ਅੱਜ ਜੰਮੂ ਕਸ਼ਮੀਰ ਵਿਧਾਨ ਸਭਾ ਵਿੱਚ ਹੰਗਾਮਾ ਹੋਇਆ। ਸਰਕਾਰ 'ਤੇ ਅਜਿਹੀ ਘਟਨਾਵਾਂ ਨੂੰ ਠੱਲ੍ਹ ਪਾਉਣ ਵਿੱਚ ਨਾਕਾਮ ਰਹਿਣ ਦੇ ਦੋਸ਼ ਲਾਉਂਦਿਆਂ ਵਿਰੋਧੀ ਧਿਰ ਦੇ ਕਈ ਮੈਂਬਰ ਸਿਫਰ ਕਾਲ ਦੌਰਾਨ ਅਸੈਂਬਲੀ ਵਿੱਚੋਂ ਵਾਕਆਊਟ ਕਰ ਗਏ। ਮਹਿਬੂਬਾ ਸਰਕਾਰ ਨੇ ਸਦਨ ਨੂੰ ਭਰੋਸਾ ਦਿੱਤਾ ਕਿ ਇਸ ਘਟਨਾ ਬਾਰੇ ਹਰਿਆਣਾ ਨਾਲ ਗੱਲ ਕੀਤੀ ਹੈ ਅਤੇ ਇਸ ਮਾਮਲੇ 'ਚ ਤਿੰਨ ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਦੌਰਾਨ ਵਿਰੋਧੀ ਧਿਰ ਦੇ ਮੈਂਬਰਾਂ ਨੇ ਇਹ ਸਵਾਲ ਕੀਤਾ ਕਿ ਸਰਕਾਰ ਨੇ ਆਗਾਮੀ ਪੰਚਾਇਤ ਚੋਣਾਂ 'ਤੇ ਚਰਚਾ ਲਈ ਸਰਬ-ਪਾਰਟੀ ਮੀਟਿੰਗ ਕਿਉਂ ਬੁਲਾਈ ਹੈ ਜਦੋਂਕਿ ਉਸ ਵੱਲੋਂ ਇਸ ਸਬੰਧੀ ਸਾਰੇ ਫ਼ੈਸਲੇ ਤਾਂ ਪਹਿਲਾਂ ਹੀ ਲਏ ਜਾ ਚੁੱਕੇ ਹਨ।

## ਆਖ਼ਰ ਕੈਪਟਨ ਨੂੰ ਕਰਨੀ ਪੈ ਰਹੀ ਕਾਰਵਾਈ

ਸ਼ਾਮਲ ਹੋਣਗੇ ਅਤੇ ਉਨ੍ਹਾਂ ਨੂੰ ਗ਼ੈਰ-ਕਾਨੂੰਨੀ ਖਣਨ ਅਤੇ ਟੈਕਸਾਂ ਦੀ ਚੋਰੀ ਰੋਕਣ ਲਈ ਨਾਕੇ ਲਾਉਣ ਦਾ ਅਧਿਕਾਰ ਹੋਵੇਗਾ। ਕੈਪਟਨ ਨੇ ਕਿਹਾ ਕਿ ਗ਼ੈਰ-ਕਾਨੂੰਨੀ ਖਣਨ ਅਤੇ ਟੈਕਸਾਂ ਦੀ ਚੋਰੀ ਕਾਰਨ ਸਰਕਾਰੀ ਖ਼ਜ਼ਾਨੇ ਨੂੰ ਵੱਡਾ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਇਸ ਮਾਮਲੇ ਵਿੱਚ ਸਿਆਸੀ ਦਖ਼ਲ-ਅੰਦਾਜ਼ੀ ਸਹਿਣ ਨਹੀਂ ਕੀਤੀ ਜਾਵੇਗੀ। ਖਣਨ ਵਿਭਾਗ ਦੇ ਜਾਇਜ਼ੇ ਲਈ ਵਿੱਤ ਬਾਰੇ ਸਬ-ਕਮੇਟੀ ਦੀ ਮੀਟਿੰਗ ਤੋਂ ਬਾਅਦ ਬੁਲਾਰੇ ਨੇ ਦੱਸਿਆ ਕਿ ਮੁੱਖ ਮੰਤਰੀ ਨੇ ਸਟੋਨ ਕਰੈਸ਼ਰਾਂ ਉਤੇ ਚੌਕਸੀ ਵਧਾਉਣ ਲਈ ਵੀ ਹੁਕਮ ਜਾਰੀ ਕੀਤੇ ਹਨ ਜੋ ਰੂਪਨਗਰ, ਐਸਏਐਸ ਨਗਰ ਅਤੇ ਪਠਾਨਕੋਟ ਜ਼ਿਲ੍ਹਿਆਂ ਵਿੱਚ ਹਨ। ਉਨ੍ਹਾਂ ਕਿਹਾ ਕਿ ਨਵਾਂ ਖਣਨ ਵਿਭਾਗ ਸਥਾਪਤ ਕਰਨ ਦੇ ਪ੍ਰਸਤਾਵ ਬਾਰੇ ਵੀ ਚਰਚਾ ਹੋਈ। ਖਣਨ ਵਪਾਰ ਤੋਂ ਪ੍ਰਾਪਤ ਹੋਏ ਮਾਲੀਏ ਸਬੰਧੀ ਚਾਲੂ ਵਿੱਤੀ ਸਾਲ ਦੌਰਾਨ 19 ਫਰਵਰੀ ਅਤੇ 15 ਮਾਰਚ ਨੂੰ ਨਿਰਧਾਰਤ ਕੀਤੀਆਂ ਗਈਆਂ ਦੋ ਹੋਰ ਬੋਲੀਆਂ ਤੋਂ ਬਾਅਦ ਸਾਲ 2017-18 ਵਿੱਚ ਕੁਲ ਮਾਲੀਆ ਕਈ ਗੁਣਾ ਜ਼ਿਆਦਾ ਵਧ ਜਾਵੇਗਾ। ਅਨੁਮਾਨ ਲਾਇਆ ਗਿਆ ਹੈ ਕਿ ਅਗਲੇ ਸਾਲ ਖਣਨ ਤੋਂ ਮਾਲੀਆ ਤਿੰਨ ਗੁਣਾ ਹੋ ਜਾਵੇਗਾ। 19 ਫਰਵਰੀ ਨੂੰ ਕੀਤੀ ਜਾ ਰਹੀ ਬੋਲੀ ਦੌਰਾਨ 48 ਰੇਤ ਖੱਡਾਂ ਅਤੇ 3 ਬਜਰੀ ਦੀਆਂ ਖੱਡਾਂ ਦੀ ਬੋਲੀ ਹੋਵੇਗੀ ਜਦਕਿ 15 ਮਾਰਚ ਨੂੰ ਰੇਤ ਦੀਆਂ 145 ਅਤੇ ਬਜਰੀ ਦੀਆਂ 18 ਖੱਡਾਂ ਦੀ ਖੁੱਲ੍ਹੀ ਬੋਲੀ ਹੋਵੇਗੀ। ਅਧਿਕਾਰੀਆਂ ਨੇ ਦੱਸਿਆ ਕਿ ਬੋਲੀ ਕੀਤੀਆਂ ਗਈਆਂ 34 ਖੱਡਾਂ ਅਜੇ ਕਾਰਜਸ਼ੀਲ ਹੋਣੀਆਂ ਹਨ। ਉਨ੍ਹਾਂ ਦੱਸਿਆ ਕਿ 10 ਫ਼ੀਸਦੀ ਖਣਨ ਉਤਪਾਦਨ ਵਧਣ ਨਾਲ ਕਮਾਈ 600-800 ਕਰੋੜ ਰੁਪਏ ਪਹੁੰਚ ਸਕਦੀ ਹੈ। ਮੁੱਖ ਮੰਤਰੀ ਨੇ ਬਜਰੀ ਦੀਆਂ ਹੋਰ ਖੱਡਾਂ ਦੀ ਸ਼ਨਾਖਤ ਕਰਨ ਦੀ ਜ਼ਰੂਰਤ 'ਤੇ ਵੀ ਜ਼ੋਰ ਦਿੱਤਾ ਤਾਂ ਜੋ ਮੰਗ ਅਤੇ ਸਪਲਾਈ ਦੇ ਪਾੜੇ ਨੂੰ ਪੂਰਿਆ ਜਾ ਸਕੇ। ਇਸ ਵੇਲੇ ਬਜਰੀ ਦੀ ਕੁਲ ਮੰਗ 2.4 ਕਰੋੜ ਟਨ ਹੈ ਜਿਸ ਵਿੱਚੋਂ ਸਿਰਫ਼ 16 ਫ਼ੀਸਦੀ ਹੀ ਸਰਕਾਰੀ ਸਪਲਾਈ ਨਾਲ ਪੂਰੀ ਕੀਤੀ ਜਾ ਰਹੀ ਹੈ। ਇਸੇ ਤਰ੍ਹਾ ਰੇਤ ਦੀ 1.6 ਕਰੋੜ ਟਨ ਦੀ ਮੰਗ ਵਿੱਚੋਂ 35 ਫ਼ੀਸਦੀ ਪੁਰ ਕੀਤੀ ਜਾ ਰਹੀ ਹੈ ਜਦਕਿ ਸੂਬੇ ਵਿੱਚ ਕੁੱਲ ਮੰਗ 4 ਕਰੋੜ ਟਨ ਹੈ।

## ਬਲਾਤਕਾਰਾਂ ਵਿਰੁੱਧ ਖਾਲਸਾ ਪੰਥ ਆਵਾਜ਼ ਬੁਲੰਦ ਕਰੇ

ਰੱਖਣ ਵਾਲੇ ਸਿੱਖ ਦਾ ਅੱਜ ਵੀ ਇਹੋ ਕਰਮ ਹੋਣਾ ਚਾਹੀਦਾ ਹੈ। ਸਰਕਾਰ ਦੀ ਮਦਦ ਨਾਲ ਸਾਲ 1984 ਤੋਂ 1994 ਤੱਕ ਹੋਏ ਜ਼ੁਲਮ ਸਾਨੂੰ ਯਾਦ ਹਨ ਅਤੇ ਸਦਾ ਰਹਿਣੇ ਚਾਹੀਦੇ ਹਨ। ਦਿੱਲੀ ਦੀ ਦਰਿੰਦਗੀ, ਗੁਰੂ-ਦਰਬਾਰ ਵਿੱਚ ਕੀਤੀਆਂ ਨੀਚ ਹਰਕਤਾਂ, ਪਟੌਦੀ ਦੇ ਚੁਰਸਤਿਆਂ ਦੀ ਗਾਥਾ ਸਭ ਯਾਦ ਹਨ। ਇਹ ਯਾਦ ਕਰਨ ਮਾਤਰ ਨਾਲ ਹੀ ਕਾਲਜੇ ਨੂੰ ਵਿੰਨ੍ਹ ਜਾਂਦੀਆਂ ਹਨ। ਇਹ ਰਿਸਦੇ ਜ਼ਖ਼ਮਾਂ ਦੀ ਕਸਕ ਹੈ ਜਿਸ ਨੂੰ ਅਕ੍ਰਿਤਘਣਤਾ ਨੇ ਹੋਰ ਦੁੱਖਦਾਈ ਬਣਾ ਦਿੱਤਾ ਹੈ। ਕਦੇ ਸਾਊਪਣੇ ਦੀ ਚਰਮ-ਸੀਮਾ ਨੂੰ ਛੂਹ ਕੇ ਅਸੀਂ ਵੀ ਇਸ ਦਾ ਬਦਲਾ ਲਵਾਂਗੇ।

ਪਰ ਓਦੋਂ ਤੱਕ ਅਸੀਂ ਹਰ ਹਾਲ ਗੁਰੂ ਗ੍ਰੰਥ ਦਾ, ਗੁਰੂ ਖ਼ਾਲਸੇ ਦਾ ਬਿਰਦ ਪਾਲਣਾ ਹੈ। ਸਾਡੀ ਦਸਤਾਰ ਸੰਸਾਰ ਦੀਆਂ ਅਬਲਾਵਾਂ ਦੀ ਸੁਰੱਖਿਆ-ਛੱਤਰੀ ਹੈ। ਸਾਡੇ ਲਈ ਕੋਈ ਬੇਗਾਨਾ ਨਹੀਂ। ਹਰ ਮਾਂ, ਭੈਣ, ਧੀ ਖ਼ਾਲਸੇ ਦੀ ਮਾਂ, ਭੈਣ, ਧੀ ਹੈ। ਜਗਤ-ਜਨਨੀ ਦਾ ਸਨਮਾਨ ਹਰ ਹੀਲੇ, ਹਰ ਹਾਲ ਕਾਇਮ ਰਹਿਣਾ ਚਾਹੀਦਾ ਹੈ। ਬਲਾਤਕਾਰੀ ਮਨਸੂਬੇ ਰੱਖਦੀ ਬਹੁਗਿਣਤੀ ਦੇ ਆਸਾ ਰਾਮਾਂ ਦੀਆਂ ਆਸ਼ਾਵਾਂ ਉੱਤੇ ਪਾਣੀ ਫਿਰਨਾ ਜ਼ਰੂਰੀ ਹੈ। ਪਰ ਤ੍ਰਿਅ ਰਾਵਣਿ ਜਾਹਿ ਸੇਈ ਤਾ ਲਾਜੀਅਜਿ ॥ (ਫੁਨਹੇ ਮ: 5) ਔਰਤ ਦਾ ਮਾਣ-ਸਨਮਾਨ ਬਹਾਲ ਕਰਨ ਦੇ ਮਹਾਂ-ਮੰਥਨ ਵਿੱਚ ਖਾਲਸੇ ਦਾ ਅਹਿਮ ਰੋਲ ਹੋਣਾ ਚਾਹੀਦਾ ਹੈ। ਅਸੀਂ ਹਰ ਹਾਲ ਮੂੰਹ ਗੁਰੂ ਵੱਲ, ਗੁਰ ਇਤਿਹਾਸ ਵੱਲ ਰੱਖਣਾ ਹੈ। ਸਾਢੇ ਪੰਜ ਸਦੀਆਂ ਦੀਆਂ ਘਾਲਣਾਵਾਂ ਸਾਡਾ ਮਾਰਗ ਦਰਸ਼ਨ ਕਰਨ, ਗੁਰ-ਆਸ਼ੇ ਅਨੁਸਾਰ ਸਾਡੀ ਇਹੋ ਅਰਦਾਸ ਹੈ:

ਵਾਹਣ ਸਿੰਗਾਰੇ ਰਹੈਂ ਬਾਜਤ ਨਗਾਰੇ ਰਹੈਂ,
ਲਾਗਤ ਦੀਵਾਨ ਰਹੈਂ, ਗਾਵਤੇ ਸੁਜਾਨ ਰਹੈਂ,
ਝੂਲਤੇ ਨਿਸ਼ਾਨ ਰਹੈ ਪੰਥ ਮਹਾਰਾਜ ਕੇ।

ਭਾਰਤੀ ਸੰਸਕ੍ਰਿਤੀ ਦੇ ਵੱਡੇ ਠੇਕੇਦਾਰ ਅੱਜ ਵਿੰਗੇ-ਟੇਢੇ ਤਰੀਕੇ ਨਾਲ ਔਰਤ-ਅਪਮਾਨ ਦੀਆਂ ਰੁਚੀਆਂ ਨੂੰ ਜਾਇਜ਼ ਦੱਸ ਰਹੇ ਹਨ। ਭਾਰਤ ਦੀ ਮੂਲ ਸੱਭਿਅਤਾ ਨੂੰ ਖ਼ਤਮ ਕਰਨ ਲਈ ਅਤੇ ਇਥੋਂ ਦੇ ਮੂਲ ਵਾਸੀਆਂ ਨੂੰ ਸਦਾ ਗ਼ੁਲਾਮ ਰੱਖਣ ਲਈ, ਜ਼ਬਰ ਦਾ ਦੌਰ ਸਦੀਆਂ ਚਲਦਾ ਰਿਹਾ। ਦਲਿਤ ਲੋਕਾਂ ਦੀ ਅਣਖ ਖ਼ਤਮ ਕਰਨ ਲਈ ਬਲਾਤਕਾਰ ਦਾ ਪ੍ਰਯੋਗ ਹੋਇਆ ਜੋ ਕਿ ਅੱਜ ਤੱਕ ਜਾਰੀ ਹੈ। ਨਾਗਾਲੈਂਡ, ਅਸਾਮ, ਮਨੀਪੁਰ, ਪੰਜਾਬ ਸਭ ਇਸ ਬਿਰਤੀ ਦਾ ਸੰਤਾਪ ਹੰਢਾ ਚੁੱਕੇ ਹਨ; ਕਸ਼ਮੀਰ ਅਤੇ ਝਾਰਖੰਡ ਅੱਜ ਵੀ ਹੰਢਾ ਰਹੇ ਹਨ। ਇੱਕ ਦਿਨ ਫਲਕ ਨੇ ਉਹ ਵੀ ਵੇਖਿਆ ਜਦੋਂ ਫ਼ੌਜੀ ਛਾਉਣੀ ਦੇ ਸਾਹਮਣੇ ਨਿਰਵਸਤਰ ਹੋਕੇ ਮਨੀਪੁਰ ਦੀਆਂ ਮਾਵਾਂ ਨੇ ਧੀਆਂ ਦੇ ਬਲਾਤਕਾਰ ਵਿਰੁੱਧ ਨਾਅਰੇ ਲਾਏ ਸਨ, 'ਭਾਰਤੀ ਫ਼ੌਜੀਓ ਸਾਡੇ ਨਾਲ ਬਲਾਤਕਾਰ ਕਰੋ'। 2004 ਦਾ ਇਹ ਦਿਨ ਕਾਇਆਨਾਤ ਦਾ ਸਭ ਤੋਂ ਕਾਲਾ ਦਿਨ ਸੀ। ਕਾਲਸ ਅੰਬਰ ਤੱਕ ਫੈਲ ਗਈ ਸੀ। ਪਸਾਰਿਆ ਹੱਥ ਨਜ਼ਰ ਨਹੀਂ ਸੀ ਆ ਰਿਹਾ। ਮਨੁੱਖਤਾ ਸ਼ਰਮਸਾਰ ਹੋਈ ਸੀ। ਸਾਊਪੁਣੇ ਦੀ ਕਮਰ ਟੁੱਟਣ ਦੀ ਹੱਦ ਤੱਕ ਝੁਕ ਗਈ ਸੀ। ਹੁਣ ਇਸ ਕੁਕਰਮ ਦੇ ਸਿਰਫ਼ ਸਮੀਕਰਨ ਬਦਲੇ ਹਨ।

ਅੱਜ ਧਨਾਢ ਸ਼੍ਰੇਣੀ, ਜੋ ਬਹੁਗਿਣਤੀ ਨੂੰ ਆਪਣੇ ਹਾਲ ਉੱਤੇ ਛੱਡ ਕੇ, ਆਪਣੇ ਨਵੇਂ ਆਏ ਧਨ ਨੂੰ ਮਾਣਨਾ ਚਾਹੁੰਦੀ ਹੈ, ਉਸੇ ਪੁਰਾਣੇ ਵਰਤਾਰੇ ਰਾਹੀਂ ਆਪਣੀ ਪ੍ਰਭੁੱਸੱਤਾ ਕਾਇਮ ਕਰਨ ਦੇ ਰਾਹ ਤੁਰ ਪਈ ਜਾਪਦੀ ਹੈ। ਖ਼ਾਲਸਾ ਸਿਧਾਂਤ ਸਾਰ ਰਾਜਸੀ ਸੱਤਾ ਸੱਚ ਦੇ ਅਧੀਨ ਸਰਬੱਤ ਦੇ ਭਲੇ ਲਈ ਵਰਤਣੀ ਜਾਇਜ਼ ਹੈ। ਇਸ ਦੀ ਦੁਰਵਰਤੋਂ ਕਰ ਕੇ ਖਾਸ ਵਰਗ ਦਾ ਦਬਦਬਾ ਕਾਇਮ ਕਰਨ ਦੀ ਪ੍ਰਵਿਰਤੀ ਨੂੰ ਠੱਲ੍ਹ ਪਾਉਣ ਲਈ ਖ਼ਾਲਸੇ ਦਾ ਬਾਕੀ ਪੀੜਤ ਲੋਕਾਂ ਨੂੰ ਨਾਲ ਲੈ ਕੇ ਜੱਦੋ-ਜਹਿਦ ਕਰਨਾ ਅੱਜ ਦੇ ਯੁੱਗ ਦਾ ਧਰਮ ਹੈ।

# RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

## ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ




## ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

**Satnam Singh Khalsa 510.706.1300**

info@sadelok.com

SUNPREME®
Premium Bifacial Thin Film Solar

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

KHALSA
INSURANCE AGENCY, INC.

Khalsa Insurance Agency is among TOP 50 agencies of Blue Cross in USA.




» GUARANTEED COVERAGE
» NO ANNUAL LIMITS, NO DENIAL FOR PRE-EXISTING CONDITIONS
» RATES NOT BASED ON HEALTH STATUS
» AFFORDABLE COVERAGE – PUBLIC OR PRIVATE
» REQUIRED FOR INDIVIDUALS

COVERED CALIFORNIA

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
Your destination for affordable health care

Call Now for the
Lowest Health Insurance
Premiums available
Some Households
qualify for
FREE HEALTHCARE

408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com


Canadian
Highest Grade Wheat
Say Bana
SHER
SHER
DURUM ATTA
DESI
STYLE
20 lb
9.07 kg
SHER ATTA GHAR LAAO
www.sherbrarmills.com